# ਇਕ ਦੁਨੀਆਂ ਦੇ ਤੇਰਾਂ ਸੁਪਨੇ

## ਗੁਰਬਖ਼ਸ਼ ਸਿੰਘ

ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ-6

ਗੁਰਬਖ਼ਸ਼ ਸਿੰਘ

---

# ਇਕ ਦੁਨੀਆ ਦੇ ਤੇਰਾਂ ਸੁਪਨੇ

ਪਹਿਲੀ ਵਾਰ : 1947
ਪੰਜਵੀਂ ਵਾਰ : 1981

ਮੁੱਲ Rs. 12/50

10385

ਪ੍ਰਕਾਸ਼ਕ :
ਨਵਯੁਗ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ
— 110006 —

ਛਾਪਕ :
ਪ੍ਰੀਤ ਲੜੀ ਪ੍ਰੈਸ,
ਪ੍ਰੀਤ ਨਗਰ (ਅੰਮ੍ਰਿਤਸਰ)
— 143110 —

# ਭੂਮਿਕਾ

ਇਹ ਤੇਰ੍ਹਾਂ ਨਵ-ਵਰਜ਼ ਸੁਨੇਹੇ ਮੇਰੇ ਹਾਦਸਿਆਂ ਭਰੇ ਮਾਰਗ ਉਤੇ ਤੇਰ੍ਹਾਂ ਪੜਾਅ ਹਨ।

ਮੇਰੇ ਪਾਠਕਾਂ 'ਚੋਂ ਕਿਸੇ ਕਿਸੇ ਨੇ ਮੈਨੂੰ ਲਿਖਿਆ ਹੈ, ਕਿ ਮੈਂ ਆਪਣਾ ਰਾਹ ਛੱਡ ਕੇ ਦੂਜੇ ਰਾਹ ਪੈ ਗਿਆ ਹਾਂ। ਕਈਆਂ ਨੂੰ ਇਹ ਨਵਾਂ ਰਾਹ ਚੰਗਾ ਨਹੀਂ ਲੱਗਾ, ਤੇ ਕਈਆਂ ਸਮਝਿਆ ਹੈ, ਇਹ ਪਹਿਲੋਂ ਗ਼ਲਤ ਸੀ ਤੇ ਹੁਣ ਠੀਕ ਹੈ।

ਕਈ ਸਵਾਲ ਕਰਦੇ ਹਨ ਕਿ ਕੀ ਮੈਂ ਉਹ ਮਨੋਰਥ ਪੂਰਾ ਕਰ ਰਿਹਾ ਹਾਂ, ਜਿਸ ਲਈ ਮੈਂ ਪਹਿਲਾ ਕਦਮ ਚੁੱਕਿਆ ਸੀ ?

ਕੁਝ ਇੱਕ ਗਿਲਾ ਕਰਦੇ ਹਨ, ਕਿ ਮੇਰਾ ਝੁਕਾਅ ਅੱਜਕੱਲ ਖ਼ਾਸ ਤੌਰ ਉਤੇ ਮੁਸਲਮਾਨਾਂ ਵਲ ਹੋ ਗਿਆ ਹੈ, ਤੇ ਉਹ ਮੈਨੂੰ ਪਾਕਿਸਤਾਨ ਦਾ ਹਿਮਾਇਤੀ ਖ਼ਿਆਲ ਕਰਦੇ ਹਨ। ਇਨ੍ਹਾਂ 'ਚੋਂ ਕਈ ਰੁੱਸ ਕੇ ਅਲਹਿਦਾ ਹੋ ਗਏ ਹਨ। ਉਹ ਮੈਨੂੰ ਮੁਆਫ਼ ਨਹੀਂ ਕਰ ਸਕਦੇ, ਜਦੋਂ ਮੈਂ ਮੁਸਲਮਾਨਾਂ ਨੂੰ ਹਿੰਦੁਸਤਾਨ ਦੀ ਆਜ਼ਾਦੀ ਵਿਚ ਰੋੜਾ ਮੰਨਣ ਦੀ ਥਾਂ ਹਿੰਦੂਆਂ ਨੂੰ ਉਲ੍ਹਾਮਾ ਦੇਂਦਾ ਹਾਂ ਕਿ ਉਹਨਾਂ ਮੁਸਲਮਾਨਾਂ ਨੂੰ ਆਪਣੇ ਨਾਲ ਇੱਕ–ਜਾਨ, ਇੱਕ-ਕੌਮ ਨਹੀਂ

ਰੱਖਿਆ ਤੇ ਸਾਰੇ ਹਿੰਦੁਸਤਾਨ ਲਈ ਘਰੋਗੀ ਦੁਸ਼ਮਣੀ ਦੀ ਆਫ਼ਤ ਪਾਲ ਲਈ ਹੈ।

ਹੋਰ ਕਈ ਨਾਰਾਜ਼ ਹਨ ਕਿ ਜਦ ਕਾਂਗਰਸ, ਮੁਸਲਿਮ ਲੀਗ, ਹਿੰਦੂ ਮਹਾਂਸਭਾ, ਅਕਾਲੀ, ਅੰਗਰੇਜ਼ੀ ਸਰਕਾਰ, ਸਾਰੇ ਮਜ਼੍ਹਬ ਤੇ ਸਾਰੇ ਪੁਰਾਣੇ ਭਾਈਚਾਰੇ — ਸਾਮਵਾਦੀਆਂ ਨੂੰ ਮੁਲਕ ਤੇ ਰੱਬ ਦੇ ਵੈਰੀ ਮੰਨਦੇ ਹਨ, ਤਾਂ ਮੈਂ ਕਿਉਂ ਸਾਮਵਾਦੀਆਂ ਨੂੰ ਦੁਨੀਆ ਦੀ ਅਹੁਰ ਦਾ ਇੱਕੋ ਇੱਕ ਇਲਾਜ ਦੱਸਦਾ ਹਾਂ, ਤੇ ਸਾਮਵਾਦੀਆਂ ਨੂੰ ਦੇਸ਼-ਨਿਕਾਲੇ ਦੀ ਥਾਂ ਸਹਾਇਤਾ ਦੇਂਦਾ ਹਾਂ।

ਕੁਝ ਪਾਠਕ ਮੇਰੀ ਲਾ-ਮਜ਼੍ਹਬੀਅਤ ਨੂੰ ਖਿਮਾਂ ਨਹੀਂ ਕਰ ਸਕਦੇ, ਤੇ ਕੁਝ ਹੋਰ ਲਿੰਗ ਸੰਬੰਧੀ ਮੇਰੇ ਖ਼ਿਆਲਾਂ ਨੂੰ ਅਖ਼ਲਾਕੀ ਤੌਰ ਉਤੇ ਖ਼ਤਰਨਾਕ ਆਖਦੇ ਹਨ।

ਪਰ ਸਾਰੇ ਦੇ ਸਾਰੇ ਇਹ ਕਹਿੰਦੇ ਹਨ ਕਿ ਸ਼ੁਰੂ ਸ਼ੁਰੂ ਵਿਚ ਮੈਂ ਇਹਨਾਂ ਨੁਕਸਾਂ ਤੋਂ ਬਰੀ ਸਾਂ, ਏਸੇ ਲਈ ਉਨ੍ਹਾਂ ਮੈਨੂੰ ਮਿਲਵਰਤਣ ਦਿੱਤੀ ਸੀ।

ਸੰਤੁਸ਼ਟ, ਕਦਰਦਾਨ ਤੇ ਦਿਲ ਦੇ ਸਕਣ ਵਾਲੇ ਹਜ਼ਾਰਾਂ ਪਾਠਕਾਂ ਦੀ

ਪ੍ਰਸੰਸਾ ਹੀ ਮੈਨੂੰ ਇਹੋ ਜਿਹੀਆਂ ਮੁਸ਼ਕਲ ਹਾਲਤਾਂ ਵਿਚ ਸਰਗਰਮ ਤੇ ਖ਼ੁਸ਼ਹਾਲ ਤੋਰੀ ਲਿਜਾ ਰਹੀ ਹੈ, ਜਿਨ੍ਹਾਂ ਵਿਚ ਸਰਕਾਰ, ਮਜ਼੍ਹਬ ਤੇ ਜਹਾਲਤ ਵਰਗੇ ਤਿੰਨ ਜਾਨੀ ਦੁਸ਼ਮਣ ਮੇਰਾ ਖੁਰਾ ਖੋਜ ਮਿਟਾਣ ਦਾ ਜਤਨ ਕਰਦੇ ਹੋਣ।

ਪਰ ਇਹਨਾਂ ਕਦਰਦਾਨਾਂ ਦੀ ਪ੍ਰਸੰਸਾ ਮੇਰੀ ਜ਼ਾਤੀ ਮਾਲਕੀ ਹੈ, ਉਹਦਾ ਵਿਖਾਲਾ ਮੈਂ ਪਾ ਨਹੀਂ ਸਕਦਾ। ਨਾਰਾਜ਼, ਅਸੰਤੁਸ਼ਟ ਪਾਠਕਾਂ ਦੇ ਗਿਲੇ ਦੀ, ਕਦਰਦਾਨਾਂ ਦੀ ਪ੍ਰਸੰਸਾ ਨਾਲੋਂ ਵੀ ਮੈਨੂੰ ਵਧੇਰੇ ਕਦਰ ਹੈ। ਏਸ ਲਈ ਜਿਹੜਾ ਜ਼ਿਕਰ ਉਪਰ ਮੈਂ ਉਨ੍ਹਾਂ ਦੀ ਸ਼ਿਕਾਇਤ ਤੇ ਨੁਕਤਾਚੀਨੀ ਦਾ ਕੀਤਾ ਹੈ, ਬੜੇ ਆਦਰ ਨਾਲ ਕੀਤਾ ਹੈ। ਤੇ ਖ਼ਾਸ ਕਰ ਉਨ੍ਹਾਂ ਦੀ ਪੜਚੋਲ ਲਈ ਇਹ ਤੇਰ੍ਹਾਂ ਸੁਨੇਹੇ ਕਿਤਾਬ ਦੀ ਸ਼ਕਲ ਵਿਚ ਪ੍ਰਕਾਸ਼ਿਤ ਕਰ ਰਿਹਾ ਹਾਂ। ਇਨ੍ਹਾਂ ਨੂੰ ਪੜ੍ਹ ਕੇ ਉਹ ਆਪ ਵੇਖ ਸਕਣਗੇ, ਕਿ ਮੈਂ ਕਿਥੋਂ ਤੁਰਿਆ, ਕਿਹੜੇ ਕਿਹੜੇ ਰਾਹ ਤੁਰ ਕੇ, ਕਿੰਨਾ ਕਿੰਨਾ ਪੈਂਡਾ ਸਾਲਾਨਾ ਤੈ ਕਰ 'ਕੇ, ਮੈਂ ਅੱਜ ਕਿੱਥੇ ਪੁੱਜਾ ਹਾਂ।

ਮੈਂ ਆਪ ਕੋਈ ਉੱਤਰ ਨਹੀਂ ਸਾਂ ਦੇਣਾ ਚਾਹੁੰਦਾ, ਕਿਉਂਕਿ ਇਹ

ਉਹ ਸਵਾਲ ਹਨ, ਜਿਨ੍ਹਾਂ ਦਾ ਉੱਤਰ ਸ਼ਖ਼ਸੀ ਤਅੱਸਬਾਂ ਤੋਂ ਸੁਤੰਤਰ ਰਹਿ ਕੇ ਦਿੱਤਾ ਨਹੀਂ ਜਾ ਸਕਦਾ। ਨਾ ਮੇਰਾ ਉੱਤਰ ਤਸੱਲੀ ਹੀ ਦੇ ਸਕਦਾ ਹੈ।

ਪਿਛਲੇ ਤੇਰ੍ਹਾਂ ਵਰ੍ਹਿਆਂ ਦੇ ਜੀਵਨ ਦਾ ਖ਼ੁਲਾਸਾ ਆਪਣੇ ਪਾਠਕਾਂ ਦੀ ਖੁੱਲ੍ਹੀ ਪੜਚੋਲ ਲਈ ਹਾਜ਼ਰ ਹੈ। ਮੇਰੇ ਪਾਠਕ ਆਪ ਵੇਖ ਕੇ ਫ਼ੈਸਲਾ ਦੇਣ ਕਿ ਕੀ ਕਦੇ ਮੁਸਲਮਾਨਾਂ ਬਾਰੇ ਮੇਰੇ ਖ਼ਿਆਲ ਅੱਜ ਨਾਲੋਂ ਵੱਖਰੇ ਸਨ ? ਕੀ ਸੋਵੀਅਤ ਦੇਸ ਦੇ ਨਵੇਂ ਸਮਾਜਿਕ ਤਜਰਬੇ ਦੀ ਪ੍ਰਸੰਸਾ ਤੇ ਸਾਂਝੀਵਾਲਤਾ ਦਾ ਮੇਰਾ ਇਸ਼ਕ ਨਵਾਂ ਹੈ ? ਕੀ ਲਿੰਗ ਬਾਰੇ ਮੇਰੇ ਖ਼ਿਆਲ ਪਹਿਲਾਂ ਨਾਲੋਂ ਵਧੇਰੇ ਖੁੱਲ੍ਹੇ ਹਨ ?

ਮੇਰੀ ਜੀਵਨ-ਜਾਚ ਸਾਰੀ ਪੂਰੀ ਗ਼ਲਤ ਹੋ ਸਕਦੀ ਹੈ, ਪਰ ਪਿਛਲੇ ਚੌਦਾਂ ਸਾਲਾਂ ਵਿਚ ਕੀ ਮੈਂ ਆਪਣੇ ਮਾਰਗ ਉਤੇ ਹਰ ਰੁਕਾਵਟ ਨੂੰ ਅਬੂਰ ਕਰਦਾ ਹੌਲੀ ਜਾਂ ਤਿੱਖਾ ਨਹੀਂ ਤੁਰਦਾ ਆਇਆ ?

ਅੱਜ ਫੇਰ ਮੈਂ ਸਖ਼ਤ ਇਮਤਿਹਾਨ ਵਿਚ ਹਾਂ। ਜਦੋਂ ਸਾਰੇ ਮੁਲਕ ਦਾ ਵਾਯੂ-ਮੰਡਲ ਨਫ਼ਰਤ ਤੇ ਵਖਰੇਵੇਂ ਨਾਲ ਗੱਜ ਗੜ੍ਹਕ ਰਿਹਾ ਹੈ, ਜਦੋਂ ਜ਼ਿੰਦਗੀ ਦੇ ਅਮਨ ਉਤੇ ਪਲ ਪਲ ਬਿਜਲੀਆਂ ਢਹਿ ਰਹੀਆਂ ਹਨ, ਓਦੋਂ

ਮੈਂ ਆਪਣਾ ਮੂਲ ਸੁਨੇਹਾ : "ਕਿਸੇ ਦਿਲ-ਸਾਂਝੇ ਦੀ ਧੜਕਣ ਤੇ ਕਿਸੇ ਪ੍ਰੀਤ-ਗੀਤ ਦੀ ਲੈਅ" — ਆਪਣੇ ਮਾਰਗ ਤੋਂ ਹਰ ਸਾਲ ਦੁਹਰਾਇਆ ਹੋਇਆ ਸੁਨੇਹਾ — ਆਪਣੇ ਸੁਹਿਰਦ ਪਾਠਕਾਂ ਦੇ ਵਿਚਾਰ ਤੇ ਅਮਲ ਲਈ ਭੇਟ ਕਰ ਰਿਹਾ ਹਾਂ। ਅੱਜ ਜਦੋਂ ਹਿੰਦੁਸਤਾਨ ਦੀ ਆਜ਼ਾਦੀ ਦੇ ਪਿਤਾ, ਮਹਾਤਮਾ ਗਾਂਧੀ ਦੀਆਂ ਪ੍ਰਾਰਥਨਾ ਇਕੱਤਰਤਾਵਾਂ ਏਸ ਲਈ ਟੁੱਟ ਰਹੀਆਂ ਹਨ ਕਿ ਹਿੰਦੂ ਹਸਬ-ਮਾਮੂਲ ਪੜ੍ਹੀਆਂ ਕੁਰਾਨ ਦੀਆਂ ਆਇਤਾਂ ਉਤੇ ਇਤਰਾਜ਼ ਕਰ ਰਹੇ ਹਨ। ਅੱਜ ਮੁਸਲਮਾਨ ਜ਼ਬਾਨ ਵਿਚ ਰੱਬ ਦਾ ਨਾਂ ਵੀ ਨਾ-ਮਨਜ਼ੂਰ ਕੀਤਾ ਗਿਆ ਹੈ। ਅੱਜ ਸਾਂਝ ਦਾ ਖ਼ਿਆਲ ਆਪਣਿਆਂ ਨਾਲ ਬੇ-ਵਫ਼ਾਈ ਖ਼ਿਆਲ ਕੀਤਾ ਜਾਂਦਾ ਹੈ। ਏਸ ਲਈ ਮੇਰੇ ਖ਼ਿਆਲ ਵਿਚ ਅੱਗੇ ਮੇਰਾ ਸੁਨੇਹਾ ਏਡਾ ਲੋੜੀਂਦਾ ਨਹੀਂ ਸੀ ਜਿੰਨਾ ਅੱਜ ਹੈ, ਕਿਉਂਕਿ ਅਸੀਂ ਸਮੇਂ ਦੇ ਉਸ ਭਾਗ ਵਿਚੋਂ ਲੰਘ ਰਹੇ ਹਾਂ ਜਿਸ ਵਿਚ ਸਿਰਫ਼ ਏਸੇ ਸੁਨੇਹੇ ਉਤੇ ਅਮਲ ਹੀ ਸਾਡੇ ਪ੍ਰੀਤ-ਕਾਫ਼ਲੇ ਨੂੰ ਸਾਬਤ ਰਖ ਸਕਦਾ ਹੈ, ਨਹੀਂ ਤਾਂ ਸਾਡੇ 'ਚੋਂ ਅਨੇਕਾਂ ਇਸ ਵਰ੍ਹੇ ਦੇ ਅੰਤ ਤੋਂ ਪਹਿਲਾਂ ਅੰਤ ਹੋ ਗਏ ਹੋਣਗੇ, ਤੇ ਜਿਸ ਲੜੀ ਦੀ ਤੰਦ ਤੰਦ ਜੋੜ ਕੇ ਪੱਕਿਆਂ ਕਰਨ ਦਾ

ਜਤਨ ਅਸਾਂ ਕੀਤਾ ਹੈ, ਉਹਦੀਆਂ ਕਈ ਤੰਦਾਂ ਨਵੇਂ ਵਰ੍ਹੇ ਤੋਂ ਪਹਿਲਾਂ ਟੁੱਟ ਚੁੱਕੀਆਂ ਹੋਣਗੀਆਂ ।

ਜ਼ਿੰਦਗੀ ਪਿਆਰ ਹੈ, ਸਾਂਝ ਹੈ, ਖਿਮਾ ਹੈ । ਮੈਂ ਜ਼ੋਰ ਨਾਲ ਆਖਦਾ ਹਾਂ — ਭਾਵੇਂ ਜ਼ਿੰਦਗੀ ਦਾ ਮੈਦਾਨ ਅੱਜ ਦੁਸ਼ਮਣੀ, ਬਦਲੇ ਤੇ ਨਫ਼ਰਤ ਕੋਲ ਹੈ, ਭਾਵੇਂ ਇਸ ਮੈਦਾਨ ਦੇ ਜਰਨੈਲ ਕੁਰਬਾਨੀ ਦੇ ਪੁਤਲੇ ਆਗੂ ਹੋਣ, ਮੈਂ ਆਖਾਂਗਾ, ਉਹ ਜਨਤਾ ਨੂੰ ਮੌਤ ਦੇ ਘਾਟ ਵਲ ਲੈ ਜਾ ਰਹੇ ਹਨ ।

ਦੁਸ਼ਮਣੀ, ਬਦਲਾ, ਨਫ਼ਰਤ — ਮੌਤ ਦੇ ਤਿੰਨ ਮੂੰਹ ਹਨ ।

ਪਾਠਕਾਂ ਦੀ ਰਾਇ ਦਾ ਕਦਰਦਾਨ

**ਗੁਰਬਖ਼ਸ਼ ਸਿੰਘ**

ਪ੍ਰੀਤ ਨਗਰ
4-4-47.

ਬਾਰ੍ਹਵੀਂ ਟੁਣਕਾਰ
13

ਆਸਾਂ ਦੇ ਖ਼ਜ਼ਾਨੇ ਨੂੰ ਅਸੀਸ
17

ਪਿਆਰ ਵਧਣ, ਨਫ਼ਰਤਾਂ ਘਟਣ
24

ਨਵੀਂ ਦ੍ਰਿਸ਼ਟੀ, ਨਵੇਂ ਪਿਆਰ, ਨਵੀਆਂ ਰੀਝਾਂ, ਨਵੇਂ ਖ਼ਿਆਲ
28

ਸਦਾ ਸ਼ੁਭ-ਇੱਛਕ ਬਣੋ
39

ਹਰੇਕ ਨੂੰ ਹੱਲਾਸ਼ੇਰੀ ਦਿਓ
47

ਉਚੇਰੀ ਹੋਣੀ ਦਾ ਆਦਰਸ਼
56

ਨਵੇਂ ਸਾਲ ਦੀ ਨਵੀਂ ਧੜਕਣ
71

ਸੂਰਜ ਦਾ ਸੁਪਨਾ
85

ਨਵ-ਸਾਲ ਨਹੀਂ, ਨਵ-ਯੁਗ
109

ਉਮਰ ਦੇ ਘਟਦੇ ਚੱਕਰ
121

ਨਵੇਂ ਵਰ੍ਹੇ ਨੂੰ ਤਿਆਰ ਹੋ ਕੇ ਮਿਲੀਏ
134

ਭਵਿਖ ਦੀ ਜੰਤਰੀ
146

1

# ਬਾਰ੍ਹਵੀਂ ਟੁਣਕਾਰ

ਮਹੀਨੇ ਬੀਤੇ, ਦਿਨ ਰਹਿ ਗਏ; — ਦਿਨ ਗਏ, ਘੜੀਆਂ ਗਿਣੀਆਂ ਜਾ ਰਹੀਆਂ ਹਨ; — ਇਹ ਵੀ ਪੁੱਗਣ ਆਈਆਂ। ਹੁਣ ਸਿਰਫ਼ ਘੜਿਆਲ ਦੀਆਂ ਬਾਰ੍ਹਾਂ ਟੁਣਕਾਰਾਂ ਦੀ ਕਸਰ ਬਾਕੀ ਹੈ।

ਸਾਰੇ ਸਧਰਾਂ ਵਾਲੇ ਮੁਲਕਾਂ ਵਿਚ ਇਹਨਾਂ ਬਾਰ੍ਹਾਂ ਟੁਣਕਾਰਾਂ ਨੂੰ ਜਾਗਦਿਆਂ ਸੁਣਨ ਦਾ ਰਿਵਾਜ ਹੈ। ਲੰਡਨ ਵਿਚ ਲੱਖਾਂ ਉਤਸ਼ਾਹੀ ਜੀਊੜੇ 31 ਦਸੰਬਰ ਦੀ ਰਾਤ ਨੂੰ ਬਾਰ੍ਹਾਂ ਵਜੇ, ਵੈਸਟ ਮਿਨਿਸਟਰ ਐਬੇ ਦੀ ਵੱਡੀ ਘੜੀ 'ਓਲਡ ਬੈਨ' ਨੂੰ ਪੁਰਾਣੇ ਸਾਲ ਦੀਆਂ ਅੰਤਮੀ ਘੜੀਆਂ ਗਿਣ ਗਿਣ ਕੇ ਵਜਾਂਦਿਆਂ ਸੁਣਦੇ ਹਨ, ਤੇ ਬਾਰ੍ਹਵੀਂ ਟੁਣਕਾਰ ਉਤੇ ਆਪਣੇ ਮਿੱਤਰ-ਪਿਆਰਿਆਂ ਨੂੰ "ਨਵਾਂ-ਸਾਲ-ਮੁਬਾਰਕ" ਆਖਦੇ ਹਨ। ਜਿਥੇ 'ਓਲਡ-ਬੈਨ' ਦੀ ਆਵਾਜ਼ ਨਹੀਂ ਅਪੜਦੀ, ਓਥੇ ਅੱਜ ਰੇਡੀਓ-ਸੈੱਟਾਂ ਦੁਆਲੇ ਝੁਰਮਟ ਲੱਗਾ ਹੁੰਦਾ ਹੈ।

ਏਸ ਬਾਰ੍ਹਵੀਂ ਟੁਣਕਾਰ ਵਿਚ ਉਮਰਾਂ ਦੇ ਸੰਸਕਾਰਾਂ ਨੇ ਇੱਕ ਅਜਬ ਜਾਦੂ ਭਰ ਦਿੱਤਾ ਹੈ ! ਕਰੋੜਾਂ ਨਵੇਂ ਇਰਾਦੇ, ਕਰੋੜਾਂ ਨਵੇਂ ਪ੍ਰਣ, ਇਹਦੀ ਘੰਟੀ 'ਚੋਂ ਟੁਣਕਦੇ ਹਨ। ਅਣਗਿਣਤ ਮੁਹੱਬਤਾਂ ਨਵੀਆਂ ਲੱਗੀਆਂ ਹਨ,

ਤੇ ਅਣਗਿਣਤ ਜੋੜ ਨਵੇਂ ਮਿਲਦੇ ਹਨ। ਜਵਾਨ ਹਿਰਦਿਆਂ 'ਚੋਂ ਰੀਝਾਂ ਡੁੱਲ੍ਹ...ਡੁੱਲ੍ਹ ਕੇ ਖਿਲਰਦੀਆਂ ਹਨ, ਮੂੰਹਾਂ 'ਚੋਂ ਮਿੱਠੇ ਬਚਨ ਧਾ ਧਾ ਕੇ ਨਿਕਲਦੇ ਹਨ। ਏਸ ਇੱਕ ਟੁਣਕਾਰ ਦੇ ਖੜਕਣ ਉਤੇ ਮਾਨੋ ਹਿਰਦੇ-ਸਾਗਰਾਂ ਵਿਚ ਪ੍ਰੀਤ-ਕਾਂਗਾਂ ਨੱਚ ਉੱਠਦੀਆਂ ਹਨ।

ਸਮੁੰਦਰ ਪਾਰਲੇ ਮਿੱਤਰਾਂ ਦੇ ਸੁਹਣੇ ਰਿਵਾਜ ਅਨੁਸਾਰ, ਅਸੀਂ ਵੀ ਆਪਣੇ ਹਾਜ਼ਰ ਪਿਆਰਿਆਂ ਵਿਚ ਬਹਿ ਕੇ ਦੁਰਾਡੇ ਪਿਆਰਿਆਂ ਨੂੰ ਯਾਦ ਕਰਦੇ ਹੋਏ, ਘੜਿਆਲੀ ਦੀਆਂ ਸੱਟਾਂ ਵਿਚੋਂ 'ਓਲਡ ਬੈਨ' ਦੀ ਟਣ ਟਣ ਸੁਣ ਰਹੇ ਹਾਂ।

ਇੱਕ, ਦੋ, ਤਿੰਨ, ਚਾਰ, ਪੰਜ...... ਦਸ, ਯਾਰਾਂ, ਬਾਰਾਂ। ਏਸ ਬਾਰ੍ਹਵੀਂ ਜਾਦੂ ਟੁਣਕਾਰ ਨੇ ਸਾਡੇ ਅੰਦਰੋਂ ਇਹ ਪ੍ਰਾਰਥਨਾ ਵਜਾ ਉਠਾਈ ਹੈ :

"ਓ ਨਵੇਂ ਸਾਲ! ਕੋਈ ਨਵੀਂ ਸਮਝ, ਕੋਈ ਨਵੀਂ ਪਰਖ ਸਾਡੇ ਵਿਚ ਜਗਾ ਦੇਹ ਖਾਂ! ਜਿਹੜੀਆਂ ਤਾਰਾਂ ਸਾਡੇ ਦਿਲਾਂ ਦੀਆਂ ਹਿੱਲਣ ਖੁਣੋ ਜੰਗਾਲੀਆਂ ਗਈਆਂ ਨੇ, ਉਨ੍ਹਾਂ ਨੂੰ ਖੁਰਚ ਕੇ ਕੋਈ ਨਵਾਂ ਤਰਾਨਾ ਕੰਬਾ ਦੇਹ ਖਾਂ! ਸਾਡੇ ਤਅਸਬਾਂ ਦੇ ਪਰਛਾਵਿਆਂ ਉਤੇ ਕਿਸੇ ਨਵੇਂ ਪ੍ਰੀਤ-ਸੂਰਜ ਦੀ ਕਿਰਨ ਸੁਟਾ ਦੇਹ ਅੜਿਆ! ਇਹਨਾਂ ਖਹਿ ਖਹਿ ਭਿੜਦੇ ਮਣਕਿਆ ਨੂੰ ਕਿਸੇ ਸਾਂਝੀ ਲੜੀ ਦੀ ਕੱਸ ਪੁਆ ਦੇ ਅੜਿਆ!"

ਤੇ ਇਹ ਵਲਵਲਾ ਕਿਤੋਂ ਅੰਦਰੋਂ ਉਭਰ ਕੇ ਬੁੱਲ੍ਹਾਂ ਥਾਣੀ ਖਿਲਰ ਪਿਆ ਹੈ :

"ਇਹ ਨਿੰਦਾ ਕਿਦ੍ਹੀ, ਉਹ ਵਿਪ੍ਰੀਤੀ ਕਾਹਨੂੰ? ਇਹ ਦੁਸ਼ਮਣ ਕਿਉਂ, ਓਹ ਸੱਜਣ ਕਾਹਨੂੰ? ਇਹ ਸਾਂਭ ਸੰਭਾਲਾ ਕਾਹਦੇ ਲਈ, ਇਹ ਰਾਖੀ ਤਾਲਾ ਕਿਦ੍ਹੇ ਕੋਲੋਂ? ਇਹ ਹਾਕਮ ਕੌਣ, ਉਹ ਮਹਿਕੂਮ ਕਿਹੜਾ? ਕਿਦ੍ਹਾ ਇਹ ਦੇਸ, ਉਹ ਪਰਦੇਸ ਕਿਸ ਦਾ? ਇਹ ਮੇਰਾ ਪੁੱਤਰ ਕਿਉਂ, ਉਹ ਯਤੀਮ ਕਿਵੇਂ? ਇਹ ਚੰਗਾ ਕਿਹੜਾ, ਉਹ ਮੰਦਾ ਕਿਸ ਗੱਲੇ? ਕਾਹਦਾ ਗਿਲਾ, ਉਲ੍ਹਾਮਾ ਕਿਹਨੂੰ?... ਸਭ ਐਵੇਂ, ਸਭ ਐਵੇਂ, ਫੋਕਟ, ਮੁੱਕੀਆਂ ਜਲ ਅੰਦਰ!..... ਕੁਝ ਨਹੀਂ ਫੜਿਆ ਜਾ ਸਕਦਾ, ਕੁਝ ਨਹੀਂ ਕਬਜ਼ੇ ਵਿਚ ਆ ਸਕਦਾ!...... ਕਿਸੇ ਚੀਜ਼ ਦਾ ਕੁਝ ਮੁੱਲ

ਨਹੀਂ, ਕਿਸੇ ਮਾਲਕੀ ਲਈ ਸਿਰ-ਖਪਾਈ ਦਾ ਕੁਝ ਫਲ ਨਹੀਂ !...... ਇਹ ਜੀਵਨ ਇੱਕ ਤਲਾਸ਼ ਹੈ ਢੂੰਡ ਹੈ ਪੂਰਨਤਾ ਦੀ, ਹੁਸਨ ਦੀ, ਸੱਚ ਦੀ !...... ਤੇ ਪ੍ਰੀਤ ਹੀ ਉਹ ਸ਼ਮਾ ਹੈ, ਜਿਦ੍ਹੀ ਰੌਸ਼ਨੀ ਨਾਲ ਮਨੁੱਖ ਵੈਰ, ਕ੍ਰੋਧ, ਹਉਮੈ, ਜ਼ੁਲਮ ਤੇ ਸੁਆਰਥ ਦੀਆਂ ਅੰਨ੍ਹੀਆਂ ਗਲੀਆਂ ਵਿਚ ਗੁਆਚ ਕੇ ਸਮਾਂ ਗੁਆਉਣ ਤੇ ਪੀੜਤ ਹੋਣ ਤੋਂ ਬਚ ਸਕਦਾ ਹੈ !"

ਅਸਾਂ, ਇਨ੍ਹਾਂ ਅੰਨੀਆਂ ਗਲੀਆਂ ਵਿਚ ਗੁਆਚ ਗੁਆਚ ਕੇ ਖੱਜਲ ਹੋ ਲਿਆ ਹੈ, ਟੱਕਰਾਂ ਦੇ ਪਾੜ ਅਜੇ ਸਾਡੇ ਮੱਥੇ ਤੋਂ ਮਿਲੇ ਨਹੀਂ ! ਪਰ ਜਿਦ੍ਹੇ ਕੋਲੋਂ ਅਸੀਂ ਜੀਅ ਚੁਰਾਂਦੇ ਸਾਂ, ਜਿਹਨੂੰ ਮੰਦਾ ਆਂਹਦੇ ਸਾਂ, ਜਿਹਨੂੰ ਨਿੰਦ ਨਿੰਦ ਕੇ ਆਪਾ ਉਚਾ ਬਣਾਂਦੇ ਸਾਂ ... ... ਉਹੀ ਆਪ ਸਾਡਾ ਮਹਿਬੂਬ ਨਿਕਲਿਆ।

ਹੁਣ ਏਸੇ ਲਈ ਅਸੀਂ ਚੁਤਰਫ਼ੀਂ ਅਦਬ ਨਾਲ ਅੱਖਾਂ ਚੁੱਕਦੇ ਹਾਂ, ਮਤੇ ਕਿਸੇ ਕੋਝ ਵਿਚ ਲੁਕੇ ਪ੍ਰੀਤਮ ਦਾ ਨਿਰਾਦਰ ਹੋ ਜਾਏ। ਹੁਣ ਏਸੇ ਲਈ ਅਸੀਂ ਗੱਲਾਂ ਮੂੰਹੋਂ ਸਾਂਭ ਸਾਂਭ ਕੇ ਕੱਢਦੇ ਹਾਂ, ਮੱਤੇ ਬੇ-ਪਛਾਣੇ ਦਿਲਰੁਬਾ ਅੰਦਰ ਸਾਡਾ ਆਪਣਾ ਦਿਲ ਹੀ ਦੁਖ ਜਾਏ ! ਹੁਣ ਤੇ, ਭੈਣੋ, ਵੀਰੋ, ਇਸ਼ਕ ਜਾਗੇ ਨਾ ਜਾਗੇ, ਹਰ ਸੂਰਤ ਤੋਂ ਘੋਲੀ ਜਾਣ ਦੀ ਵਾਦੀ ਸਿਖ ਰਹੇ ਹਾਂ, ਮਤੇ ਕਿਸੇ ਪਾਟੀ ਗੋਦੜੀ ਵਿਚ ਸਾਡਾ ਹੀ ਸ਼ਾਹ ਬਹਿਰਾਮ ਲੁਕਿਆ ਹੋਵੇ !

ਏਸ ਪਿਆਰ-ਲੋਚਦੀ ਅਵਸਥਾ ਵਿਚੋਂ ਮੈਂ ਐਸ ਵੇਲੇ ਸਾਰੀ ਮਨੁੱਖ-ਜਾਤੀ ਨੂੰ ਨਵੇਂ ਸਾਲ ਦੇ ਸੁੱਚੇ ਸੁਫ਼ੈਦ ਦਸਤਰਖ਼ਾਨ ਉਤੇ ਸੱਜਰੀਆਂ ਖ਼ੁਸ਼ੀਆਂ ਦੀ ਦਾਅਵਤ ਦੇਂਦਾ ਹਾਂ ! ਭੁਰ ਭੁਰ ਢਹਿੰਦੇ ਬਾਸੀ ਸੰਸਕਾਰਾਂ ਦੀ ਗੰਝਲੀ ਤਣੀ ਤੋੜ ਕੇ, ਨਵ-ਖਿੜੀਆਂ ਕਲੀਆਂ ਦੇ ਹਾਰ ਨਾਲ ਮਹਿਕਣ ਦੀ ਪ੍ਰੇਰਨਾ ਕਰਦਾ ਹਾਂ !

ਛੋਟੇ ਮੋਟੇ ਗੁੱਛਿਆਂ ਵਿਚ ਕਾਹਨੂੰ ਸੁੰਗੜੇ ਰਹੀਏ, ਕਾਹਨੂੰ ਸੁਗੰਧ-ਹੀਣ ਗੀਟਿਆਂ ਪੱਥਰਾਂ ਦੀ ਮਾਲਾ ਨਾਲ ਆਪਣੇ ਸੀਨੇ ਪਏ ਸੱਲੀਏ, ਜਦੋਂ ਰੱਬੀ ਲੜੀ ਵਿਚ ਪ੍ਰੋਤੇ ਜਾ ਕੇ ਕੁਦਰਤ ਦੇ ਤੌੜੇ, ਖਿਲਰਵੇਂ, ਪਲਮਦੇ ਹਾਰ ਦੀ ਸ਼ਾਨ ਦੇ ਸਾਂਝੀਵਾਲ ਬਣ ਸਕਦੇ ਹਾਂ !

ਸਭ ਪਾਸੀਂ ਬੰਦੇ ਨੇ ਬੰਦਾ-ਨਿਵਾਜ਼ ਨੂੰ ਕੰਡ ਦੇ ਰੱਖੀ ਦਿੱਸਦੀ ਹੈ। ਆਪਣਾ ਪਰਛਾਵਾਂ ਨਿਫ਼ਾਕ ਬਣ ਕੇ ਪੈ ਰਿਹਾ ਹੈ। ਅਜ਼ੀਜ਼ ਪਿਆਰੇ ਵਿਸਰ ਗਏ ਹਨ, ਸੁਆਰਥ ਨੇ ਸਭ ਨੂੰ ਘੇਰ ਲਿਆ ਹੈ। ਕੋਈ ਉਚ ਬਣਿਆ ਹੈ,

ਕਿਸੇ ਨੂੰ ਨੀਚ ਕਿਹਾ ਹੈ, ਇਨਸਾਫ਼ ਦੂਰ ਪ੍ਰੇ ਖੜਾ ਹੈ। ਨਿਰਧਨ ਨੂੰ ਪੈਰਾਂ ਤਲੇ ਤੇ ਧਨਵਾਨ ਦੇ ਪੈਰੀਂ ਸਭ ਦਾ ਸੀਸ ਪਿਆ ਹੈ।

"ਪਰ ਓ ਨਵੇਂ ਸਾਲ ! ਅੱਜ ਆਪਣੇ ਵਾਂਗ ਸਾਡੀ ਨਜ਼ਰ ਵੀ ਨਵੀਂ ਕਰ ਦੇਹ — ਅੱਖ ਸਿਰਜਣਹਾਰ ਵੱਲੇ ਭੁਆ ਦੇਹ ! ਨਾ ਕੋਈ ਅਮੀਰ ਰਹੇ, ਨਾ ਫ਼ਕੀਰ ਰਹੇ — ਅਪਵਿੱਤਰ ਪਵਿੱਤਰ ਇੱਕ ਹੋਵਣ, ਨਾ ਕੋਈ ਪੂਜ ਰਹੇ, ਨਾ ਕੋਈ ਹਕੀਰ ਰਹੇ ! ਨਿਫ਼ਾਕ ਦਾ ਸਾਇਆ ਦੂਰ ਹੋਵੇ, ਤੇ ਦਿਲਾਂ ਦਾ ਮਹਿਰਮ ਦਿੱਸ ਪਵੇ !!

[ 1934

## 2
# ਆਸਾਂ ਦੇ ਖ਼ਜ਼ਾਨੇ ਨੂੰ ਅਸੀਸ

ਨਵਾਂ ਸਾਲ ਨਵੇਂ ਦਿਲਾਂ ਵਿਚ ਨਵੀਆਂ ਰੀਝਾਂ ਪੈਦਾ ਕਰਦਾ ਹੈ। ਜਿਸ ਦਿਲ ਵਿਚ ਨਾ ਕਰੇ, ਉਹ ਸਮਝੋ ਪੁਰਾਣਾ ਹੋ ਗਿਆ ਹੈ, ਬੁੱਢਾ ਹੋ ਗਿਆ ਹੈ। ਜਵਾਨੀ ਜਾਂ ਬੁਢਾਪੇ ਦੀ ਹੱਦ ਹੀ ਨਵੀਆਂ ਰੀਝਾਂ ਉਪਰ ਹੈ।

ਮੇਰੇ ਦਿਲ ਦੀ ਹਰ ਨੁਕਰ 'ਚੋਂ ਐਸ ਵੇਲੇ ਇਹ ਪ੍ਰਾਰਥਨਾ ਉਠ ਰਹੀ ਹੈ, ਮੇਰੇ ਦੇਸ ਦੇ ਬਾਲਕਾਂ ਨੂੰ ਇਹੋ ਜਿਹੇ ਕਈ ਨਵੇਂ ਸਾਲ ਅਨੇਕਾਂ ਨਵੀਆਂ ਰੀਝਾਂ ਦੇਣ ਲਈ ਆਉਣ ਤੇ ਇਹਨਾਂ ਰੀਝਾਂ 'ਚੋਂ ਬਹੁਤੀਆਂ ਨੂੰ ਨੌਜਵਾਨ ਆਪਣੇ ਉਦਮ ਤੇ ਆਪਣੀ ਅਕਲ ਨਾਲ ਪੂਰਿਆਂ ਕਰ ਕੇ ਦੇਸ ਵਿਚ ਪ੍ਰਸੰਨਤਾ ਖਿਲਾਰਨ।

ਨੌਜਵਾਨੋ ! ਤੁਸੀਂ ਹੀ ਸਾਡਾ ਖ਼ਜ਼ਾਨਾ ਹੋ। ਕਿਸੇ ਬਾਗ਼ ਵਿਚ ਜਦੋਂ ਵੱਡੇ ਬ੍ਰਿਛਾਂ ਦਾ ਫਲ ਘਟਣ ਲੱਗ ਪੈਂਦਾ ਹੈ, ਤੇ ਓੜਕ ਉਹਨਾਂ ਦੀਆਂ ਟਹਿਣੀਆਂ ਸੁੱਕਣ ਲੱਗ ਪੈਂਦੀਆਂ ਹਨ, ਤਾਂ ਮਾਲੀ ਆਪਣੇ ਜ਼ਖ਼ੀਰੇ ਵਲ ਧਿਆਨ ਕਰ ਕੇ ਪ੍ਰਸੰਨ ਹੋ ਜਾਂਦਾ ਹੈ। ਕੋਈ ਮਾਲੀ ਆਪਣੇ ਜ਼ਖ਼ੀਰੇ ਵਲੋਂ ਬੇ-ਧਿਆਨ ਨਹੀਂ ਹੁੰਦਾ, ਕਿਉਂਕਿ ਉਹੀ ਉਹਦੀਆਂ ਆਸਾਂ ਦਾ ਖ਼ਜ਼ਾਨਾ ਹੁੰਦਾ ਹੈ।

ਮੈਂ ਵੇਖਦਾ ਹਾਂ, ਕਿਸੇ ਭੈੜੀ ਪੌਣ ਦੇ ਫਿਰ ਜਾਣ ਕਰਕੇ ਸਾਡੇ ਦੇਸ-ਬਾਗ਼ ਦੇ ਚੰਗੇ ਚੰਗੇ ਬੂਟੇ ਰੋਗੀ ਹੋ ਗਏ ਹਨ। ਕਈਆਂ ਦਾ ਫਲ ਘਟ ਗਿਆ ਹੈ, ਕਈਆਂ ਦਾ ਕੌੜਾ ਹੋ ਗਿਆ ਹੈ। ਕਈਆਂ ਨੂੰ ਫਲ ਲੱਗਣਾ ਬੰਦ ਹੋ ਗਿਆ ਹੈ, ਤੇ ਕਈਆਂ ਦੇ ਸਾਰੇ ਪੱਤੇ ਝੜ ਗਏ ਹਨ। ਸਾਡੇ ਬਾਗ਼ ਵਿਚ ਬੜੀ ਬੇ-ਰੌਣਕੀ ਦਿੱਸ ਰਹੀ ਹੈ। ਕੋਈ ਬੁਲਬੁਲਾਂ ਕੁਮਰੀਆਂ ਇਹਦੇ ਅੰਬਾਂ ਉਤੇ ਗੌਂਦੀਆਂ ਸੁਣਾਈ ਨਹੀਂ ਦੇਂਦੀਆਂ, ਕੋਈ ਕੁੜੀਆਂ ਇਹਦੇ ਟਹਿਣਾਂ ਵਿਚ ਪੀਂਘਾਂ ਨਹੀਂ ਝੂਟਦੀਆਂ। ਥੋੜਾ ਬਹੁਤ ਕਾਰ-ਵਿਹਾਰ ਜਿਹੜਾ ਦਿੱਸ ਰਿਹਾ ਹੈ; ਉਹ ਇਹੀ ਹੈ ਕਿ ਕਿਤੋਂ ਕੋਈ ਸੁੱਕੇ ਪੁੱਤੇ ਇਕੱਨੇ ਕਰ ਕੇ ਆਪਣੀ ਭੱਠੀ ਦਾ ਬਾਲਣ ਜਮ੍ਹਾ ਕਰ ਰਿਹਾ ਹੈ। ਕਿਤੇ ਕੋਈ ਅਧਮੋਏ ਬ੍ਰਿਛ ਆਪਣੇ ਕੋਠੇ ਛੱਤਣ ਲਈ ਵੱਢ ਰਿਹਾ ਹੈ। ਕਿਤੇ ਕੋਈ ਸਹਿਮੇ ਪੰਛੀਆਂ ਨੂੰ ਆਪਣੀ ਖ਼ੁਰਾਕ ਲਈ ਨਿਸ਼ਾਨਾ ਬਣਾ ਰਿਹਾ ਹੈ। ਜਾਂ ਕਿਤੇ ਇੱਕ ਮਾਲੀ ਦੂਜੇ ਮਾਲੀ ਨੂੰ ਤੁਹਮਤਾਂ ਲਾ ਰਿਹਾ ਹੈ — ਸਾਰੇ ਮਾਲੀ ਆਪਸ ਵਿਚ ਝਗੜ ਰਹੇ ਹਨ। ਕੋਈ ਕਹਿੰਦਾ ਹੈ, ਉਹਦੀ ਅਣ-ਗਹਿਲੀ ਨੇ ਬਾਗ਼ ਸੁਕਾ ਦਿੱਤਾ ਹੈ। ਬਾਗ਼ ਦੇ ਜਿਹੜੇ ਹਿੱਸੇਦਾਰ ਹਨ, ਉਹ ਵੀ ਕੁਝ ਇਹੋ ਜਿਹੇ ਨਿਰਾਸ ਹੋ ਗਏ ਹਨ, ਕਿ ਨਿਕੰਮੇ ਮਾਲੀਆਂ ਦੀ "ਤੂੰ-ਮੈਂ" ਵਿਚ ਸ਼ਾਮਲ ਹੋ ਕੇ ਸਮਾਂ ਗੁਆ ਰਹੇ ਹਨ। ਝੜੇ ਪੱਤਾਂ ਤੇ ਰੁੰਡ ਮੁੰਡ ਹੁੰਦੇ ਜਾਂਦੇ ਬ੍ਰਿਛਾਂ ਵਲ ਵੇਖ ਕੇ, ਪਏ ਰੋਂਦੇ ਤੇ ਝਗੜਦੇ ਹਨ। ਪਰ ਥੋੜੇ ਜਿਹੇ ਐਸੇ ਵੀ ਹਨ, ਜਿਹੜੇ ਪਨੀਰੀ ਵਲ ਤੱਕ ਰਹੇ ਹਨ। ਉਹਨਾਂ ਦੀਆਂ ਅੱਖਾਂ ਜ਼ਖ਼ੀਰੇ ਉਤੇ ਜੁੜੀਆਂ ਪਈਆਂ ਹਨ, ਉਹ ਏਸ ਜ਼ਖ਼ੀਰੇ ਨੂੰ ਹਰਾ ਭਰਾ ਰਖ ਕੇ ਮੁੜ ਆਪਣੇ ਬਾਗ਼ ਦੇ ਚੰਗੇ ਦਿਨਾਂ ਦੀ ਆਸ ਬਣ ਰਹੇ ਹਨ।

ਇਹ ਪਨੀਰੀ, ਇਹ ਜ਼ਖ਼ੀਰਾ, ਨੌਜਵਾਨੋ, ਤੁਸੀਂ ਹੋ! ਸਾਡੀਆਂ ਅੱਖਾਂ ਤੁਹਾਡੇ ਉਤੇ ਲੱਗੀਆਂ ਹਨ। ਤੁਸੀਂ ਤਕੜੇ ਬਣੋ, ਸੁਹਣੇ ਖ਼ਿਆਲਾਂ ਦੇ ਅਸਰ ਹੇਠ ਆਓ; ਉਦਮੀ, ਸਿਆਣੇ ਤੇ ਸਫਲ ਪੁਰਸ਼ ਬਣ ਕੇ ਦੇਸ ਦਾ ਦਲਿੱਦਰ ਧੋ ਕੱਢੋ। ਜਿਹੜੀ ਘਿਰਣਾ, ਵਿਪ੍ਰੀਤੀ, ਤੇ ਨਿਰਾਸਤਾ ਤੁਹਾਡੇ ਬਜ਼ੁਰਗਾਂ ਨੇ ਦੇਸ ਦੀਆਂ ਚੋਹਾਂ ਕੂਟਾਂ ਵਿਚ ਖਿਲਾਰ ਦਿੱਤੀ ਹੈ, ਉਹਨੂੰ ਤੁਸੀਂ ਆਪਣੀਆਂ ਸਜਰੀਆਂ ਪ੍ਰੀਤਾਂ ਤੇ ਨਵੀਆਂ ਯਾਰੀਆਂ ਨਾਲ ਬਾਹਰ ਧੱਕ ਕੱਢੋ। ਏਸ ਉਜੜੇ ਬਾਗ਼ ਨੂੰ ਫੇਰ ਹਰਾ ਭਰਾ ਕਰ ਦਿਓ।

ਨਵਾਂ ਸਾਲ ਤੇ ਨਵੀਂ ਰੁੱਤ ਦਿਲਾਂ ਵਿਚ ਨਵੀਆਂ ਉਮੈਦਾਂ ਪੈਦਾ ਕਰਦੇ ਹਨ। ਅੱਜ ਤੁਸੀਂ ਏਸ ਅਵਸਥਾ ਦਾ ਲਾਭ ਉਠਾਓ। ਚੰਗਿਆਂ ਹੋਣ ਦਾਂ ਪ੍ਰਣ

ਕਰੋ ਤੇ ਆਪਣੇ ਦੇਸ ਦੇ ਕਿਸੇ ਕੰਮ ਆਉਣ ਲਈ ਪ੍ਰਾਰਥਨਾ ਕਰੋ।

ਤੁਸੀਂ ਪੁਛੋਗੇ, ਚੰਗਿਆਂ ਕੀਕਰ ਬਣ ਸਕੀਦਾ ਹੈ ?

ਚੰਗੇ ਨੌਜਵਾਨ ਲਈ ਪਹਿਲੀ ਗੱਲ ਚੰਗੀ ਸਿਹਤ ਹੈ। ਚੰਗੀ ਸਿਹਤ ਦੇ ਦੋ ਗੁਣ ਹਨ — ਇੱਕ, ਆਪਣੇ ਆਪ ਨੂੰ ਸੁਖ; ਦੂਜਾ, ਦੂਜੇ ਦੀਆਂ ਨਜ਼ਰਾਂ ਵਿਚ ਸੁਹਣਾ ਲੱਗਣਾ। ਚੰਗੀ ਸਿਹਤ ਪ੍ਰਾਪਤ ਕਰਨ ਲਈ ਸਿਰਫ ਥੋੜੇ ਜਿਹੇ ਧਿਆਨ ਦੀ ਲੋੜ ਹੈ। ਖੇਡੋ, ਮੱਲੋ, ਵੇਲੇ ਸਿਰ ਸੌਂਵੋਂ, ਵੇਲੇ ਸਿਰ ਖਾਓ, ਦੋ ਘੰਟੇ ਰੋਜ਼ ਜ਼ਰੂਰ ਖੁੱਲ੍ਹੀ ਹਵਾ ਵਿਚ ਰਹੋ, — ਤੇ ਸਭ ਤੋਂ ਵਧ ਇਹ ਖ਼ਾਹਿਸ਼ ਦਿਲ ਵਿਚ ਰੱਖੋ ਕਿ ਸਿਹਤ ਚੰਗੀ ਰਖਣੀ ਹੈ।

ਸਿਹਤ ਦੇ ਬਾਅਦ, ਚੰਗੇ ਨੌਜਵਾਨ ਦੀ ਕਹਿਣੀ ਤੇ ਬਹਿਣੀ ਸਤਿਕਾਰ ਭਰਪੂਰ ਹੋਣੀ ਚਾਹੀਦੀ ਹੈ। ਆਪਣੇ ਅਧਿਆਪਕਾਂ ਨੂੰ ਕਦੇ ਮਖ਼ੌਲ ਨਾ ਕਰੋ। ਤੁਸੀਂ ਵੇਖ ਲਿਆ ਹੋਵੇਗਾ ਕਿ ਅਧਿਆਪਕਾਂ ਦੀ ਨਿੰਦਿਆ ਤੇ ਉਹਨਾਂ ਨੂੰ ਠੱਠਾ ਮਖ਼ੌਲ ਕਰਨ ਵਾਲੇ ਬਾਲਕ ਕਦੇ ਲਾਇਕ ਨਹੀਂ ਹੁੰਦੇ। ਪਿਛਲਿਆਂ ਬੰਚਾਂ ਉਤੇ ਬਹਿਣ ਵਾਲੇ ਨਕਾਰੇ ਹੀ ਹੁੰਦੇ ਹਨ। ਆਪਣੇ ਵਲੋਂ ਵੱਡੇ ਦਾ ਹਰ ਥਾਂ, ਹਰ ਹਾਲਤ ਵਿਚ ਅਦਬ ਕਰੋ। ਬਾਜ਼ਾਰ ਵਿਚ ਵੀ ਜੇ ਕੋਈ ਨਾ-ਵਾਕਫ਼ ਤੁਹਾਡੇ ਕੋਲੋਂ ਕੁਝ ਪੁੱਛੇ ਤਾਂ ਅਦਬ ਨਾਲ ਉੱਤਰ ਦੇਵੋ। ਸਿਵਾਏ ਆਪਣੇ ਹਾਣੀਆਂ ਦੇ ਕਦੇ ਕਿਸੇ ਨੂੰ 'ਤੂੰ' ਕਰ ਕੇ ਨਾ ਬੋਲੋ। ਇਹ ਤੇ ਹੋਈ ਸਤਿਕਾਰ ਭਰੀ ਕਹਿਣੀ, ਪਰ ਬਹਿਣੀ ਵਿਚ ਏਨੇ ਹੀ ਸਤਿਕਾਰ ਦੀ ਲੋੜ ਹੈ। ਅਦਬ ਨਾਲ ਅਡੋਲ ਖੜੋਣਾ ਜਾਂ ਬੈਠਣਾ, ਲੱਤਾਂ ਨਾ ਹਿਲਾਣੀਆਂ, ਹੱਥਾਂ ਨਾਲ ਖੜਾਕ ਨਾ ਕਰਨਾ, ਮੂੰਹ ਵਿਚ ਜਾਂ ਕੰਨ ਵਿਚ ਜਾਂ ਨੱਕ ਵਿਚ ਉਂਗਲਾਂ ਨਾ ਪਾਣੀਆਂ — ਇਹ ਚੰਗੀ ਬਹਿਣੀ ਦੀਆਂ ਲੋੜਾਂ ਹਨ। ਬਹਿਣ ਲੱਗਿਆਂ ਇਹ ਨਾ ਕਰੀਏ ਕਿ ਛੇਤੀ ਅਗਾਂਹ ਹੋ ਕੇ ਸਭ ਤੋਂ ਚੰਗੀ ਥਾਂ ਮੱਲ ਲਈਏ, ਜਾਂ ਚੀਜ਼ ਚੁੱਕਣ ਲੱਗਿਆਂ, ਕਾਹਲੀ ਨਾਲ ਹੋਰਨਾਂ ਦਾ ਧਿਆਨ ਨਾ ਕਰ ਕੇ ਸਭ ਤੋਂ ਚੰਗੀ ਚੀਜ਼ ਨੂੰ ਝਪਟਾ ਮਾਰ ਲਈਏ। ਚੰਗਾ ਹਿੱਸਾ ਖੋਹ ਲੈਣ ਨਾਲੋਂ ਚੰਗੀ ਸ਼ੁਹਰਤ ਹਜ਼ਾਰਾਂ ਦਰਜੇ ਚੰਗੀ ਹੈ।

ਇਹ ਤਿੰਨ ਗੁਣ — ਸਿਹਤ, ਸਫ਼ਾਈ, ਤੇ ਰਹਿਣੀ-ਬਹਿਣੀ — ਨੌਜਵਾਨ ਦਾ ਦ੍ਰਿਸ਼ ਚੰਗਾ ਕਰਦੇ ਹਨ। ਵੇਖਣ ਵਾਲੇ ਅੰਦਰ ਦਿਲਚਸਪੀ ਪੈਦਾ ਕਰਦੇ ਹਨ, ਤੇ ਪਹਿਲੀ ਸਿਫ਼ਾਰਸ਼ ਦਾ ਕੰਮ ਦੇਂਦੇ ਹਨ। ਪਰ ਸਫਲ ਆਦਮੀ ਬਣਨ ਲਈ ਹੋਰ ਸਿਫ਼ਤਾਂ ਦੀ ਵੀ ਲੋੜ ਹੈ। ਜੇ ਤੁਹਾਡੇ ਮਨ ਦੀਆਂ

10385

ਰੁਚੀਆਂ ਠੀਕ ਹਨ, ਤਾਂ ਆਪਣੇ ਆਪ ਤੁਹਾਨੂੰ ਇਹਨਾਂ ਸਿਫ਼ਤਾਂ ਦਾ ਪਤਾ ਲੱਗਦਾ ਜਾਏਗਾ। ਜਿਹੜੀਆਂ ਬਹੁਤ ਪ੍ਰਤੱਖ ਹਨ, ਇਹਨਾਂ ਦਾ ਥੋੜਾ ਜਿਹਾ ਜ਼ਿਕਰ ਕਰਦਾ ਹਾਂ।

ਪਹਿਲੀ ਸਭ ਤੋਂ ਵੱਡੀ ਸਿਫ਼ਤ 'ਸਚਿਆਈ' ਹੈ। ਜਿਦ੍ਹੇ ਵਿਚ ਇਹ ਨਹੀਂ, ਉਹ ਕਿਸੇ ਕੰਮ ਨਹੀਂ। ਸਿਵਾਏ ਨਿਰੋਲ ਸੱਚਿਆਈ ਦੇ, ਕੋਈ ਹੋਰ ਚੀਜ਼ ਐਸੀ ਨਹੀਂ ਜਿਹੜੀ ਦੁਨੀਆ ਵਿਚ ਤੁਹਾਡੀ ਇਜ਼ਤ ਤੇ ਅੰਤਹ-ਕਰਣ ਨੂੰ ਬੇਦਾਗ਼ ਰਖ ਸਕਦੀ ਹੋਵੇ। ਝੂਠ ਨਾਲੋਂ ਵਡੇਰਾ ਪਾਪ, ਵਡੇਰੀ ਕਮੀਨਗੀ, ਤੇ ਵਡੇਰੀ ਨਾਮਰਦੀ ਮੈਨੂੰ ਹੋਰ ਕੋਈ ਨਹੀਂ ਦਿੱਸਦੀ। ਤੁਹਾਨੂੰ ਚੁਤਰਫ਼ੀ ਲੋਕ ਆਖਣਗੇ, ਕਿ ਵਿਹਾਰ ਵਿਚ ਝੂਠ ਬੋਲ ਲਈਦਾ ਹੈ, ਧਰਮ ਦਾ ਪਰਚਾਰ ਕਰਨ ਲਈ ਝੂਠੀਆਂ ਗੱਲਾਂ ਆਖ ਲਈਦੀਆਂ ਹਨ, ਪਰ ਜੇ ਤੁਹਾਡਾ ਨਿਸ਼ਾਨਾ ਪੂਰਾ ਮਰਦ ਬਣਨ ਦਾ ਹੈ, ਤਾਂ ਝੂਠ ਬੋਲਣ ਵਾਲੇ ਠੇਕੇਦਾਰ, ਦੁਕਾਨਦਾਰ, ਵਕੀਲ, ਵਿਹਾਰੀ ਜਾਂ ਹੋਰ ਵੱਡੇ ਤੋਂ ਵੱਡੇ ਮੰਨੇ ਹੋਏ ਸਫਲ ਆਦਮੀ ਨੂੰ ਆਪਣਾ ਆਰਦਸ਼ ਨਾ ਬਣਾਨਾ। ਨਿੱਕੀਆਂ ਗੱਲਾਂ ਵਿਚ ਸੱਚ ਬੋਲਣ ਦੀ ਆਦਤ ਪਾਓ, ਵੱਡੀਆਂ ਵਿਚ ਆਪੇ ਪੈ ਜਾਏਗੀ। ਰਿਸ਼ਵਤ ਲੈਣ ਵਾਲੇ ਆਦਮੀ ਭਾਵੇਂ ਭਾਈਚਾਰੇ ਵਿਚ ਕੇਡੇ ਮੰਨੇ ਹੋਏ ਹੋਣ, ਕੇਡੇ ਧਰਮੀ ਕਰਮੀ ਹੋਣ, ਤੁਸੀਂ ਉਹਨਾਂ ਨੂੰ ਆਪਣੀ ਨਜ਼ਰ ਵਿਚ ਨਾ ਲਿਆਇਆ ਕਰੋ। ਗ਼ਰੀਬੀ ਕੋਈ ਕਮੀਨੀ ਅਵਸਥਾ ਨਹੀਂ, ਪਰ ਝੂਠ ਦੀ ਕਮਾਈ ਕਮੀਨੀ ਅਵਸਥਾ ਹੈ। ਦੁਨੀਆ ਦੀ ਅੱਧੀਓਂ ਬਹੁਤੀ ਤਕਲੀਫ਼ ਏਸ ਕਰਕੇ ਹੈ ਕਿ ਲੋਕ ਅੰਦਰੋਂ ਕੁਝ ਹਨ ਤੇ ਬਾਹਰੋਂ ਕੁਝ ਹੋਰ। ਇਹ ਝੂਠੀਆਂ ਤੁਹਮਤਾਂ ਲਾਂਦੇ ਹਨ, ਇਹ ਧੋਖੇ ਦੇ ਸਕਦੇ ਹਨ, ਝੂਠੀਆਂ ਗਵਾਹੀਆਂ ਭਰਦੇ ਹਨ, ਖੋਟਾ ਮਾਲ ਵੇਚਦੇ ਹਨ, ਖੋਟੇ ਸਿੱਕੇ ਨੂੰ ਸੁੱਚਾ ਦੱਸ ਕੇ ਚਲਾਂਦੇ ਹਨ। ਕਿਸੇ ਆਦਮੀ ਨੂੰ ਧਰਮੀ ਨਾ ਸਮਝੋ, ਜੇ ਉਹ ਝੂਠ ਬੋਲ ਸਕਦਾ ਹੈ। ਧਰਮ ਦਾ ਪਹਿਲਾ ਅੰਗ 'ਸਚਿਆਈ' ਹੈ, ਜਿਦ੍ਹੇ ਵਿਚ ਇਹ ਨਹੀਂ, ਉਹਦਾ ਸਭ ਦੂਜਾ ਅਡੰਬਰ ਪਾਖੰਡ ਹੈ।

ਸਫਲਤਾ ਲਈ ਦੂਜੀ ਸਿਫ਼ਤ 'ਵਕਤ ਦੀ ਕਦਰ' ਹੈ। ਜਿਹਨੂੰ ਵਕਤ ਦੀ ਕਦਰ ਹੈ, ਸਮਝੋ ਉਹਦੇ ਹਿਰਦੇ ਵਿਚ ਜ਼ਰੂਰ ਕੋਈ ਮਨੋਰਥ ਹੈ, ਤੇ ਜਿਸ ਨੇ ਜ਼ਿੰਦਗੀ ਵਿਚ ਕੋਈ ਚੰਗਾ ਮਨੋਰਥ ਨਹੀਂ ਬਣਾਇਆ, ਉਹ ਡਾਵਾਂ-ਡੋਲ ਹੈ, ਹਰ ਬੁਰਾਈ ਲਈ ਪ੍ਰੇਰਿਆ ਜਾ ਸਕਦਾ ਹੈ। ਕਦੇ ਵਕਤ

ਨਾ ਗੁਆਓ। ਖੇਡੋ ਵੀ, ਦੋਸਤਾਂ ਯਾਰਾਂ ਨਾਲ ਮਿਲ ਕੇ ਦਿਲ ਨੂੰ ਪਰਚਾਵੋ ਵੀ, ਪਰ ਵਕਤ ਦੀਆਂ ਘੜੀਆਂ ਨੂੰ ਐਉਂ ਸਮਝੋ ਜਿਵੇਂ ਸਾਡੀ 'ਹੋਣੀ' ਦੀਆਂ ਚਿੱਠੀਆਂ ਹਨ। ਜਿਹੜਾ ਕੋਈ ਚਿੱਠੀਆਂ ਬਿਨਾਂ ਖੋਲ੍ਹੇ ਹੀ ਅਗਾਂਹ ਲੰਘ ਜਾਣ ਦੇਂਦਾ ਹੈ, ਕੀ ਪਤਾ ਕੇਡੀ ਵੱਡੀ ਕਿਸਮਤ ਰਈ ਵਾਂਗੀ ਸੁੱਟ ਪਾਂਦਾ ਰਹਿੰਦਾ ਹੈ। ਕੋਈ ਘੜੀ ਐਵੇਂ ਨਾ ਜਾਣ ਦਿਓ। ਅਠਾਰਾਂ ਵਰ੍ਹੇ ਦੀ ਉਮਰ ਤਕ ਹੋਣੀ ਬੜੀਆਂ ਚਿੱਠੀਆਂ ਘੱਲਦੀ ਹੈ, ਫੇਰ ਥੋੜੀਆਂ ਕਰ ਦੇਂਦੀ ਹੈ, ਚਾਲ੍ਹੀ ਵਰ੍ਹੇ ਦੇ ਬਾਅਦ ਕਦੇ ਕਦੇ ਯਾਦ ਕਰਦੀ ਹੈ, ਤੇ ਜਿਹੜੇ ਆਦਮੀ ਪੰਜਾਹ ਵਰ੍ਹੇ ਤਕ ਲਾ-ਪਰਵਾਹੀ ਦਸਦੇ ਹਨ, ਉਹਨਾਂ ਨੂੰ ਫੇਰ ਸ਼ਾਇਦ ਹੀ ਕਦੇ ਹੋਣੀ ਯਾਦ ਕਰਦੀ ਹੈ। ਅਪੁੱਛੇ ਹੀ ਉਹ ਪਏ ਘਰੋ-ਘਰ ਫਿਰਦੇ ਹਨ। ਅਠਾਰਾਂ ਵਰ੍ਹੇ ਖ਼ੂਬ ਜਾਗ ਕੇ ਹੋਣੀ ਦੇ ਸੁਨੇਹੇ ਸੁਣੋ। ਹਰ ਘੜੀ ਇਕ ਸੁਨੇਹਾ ਲਿਆਉਂਦੀ ਹੈ।

'ਦ੍ਰਿੜ ਇਰਾਦਾ' ਸਫਲ ਜੀਵਨ ਦਾ ਵੱਡਾ ਅੰਗ ਹੈ। ਫਿਰਵੇਂ ਇਰਾਦੇ ਵਾਲੇ ਆਦਮੀ ਲਈ ਹਰੇਕ ਔਖਿਆਈ ਅਜਿੱਤ ਬਣ ਜਾਂਦੀ ਹੈ। ਕਿਸੇ ਵਿਸ਼ੇ ਉਤੇ ਉਹ ਮਨ ਟਿਕਾ ਕੇ ਇਕ ਘੰਟਾ ਧਿਆਨ ਨਹੀਂ ਦੇ ਸਕਦਾ। ਪਹਿਲੀਆਂ ਮੁਸ਼ਕਲਾਂ ਤੋਂ ਕਦੇ ਨਾ ਘਬਰਾਓ, ਆਪਣੇ ਵਿਸ਼ੇ ਦੀ ਚੰਗੀ ਤਰ੍ਹਾਂ ਪੜਤਾਲ ਕਰੋ, ਤਹਿ ਤਕ ਪਹੁੰਚੋ, ਦਮ ਨਾ ਹਾਰੋ — ਓੜਕ ਤੁਹਾਡਾ ਮਨੋਰਥ ਪੂਰਾ ਹੋਵੇਗਾ। ਆਪਣੇ ਲਫ਼ਜ਼ਾਂ ਦੇ ਵੀ ਪੱਕੇ ਰਹੋ। ਜੋ ਕਿਸੇ ਨਾਲ ਇਕਰਾਰ ਕਰੋ, ਉਹ ਪੂਰਾ ਕਰੋ; ਜਿਥੇ ਪਹੁੰਚਣਾ ਹੋਏ, ਵਕਤ ਸਿਰ ਪਹੁੰਚੋ। ਆਪਣੇ ਬਚਨ ਨੂੰ ਪੂਰਿਆਂ ਕਰਨ ਲਈ ਸਾਰਾ ਤਨ ਮਨ ਲਾ ਦਿਓ, ਤੇ ਫੇਰ ਵੀ ਕਸਰ ਰਹਿ ਜਾਏ ਤਾਂ ਸਾਰਾ ਮਾਮਲਾ ਉਹਦੇ ਅਗੇ ਰਖ ਦਿਓ ਜਿਦ੍ਹੇ ਨਾਲ ਤੁਸਾਂ ਇਕਰਾਰ ਕੀਤਾ ਸੀ।

ਮੋਟੀਆਂ ਮੋਟੀਆਂ ਸਿਫ਼ਤਾਂ ਮੈਂ ਦੱਸ ਦਿੱਤੀਆਂ ਹਨ। ਪਰ ਇਹਨਾਂ ਸਭਨਾਂ ਦਾ ਠੀਕ ਮੁੱਲ ਦੁਆਣ ਵਾਲੀ ਸਿਫ਼ਤ ਇਹ ਗਿਆਨ ਹੈ, ਕਿ ਜ਼ਿੰਦਗੀ ਦੇ ਜੀਉਣ ਵਿਚ ਕੋਈ ਸੁਆਦ ਨਹੀਂ ਜੇ ਇਹ ਨਿਰੋਲ ਆਪਣੇ ਲਈ ਹੀ ਜੀਵੀ ਜਾਵੇ। ਜ਼ਿੰਦਗੀ ਦੇ ਸੁਆਦਾਂ ਦਾ ਪਤਾ ਉਹਨੂੰ ਹੀ ਲੱਗ ਸਕਦਾ ਹੈ, ਜਿਸ ਨੇ ਇਹ ਪਤਾ ਕਰ ਲਿਆ ਹੈ ਕਿ '**ਜ਼ਿੰਦਗੀ ਦੇਣ ਲਈ ਹੈ, ਲੈਣ ਲਈ ਨਹੀਂ**।'' ਜੇ ਤੁਸੀਂ ਏਸ ਅਸੂਲ ਦੇ ਅਧੀਨ ਆਪਣਾ ਪ੍ਰੋਗਰਾਮ ਬਣਾਉਗੇ, ਤਾਂ ਬੜੀ ਪ੍ਰਸੰਨਤਾ ਪ੍ਰਾਪਤ ਕਰ ਸਕੋਗੇ। ਇਹ ਅਸੰਭਵ ਹੋ

ਜਾਏਗਾ, ਕਿ ਤੁਸੀਂ ਕਿਸੇ ਦਾ ਦਿਲ ਦੁਖਾ ਸਕੋ, ਦੁਨੀਆ ਦੀ ਕੁੜਿੱਤਣ ਵਧਾ ਸਕੋ । ਤੁਹਾਡੇ ਅੰਦਰ ਕਿਸੇ ਦੇ ਕੰਮ ਆਉਣ ਦਾ ਚਾਅ ਪੈਦਾ ਹੋ ਜਾਏਗਾ । ਤੇ ਜੇ ਬਹੁਤੇ ਆਦਮੀ ਏਸ ਚਾਅ ਨਾਲ ਭਰ ਜਾਣ ਤਾਂ ਸੰਸਾਰ ਸੁਖ ਦੀ ਥਾਂ ਬਣ ਜਾਏਗਾ, ਜਿਥੇ ਅੱਜ ਹਰ ਕੋਈ ਇਹਨੂੰ ਕੰਡਿਆਂ ਖਿਲਰੀ ਧਰਤੀ ਸਮਝਦਾ ਹੈ । ਸਾਡੇ ਫ਼ਲਸਫ਼ਦਾਨ ਤੇ ਗਿਆਨੀ ਵੇਖ-ਵਾਖ ਕੇ ਇਹ ਫ਼ੈਸਲਾ ਸੁਣਾਂਦੇ ਹਨ ਕਿ ਸੰਸਾਰ ਦੁਖ ਦੀ ਨਗਰੀ ਹੈ, ਤੇ ਇਹਨੂੰ ਛੱਡਿਆਂ ਹੀ ਦੁਖ ਦੂਰ ਹੋ ਸਕਦਾ ਹੈ । ਪਰ ਮੈਨੂੰ ਇਹ ਸੰਸਾਰ ਦੁਖ ਦੀ ਨਗਰੀ ਨਹੀਂ ਜੇ ਜਾਪਿਆ, ਮੈਂ ਇਹਦੇ ਦੁਖਾਂ ਤੋਂ ਕਦੀ ਮੁਕਤੀ ਨਹੀਂ ਮੰਗੀ । ਮੈਂ ਖ਼ੁਸ਼ ਹਾਂ ਕਿ ਏਥੇ ਆਇਆ ਸਾਂ, ਇਥੋਂ ਤੁਰ ਜਾਣਾ ਵੀ ਬੜਾ ਜ਼ਰੂਰੀ ਸਮਝਦਾ ਹਾਂ । ਕਿਉਂਕਿ ਜਦੋਂ ਤੁਸੀਂ ਵੱਡੇ ਹੋ ਜਾਓਗੇ, ਇਹ ਗੱਦੀ ਤੁਹਾਡਾ ਹੱਕ ਹੈ — ਖ਼ੂਬ ਸੁਹਣੇ ਬਣ ਕੇ ਆਪਣਾ ਵਿਰਸਾ ਸੰਭਾਲੋ ਤੇ ਖ਼ਰਚ ਕਰੋ ।

ਧਰਮ ਸੰਬੰਧੀ ਮੈਨੂੰ ਕੋਈ ਉਚੇਚਾ ਪਤਾ ਨਹੀ । ਉਪਰਲੀਆਂ ਗੱਲਾਂ ਹੀ ਮੈਨੂੰ ਧਰਮ ਦਿਸਦੀਆਂ ਰਹੀਆਂ ਹਨ । ਤੇ ਮੈਂ ਵੇਖਿਆ ਹੈ, ਉਪਰਲੀਆਂ ਗੱਲਾਂ ਦਾ ਪਾਲਣ ਕਰਨ ਨਾਲ ਅਗੇਰੇ ਜਾ ਕੇ ਮਨੁੱਖ ਦੀ ਆਤਮਾ ਵਿਚ ਇਕ ਚਾਨਣ ਪ੍ਰਕਾਸ਼ ਹੁੰਦਾ ਹੈ । ਏਸ ਚਾਨਣ ਨੂੰ ਮੈਂ ਰੱਬ ਸਮਝਿਆ ਹੈ, ਕਿਉਂਕਿ ਏਸ ਚਾਨਣ ਵਿਚ ਸੁਆਰਥ ਦਿਸਣੋ ਹਟ ਜਾਂਦਾ ਹੈ, ਮਨੁੱਖ ਚੰਗੇ ਚੰਗੇ ਲੱਗਣ ਲੱਗ ਪੈਂਦੇ ਹਨ, ਮੌਤ ਦਾ ਡਰ ਜਾਂਦਾ ਰਹਿੰਦਾ ਹੈ, ਜ਼ਿੰਦਗੀ ਦੀ ਚਿੰਤਾ ਮੁੱਕ ਜਾਂਦੀ ਹੈ ।

ਜੇ ਧਰਮ ਏਦੂੰ ਛੁਟ ਕੋਈ ਹੋਰ ਚੀਜ਼ ਹੈ ਤਾਂ ਉਹ ਮੈਨੂੰ ਪਤਾ ਨਹੀਂ, ਤੁਸਾਂ ਆਪਣੇ ਸਿਆਣੇ ਮਾਤਾ ਪਿਤਾ ਕੋਲੋਂ ਪੁਛ ਲੈਣਾ, ਤੇ ਕਸਰ ਪੂਰੀ ਕਰ ਲੈਣੀ ।

ਅੰਤ ਵਿਚ, ਬੜੇ ਪਿਆਰ ਨਾਲ ਤੁਹਾਡੇ ਸੁਖ ਤੇ ਤੁਹਾਡੀ ਸਫਲਤਾ ਲਈ ਅਸੀਸ ਦੇਂਦਾ ਹੋਇਆ, ਮੈਂ ਇਕ ਪਿਓ ਦੇ ਖ਼ਤ ਵਿਚੋਂ ਦੋ ਚਾਰ ਸਤਰਾਂ ਤੁਹਾਡੇ ਲਈ ਨਕਲ ਕਰਦਾ ਹਾਂ, ਜਿਹੜਾ ਖ਼ਤ ਏਸ ਪਿਓ ਨੇ ਆਪਣੇ ਨੌਂ ਵਰ੍ਹਿਆਂ ਦੇ ਪੁੱਤਰ ਵਲ ਲਿਖਿਆ ਸੀ ।

"ਹਜ਼ਾਰਾਂ ਛੋਟੀਆਂ ਛੋਟੀਆਂ ਗੱਲਾਂ ਹੈਨ, ਜਿਹੜੀਆਂ ਮੈਂ ਵੱਖੋ ਵੱਖ ਨਹੀਂ ਲਿਖ ਸਕਦਾ, ਪਰ ਜਿਹੜੀਆਂ ਰਲ ਕੇ ਸੁਹਣੀ ਸ਼ਖ਼ਸੀਅਤ ਬਣਾਂਦੀਆਂ ਹਨ । ਉਹ ਸ਼ਖ਼ਸੀਅਤ ਜਿਹੜੀ ਸਦਾ ਵੇਖਣ ਵਾਲੇ ਨੂੰ ਖ਼ੁਸ਼

ਕਰਦੀ ਹੈ ।

"ਚੰਗਾ ਸਰੀਰ, ਸਾਊ ਹਰਕਤਾਂ, ਫੱਬਦਾ ਪਹਿਰਾਵਾ, ਸੁਰੀਲੀ ਆਵਾਜ਼, ਮੁਖ ਮੰਡਲ ਵਿਚ ਕੁਝ ਖੁੱਲ੍ਹਾ ਤੇ ਪ੍ਰਸੰਨ ਪ੍ਰਭਾਵ, ਖੁੱਲ੍ਹਾ ਬੋਲਣ ਦਾ ਢੰਗ; — ਇਹ ਸਿਫ਼ਤਾਂ ਤੇ ਕਈ ਹੋਰ, ਉਸ ਬਣਤਰ ਦੇ ਅੰਸ਼ ਹਨ ਜਿਸ ਨੂੰ ਵੇਖ ਕੇ ਸਾਰੇ ਖ਼ੁਸ਼ੀ ਮਹਿਸੂਸ ਕਰਦੇ ਹਨ, ਪਰ ਦੱਸ ਨਹੀਂ ਸਕਦੇ। ਏਸ ਲਈ ਗਹੁ ਨਾਲ ਲੋਕਾਂ ਨੂੰ ਤੱਕੋ, ਤੇ ਜੋ ਕੁਝ ਉਹਨਾਂ ਵਿਚੋਂ ਤੁਹਾਨੂੰ ਮਾੜਾ ਲੱਗਦਾ ਹੈ, ਉਹ ਕਦੇ ਨਾ ਕਰੋ, ਤੇ ਜੋ ਚੰਗਾ ਲੱਗਦਾ ਹੈ, ਉਹ ਕਰਨਾ ਸਿਖੋ । ਥੋੜੇ ਵਰ੍ਹਿਆਂ ਵਿਚ ਤੁਸੀਂ ਇਕ ਬੜਾ ਸੁਹਣਾ ਆਦਮੀ ਆਖੇ ਜਾਣ ਲੱਗ ਪਵੋਗੇ, ਜਿਹਨੂੰ ਹਰ ਕੋਈ ਆਪਣੇ ਘਰ ਬੁਲਾਣਾ ਚਾਹੁੰਦਾ ਹੈ, ਤੇ ਜਿਹਨੂੰ ਮਿਲ ਕੇ ਹਰ ਕੋਈ ਖਿੜ ਜਾਂਦਾ ਹੈ ।"

[ 1936

3

# ਪਿਆਰ ਵਧਣ, ਨਫ਼ਰਤਾਂ ਘਟਣ

ਨਵਾਂ ਵਰਸ਼ ਚੜ੍ਹਿਆ ਹੈ, ਸ਼ੁਭ-ਇਛਾਵਾਂ ਦੇ ਵਟਾਂਦਰੇ ਨਾਲ ਦਿਲ ਤਕੜੇ ਹੁੰਦੇ ਤੇ ਉਤਸ਼ਾਹ ਵਧਦੇ ਹਨ । ਮੈਂ ਦਿਲੀ ਪਿਆਰ ਨਾਲ ਆਪਣੇ ·ਪਾਠਕਾਂ ਨੂੰ ਸ਼ੁਭ-ਇਛਾਵਾਂ ਭੇਜਦਾ ਹਾਂ, ਤੇ ਉਹਨਾਂ ਦੀਆਂ ਮੰਗਦਾ ਹਾਂ ।

ਨਵਾਂ ਸਾਲ ਮੇਰੇ ਪਾਠਕਾਂ ਨੂੰ ਸੁਖਾਵਾਂ ਹੋਵੇ । ਪਿਆਰ ਵਧਣ, ਨਫ਼ਰਤਾਂ ਘਟਣ, ਤਾਕਤ ਤੇ ਖ਼ੁਦ-ਮੁਖ਼ਤਾਰੀ ਦੀ ਕਦਰ ਆਵੇ, ਬੇ·ਬਸੀ ਤੇ ਬੇ-ਚਾਰਗੀ ਦੇ ਫ਼ਲਸਫ਼ਿਆਂ ਦੀ ਨਿਰਮੂਲਤਾ ਉਹਨਾਂ ਉਤੇ ਪ੍ਰਗਟ ਹੋਵੇ ।

ਸਮਾਂ ਸਦੀਵਤਾ ਦੀ ਹੱਦ ਉਤੇ ਇਕ ਭੌਣੀ ਦੀ ਤਰ੍ਹਾਂ ਹੈ । ਏਸ ਭੌਣੀ ਦੇ ਬੇ-ਸ਼ੁਮਾਰ ਡੰਡੇ ਹਨ । ਇਕ ਪਲ ਲਈ ਇਕ ਡੰਡੇ ਉਤੇ ਮਨੁੱਖ ਦੇ ਪੈਰ ਖੜੋਂਦੇ ਹਨ, ਦੂਜੇ ਪਲ ਉਹ ਡੰਡਾ ਹੇਠੋਂ ਨਿਕਲ ਜਾਂਦਾ ਤੇ ਦੂਜਾ ਆ ਜਾਂਦਾ ਹੈ । ਇਹ ਭੌਣੀ ਇੱਕੋ ਪਾਸੇ ਫਿਰਦੀ ਹੈ — ਪਿਛਾਂਹ ਨੂੰ । ਮਨੁੱਖ ਦਾ ਮੂੰਹ ਅਗਾਂਹ ਨੂੰ ਹੈ । ਜੋ ਡੰਡਾ ਭੌਂ ਗਿਆ, ਉਹ ਪੈਰਾਂ ਹੇਠੋਂ ਗਿਆ; ਉਹਦੇ ਵੱਲ ਭੁੰਵਿਆਂ ਨਹੀਂ ਜਾ ਸਕਦਾ । ਪਲੋ-ਪਲ ਮਨੁੱਖ ਦਾ ਜੀਵਨ ਨਵਾਂ ਹੁੰਦਾ ਜਾਂਦਾ ਹੈ, ਦੋ ਪਲ ਇਕੱਠੇ ਨਹੀਂ ਮਿਲ ਸਕਦੇ । ਬੀਤੇ ਪਲ ਉਤੇ

ਜੋ ਲਿਖਿਆ ਗਿਆ, ਉਹ ਲਿਖਿਆ ਰਹੇਗਾ, ਜੋ ਖ਼ਾਲੀ ਲੰਘ ਗਿਆ, ਉਹ ਭਰਿਆ ਨਹੀਂ ਜਾ ਸਕੇਗਾ।

ਪਰ ਪਲ ਸਮੇਂ ਦਾ ਬਹੁਤ ਨਿੱਕਾ ਜਿਹਾ ਟੋਟਾ ਹੈ। ਇਹਨੂੰ ਜੀਵਨ-ਗਿਣਤੀ ਦਾ ਅੰਕ ਨਹੀਂ ਬਣਾਇਆ ਜਾ ਸਕਦਾ। ਕਈ ਸਿਆਣੇ ਦਿਨ ਨੂੰ ਅੰਕ ਬਣਾਂਦੇ ਹਨ, ਤੇ ਦਿਨ-ਬ-ਦਿਨ ਆਪਣੀ ਉਮਰ ਤੇ ਅਮਲਾਂ ਦਾ ਹਿਸਾਬ ਰਖਦੇ ਹਨ। ਬੀਤਦੇ ਨੂੰ ਅਕਲ ਨਾਲ ਭਰਦੇ ਤੇ ਆਉਂਦੇ ਨੂੰ ਆਸਾਂ ਨਾਲ ਵੇਖਦੇ ਹਨ। ਪਰ ਇਹ ਅੰਕ ਵੀ ਸਾਂਝੇ ਸ਼ੁਮਾਰ ਲਈ ਛੋਟਾ ਸਮਝਿਆ ਗਿਆ ਹੈ, ਤੇ ਵਰਸ਼ ਨੂੰ ਉਮਰ ਦਾ ਅੰਕ ਬਣਾਇਆ ਗਿਆ ਹੈ। ਵਰ੍ਹੇ ਬਾਅਦ ਹੀ ਵਪਾਰਕ ਹਿਸਾਬ ਨਵੇਂ ਕੀਤੇ ਜਾਂਦੇ ਹਨ, ਤੇ ਵਰ੍ਹੇ ਬਾਅਦ ਹੀ ਰੁੱਤਾਂ ਬਦਲਦੀਆਂ ਹਨ।

ਏਸ ਵਰ੍ਹੇ ਵਿਚ ਮੇਰੇ ਪਾਠਕਾਂ ਦਾ ਗਿਆਨ ਵਧੇ, ਸਿਹਤ ਚੰਗੀ ਹੋਵੇ, ਸਫਲਤਾ ਤੇ ਸੁਖ ਮਿਲਣ ; ਭਰਮ ਘਟਣ, ਸਹਿਮ ਹਟਣ, ਪਰਾਧੀਨਤਾ ਦੂਰ ਹੋਵੇ। ਸੁਤੰਤ੍ਰਤਾ ਹੀ ਅਸਲੀ ਮਨ ਦਾ ਅਮਨ ਹੈ। ਸੁਤੰਤ੍ਰਤਾ ਬਿਨਾਂ ਧਨ ਰੁਤਬੇ ਨਕਾਰੇ ਹਨ। ਨਿਰੀ ਰਾਜਸੀ ਸੁਤੰਤ੍ਰਤਾ ਹੀ ਨਹੀਂ, ਦਿਮਾਗੀ ਤੇ ਹਾਰਦਿਕ ਸੁਤੰਤ੍ਰਤਾ ਵੀ। ਜਿਦ੍ਹੇ ਦਿਮਾਗ਼ ਤੇ ਹਿਰਦਾ ਕਿਸੇ ਰਸਮ, ਕਿਸੇ ਭੂਤ, ਕਿਸੇ ਹਠ ਜਾਂ ਕਿਸੇ ਵਿਅੱਕਤੀ ਨਾਲ ਬੱਝ ਗਏ ਹਨ, ਉਹ ਸਮੇਂ ਦੀ ਰਵਾਨੀ ਦਾ ਆਨੰਦ ਨਹੀਂ ਮਾਣ ਸਕਦਾ।

ਸਮੇਂ ਦੀ ਰਵਾਨੀ ਵਿਚ ਤਾਲ ਹੈ, ਝੂਟਾ ਹੈ, ਨਵੀਨਤਾ ਹੈ। ਅਚਿੰਤ ਤੇ ਸੁਤੰਤ੍ਰ ਤੇ ਹਰ ਹੋਣੀ ਲਈ ਤਿਆਰ ਦਿਲ ਏਸ ਰਵਾਨੀ ਨਾਲ ਵਹਿੰਦੇ ਜਾਣ ਵਿਚ ਹੀ ਪਰਮਨੰਦ ਪ੍ਰਾਪਤ ਕਰਦਾ ਹੈ।

ਮੈਂ ਆਪਣੇ ਹਮ-ਸਫ਼ਰਾਂ ਨਾਲ ਆਪਣੀਆਂ ਆਸਾਂ ਵਟਾਣੀਆਂ ਚਾਹੁੰਦਾ ਹਾਂ, ਤੇ ਸਮੇਂ ਦੇ ਹਲੂਣਿਆਂ ਨਾਲ ਖੀਵਾ ਹੋਇਆ ਉਹਨਾਂ ਨਾਲ ਆਪਣੀ ਮਸਤੀ ਸਾਂਝੀ ਕਰਨਾ ਚਾਹੁੰਦਾ ਹਾਂ। ਏਸ ਸਮੇਂ ਦੀ, ਲਹਿਰਾਂ ਵਿਚ ਆਈ ਹਿੱਕ ਉਤੇ ਕੋਈ ਤਾਰੂ ਮੈਨੂੰ ਗ਼ੈਰ ਨਹੀਂ ਦਿੱਸਿਆ। ਕਿਸੇ ਦੀ ਈਰਖਾ ਵਗਦੀ ਰੌ ਨੂੰ ਅਟਕਾ ਨਹੀਂ ਸਕਦੀ। ਪਰ ਕੋਲੋਂ ਦੀ ਲੰਘਦੇ ਜਹਾਜ਼ਾਂ ਵਾਂਗ ਸੁਖ-ਸਾਂਦ ਦੇ ਸੁਨੇਹਿਆਂ ਦਾ ਵਟਾਂਦਰਾ, ਪਿਆਰ ਦੀਆਂ ਨਜ਼ਰਾਂ, ਹੱਥਾਂ ਨਾਲ ਦਿਲਬਰੀ ਦੇ ਇਸ਼ਾਰੇ, ਸਾਡੇ ਸਫ਼ਰ ਨੂੰ ਸੁਆਦਲਾ ਬਣਾਂਦੇ ਹਨ। ਤੁਰਦਿਆਂ ਤੇ ਸਭ ਨੇ ਜਾਣਾ ਹੈ, ਰੋਕ ਕੋਈ ਸਕਦਾ ਨਹੀਂ, ਪਰ ਵੱਟੀਆਂ ਤਿਊੜੀਆਂ ਤੇ ਉੱਘਰੇ

ਮੁੱਕੇ, ਕੌੜੇ ਸ਼ਬਦ ਤੇ ਟੇਢੀਆਂ ਨਜ਼ਰਾਂ, ਬੇ-ਭਰੋਸੀ ਤੇ ਈਰਖਾ, ਸਫ਼ਰ ਨੂੰ ਜ਼ਹਿਮਤ ਬਣਾਂਦੇ ਹਨ।

ਮੇਰੇ ਮਾਣਯੋਗ ਸਾਥੀਓ, ਦੁਨੀਆ ਕੁਝ ਹੀ ਪਈ ਆਖੇ, ਵੇਦਾਂ ਗਰੰਥਾਂ ਦੀਆਂ ਤੁਕਾਂ ਦੇ ਹਵਾਲੇ ਅਨੇਕਾਂ ਦੇਵੇ, ਇਤਿਹਾਸ ਨੂੰ ਆਪਣਾ ਸਾਖੀ ਬਣਾਵੇ, ਸੁਰਗਾਂ ਦਾ ਲਾਲਚ ਜਾਂ ਨਰਕਾਂ ਦਾ ਡਰਾਵਾ ਸੁੱਟੇ, ਤੁਸੀਂ ਏਸ ਯਕੀਨ ਤੋਂ ਕਦੇ ਨਾ ਡੋਲੋ ਕਿ "ਮਨੁੱਖਤਾ ਇਕ-ਜਾਨ ਹੈ, ਇਹਦੀਆਂ ਵੰਡੀਆਂ ਨਹੀਂ ਪੈ ਸਕਦੀਆਂ।" 26 ਕਰੋੜ ਜਾਂ 56 ਕਰੋੜ ਦਾ, 35 ਕਰੋੜ ਜਾਂ 35 ਲਖ ਦਾ ਪੈਗ਼ੰਬੇਰ ਜਾਂ ਅਵਤਾਰ ਰੱਬ ਦਾ ਉਚੇਚਾ ਘਲਿਆ ਨਹੀਂ ਹੋ ਸਕਦਾ। ਅਸੀਂ ਸਾਰੀ ਸ੍ਰਿਸ਼ਟੀ ਦੇ ਰੱਬ ਕੋਲੋਂ ਵਡੇਰੀਆਂ ਆਸਾਂ ਰਖਦੇ ਹਾਂ। ਉਹਦਾ ਭੇਜਿਆ ਅਵਤਾਰ ਹਵਾ ਪਾਣੀ ਵਾਂਗ ਸਭ ਲਈ ਇੱਕੋ ਜਿਹਾ ਹੋਵੇਗਾ। ਜੀਕਰ ਹਵਾ ਪਾਣੀ ਨੂੰ ਗ੍ਰਹਿਣ ਕਰਨ ਲਈ ਸਾਨੂੰ ਕਿਸੇ ਉਚੇਚੇ ਵਿਸ਼ਵਾਸ ਦੀ ਲੋੜ ਨਹੀਂ, ਓਕਰ ਉਸ ਸਾਂਝੇ ਰੱਬੀ ਕਾਸਦ ਦਾ ਵਿਸ਼ਵਾਸ ਸਾਰੇ ਜੱਗ ਵਿਚ ਨਿਸ਼ੰਕਾ ਹੋਵੇਗਾ।

ਸਭ ਦਾ ਅਧਿਐਨ ਕਰੋ; ਸਭ ਦਾ ਸਤਿਕਾਰ ਕਰੋ; ਜੋ ਕੋਈ ਦੱਸ ਸਕਦਾ ਹੈ, ਸੁਣੋ ਤੇ ਲਾਭ ਉਠਾਓ; ਪਰ ਆਤਮਾ ਕਿਸੇ ਨੂੰ ਨਾ ਦੇਵੋ। ਏਸ ਫੁੱਟੀ ਫੱਟੜ ਦੁਨੀਆ ਵਿਚ ਕੋਈ ਸੁਖਦਾਈ ਖ਼ਿਆਲ ਲਿਆਵੋ, ਕੋਈ ਸਾਂਝਾ ਭਰੋਸਾ ਬਨ੍ਹਾਵੋ, ਕਿਸੇ ਖ਼ੂਬਸੂਰਤੀ ਵਲ ਇਸ਼ਾਰਾ ਕਰੋ, ਕੋਈ ਮਨ ਖੀਵਾ ਕਰਨ ਵਾਲਾ ਰਾਗ ਸੁਣਾਵੋ। ਛੱਡੋ ਪਰ੍ਹੇ ਇਹ ਯੁਗਾਂ ਪੁਰਾਣੀ ਰੂੰ ਰੂੰ — ਕਿ ਕਿਸੇ ਨਾਲ ਖਾਧਿਆਂ, ਛੁਹਿਆਂ ਧਰਮ ਟੁੱਟ ਜਾਂਦਾ ਹੈ, ਜਾਂ ਕਿਸੇ ਰੱਬ ਦੀ ਖ਼ੁਸ਼ਾਮਦ ਨਾ ਕੀਤਿਆਂ ਨਰਕਾਂ ਵਿਚ ਵਾਸਾ ਹੋਵੇਗਾ, ਜੂਨਾਂ ਵਿਚ ਭੌਣਾ ਪਵੇਗਾ। ਛੱਡੋ ਪਰ੍ਹੇ ਇਹ ਅੱਗੇ ਪਿੱਛੇ ਦੇ ਕੀਰਨੇ। ਯਕੀਨ ਜਾਣੋ ਕਿ ਜੀਵਨ-ਯੁਕਤੀ ਬੜੀ ਸਾਦੀ ਤੇ ਨਰੋਈ ਹੈ। ਇਹਦੇ ਵਿਚ ਕੁਝ ਵੀ ਵਿਗੜ ਨਹੀਂ ਸਕਦਾ, ਨਾ ਹੀ ਕੋਈ ਨਰਕਾਂ ਵਿਚ ਸੜੇਗਾ, ਕਿਸੇ ਨੂੰ ਏਦੂੰ ਵਧ ਝਿੜਕਾਂ ਨਹੀਂ ਮਿਲਣਗੀਆਂ ਜਿੰਨੀਆਂ ਕਿ ਗ਼ਲਤ ਕੰਮ ਕਰਨ ਵਾਲੇ ਨੂੰ ਨਤੀਜਿਆਂ ਦੀ ਸ਼ਕਲ ਵਿਚ ਪਲੋ ਪਲ ਮਿਲਦੀਆਂ ਰਹਿੰਦੀਆਂ ਹਨ।

ਸੋ ਤੁਸੀਂ ਖਿੜੇ ਮੱਥੇ ਤੁਰੀ ਜਾਓ। ਸਾਥੀਆਂ ਨੂੰ ਹੌਸਲਾ ਦਿਓ, ਸਫਲ ਹੋਵੋ, ਸੁਹਿਰਦ ਰਹੋ, ਚੰਗੀਆਂ ਆਸਾਂ ਰਖੋ, ਦ੍ਰੈਤ ਨੇੜੇ ਆਉਣ

ਦਿਓ, ਡਰੋ ਕਾਸੇ ਕੋਲੋਂ ਨਾ। ਜ਼ਿੰਦਗੀ ਕੋਈ ਕੌਡਿਆਂ ਦੀ ਸੇਜ਼ਾ ਨਹੀਂ, ਨਾ ਕੋਈ ਜੂਏ ਦੀ ਬਾਜ਼ੀ ਹੈ, ਕਿ ਦੋ ਕੌਡਾਂ ਪੁੱਠੀਆਂ ਸਿੱਧੀਆਂ ਪੈਣ ਨਾਲ ਉਮਰ ਸਾਰੀ ਦਾ ਤਾਣਾ ਪਲਚ ਜਾਏਗਾ। ਜੀਅ ਖੋਲ੍ਹ ਕੇ ਚੀਜ਼ਾਂ ਫੜੋ, ਸਭ ਪਾਸੀਂ ਤੱਕੋ, ਪਰਖੋ, ਛੱਡੋ ਤੇ ਅਪਣਾਓ। ਪਰ ਸਵੈ-ਕਾਬੂ ਦਾ ਤਿਆਗ ਨਾ ਕਰਨਾ, ਆਪਣੇ ਪੈਰ ਸਾਵੇਂ ਰੱਖਣੇ, ਪੱਕੇ ਰਖਣੇ। ਸਵੈ-ਕਾਬੂ ਹੀ ਤੁਹਾਨੂੰ ਸਮੇਂ ਦੀ ਮਹਾਨਦੀ ਉਤੇ ਤਾਰ ਕੇ ਮਹਾਸਾਗਰ ਤਕ ਪੁਚਾ ਸਕੇਗਾ।

ਕਈ ਵਰ੍ਹੇ ਆਉਣ, ਹਰੇਕ ਵਰ੍ਹਾ ਤੁਹਾਡੀ ਆਤਮਾ ਵਿਚ ਕੋਈ ਨਵਾਂ ਰਾਗ ਛੱਡ ਜਾਏ।

[ 1937

## 4

# ਨਵੀਂ ਦ੍ਰਿਸ਼ਟੀ, ਨਵੇਂ ਪਿਆਰ, ਨਵੀਆਂ ਰੀਝਾਂ, ਨਵੇਂ ਖ਼ਿਆਲ

ਸਾਡੀ ਉਮਰ-ਪੌੜੀ ਦਾ ਇੱਕ ਹੋਰ ਡੰਡਾ ਚੜ੍ਹਿਆ ਗਿਆ ਹੈ। ਕੋਈ ਕਹਿੰਦਾ ਹੈ, ਲੜਾਈਆਂ, ਧਿੰਗੋਜ਼ੋਰੀਆਂ, ਬੇ-ਇਨਸਾਫ਼ੀਆਂ ਦਾ ਵਰ੍ਹਾ ਬੀਤ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਮਨ, ਰਵਾਦਾਰੀ ਤੇ ਇਨਸਾਫ਼ ਦੀ ਮੰਜ਼ਲ ਦਾ ਇੱਕ ਹੋਰ ਪੜਾਅ ਲੰਘਿਆ ਗਿਆ ਹੈ। ਮੰਜ਼ਲ ਭਾਵੇਂ ਅਤਿ ਮਨ-ਮੋਹਿਣੀ ਹੋਵੇ, ਉਸ ਦਾ ਮਾਰਗ ਸਾਰਾ ਸੁਹਣਾ ਨਹੀਂ ਹੁੰਦਾ। ਕਈ ਡਾਢੇ ਬਿਖੜੇ ਪੜਾਵਾਂ ਉੱਤੇ ਵੀ ਸਮਾਂ ਕੱਟਣਾ ਪੈਂਦਾ ਹੈ।

ਬੀਤਿਆ ਸਾਲ ਸਾਡੇ ਮਾਰਗ ਦਾ ਇੱਕ ਔਖਾ ਜਿਹਾ ਟੋਟਾ ਸੀ। ਜੰਗ, ਈਰਖਾ, ਹਥਿਆਰ, ਤਅੱਸਬ ਤੇ ਖੋਹੀ ਮੋਹੀ ਦੇ ਕੁਰੱਖਤ ਆਵਾਜ਼ੇ ਹਰ ਪਾਸਿਓਂ ਕੰਨੀਂ ਪੈਂਦੇ ਰਹੇ ਹਨ। ਰਸਤਾ ਏਡਾ ਭੀੜਾ ਹੋ ਗਿਆ ਸੀ ਕਿ ਪਾਂਧੀ ਇੱਕ ਦੂਜੇ ਨਾਲ ਭਿੜਦੇ ਰਹੇ ਹਨ, ਤੇ ਇਸ ਭੇੜ ਕਰਕੇ ਕਈ ਗ਼ਲਤ-ਫ਼ਹਿਮੀਆਂ ਦੇ ਸ਼ਿਕਾਰ ਵੀ ਹੁੰਦੇ ਰਹੇ ਹਨ, ਇੱਕ ਦੂਜੇ ਨੂੰ ਕੋਸਦੇ ਤੇ ਘਿਰਣਾ ਕਰਦੇ ਰਹੇ ਹਨ।

ਪਰ ਮਨੁੱਖ ਦਾ ਸਾਰਾ ਮਾਰਗ ਏਡਾ ਭੀੜਾ ਨਹੀਂ। ਖੁੱਲ੍ਹੇ ਮੈਦਾਨ ਤੇ ਚੌੜੀਆਂ ਸ਼ਾਹ-ਰਾਹਾਂ ਦਾ ਵੀ ਘਾਟਾ ਨਹੀਂ। ਇਨ੍ਹਾਂ ਸ਼ਾਹ-ਰਾਹਾਂ ਉਤੇ ਪਾਂਧੀ

ਆਪੋ ਆਪਣੇ ਰਾਹੀਂ ਤੁਰਦੇ, ਇੱਕ ਦੂਜੇ ਉਤੇ ਮੁਸਕਰਾਂਦੇ, ਕਮਜ਼ੋਰਾਂ ਦੀਆਂ ਉਂਗਲੀਆਂ ਫੜਦੇ, ਤੇ ਉਨ੍ਹਾਂ ਦੇ ਭਾਰ ਵੰਡਾਂਦੇ ਹਨ।

ਸਾਲ ਦਾ ਪੰਧ ਔਖੇ ਸੌਖੇ ਬੀਤ ਗਿਆ ਹੈ। ਨਵੇਂ ਪੜਾਅ ਉਤੇ ਇਹ ਆਸਾਂ ਖ਼ੁਸ਼ੀਆਂ ਦੇ ਕੁਝ ਦਿਹਾੜੇ ਹਨ। ਵਧਾਈਆਂ ਤੇ ਸ਼ੁਭ-ਇਛਾਵਾਂ ਦਿੱਤੀਆਂ ਜਾਂਦੀਆਂ ਹਨ, ਬੜੇ ਪਿਆਰ ਤੇ ਉਤਸ਼ਾਹ ਭਰੇ ਖ਼ਿਆਲਾਂ ਨਾਲ ਮਿੱਤਰਾਂ ਦੇ ਮਨਾਂ ਨੂੰ ਉਭਾਰਨ ਦਾ ਜਤਨ ਕੀਤਾ ਜਾਂਦਾ ਹੈ। ਪ੍ਰੇਮੀ ਆਪਣੇ ਪ੍ਰੀਤਮਾਂ ਨੂੰ ਕਵੀਆਂ ਦੀਆਂ ਉਮੰਗਾਂ ਦੇ ਦੋਹੇ ਲਿਖ ਲਿਖ ਭੇਜਦੇ ਹਨ। ਕਿਸੇ ਦੀਆਂ ਅਖੀਆਂ ਵਿਚੋਂ ਆਪਣੇ ਦਿਲ ਦੀਆਂ ਸੈਨਤਾਂ ਸਮਝਾਂਦੇ ਹਨ।

ਮੈਂ ਆਪਣੇ ਪਾਠਕਾਂ ਨੂੰ ਯਕੀਨ ਦੁਆਣਾ ਚਾਹੁੰਦਾ ਵਾਂ ਕਿ ਮੈਂ ਵੀ ਲਗਾ-ਤਾਰ ਉਨ੍ਹਾਂ ਨੂੰ ਹੀ ਯਾਦ ਕਰਦਾ ਰਿਹਾ ਹਾਂ। ਉਨ੍ਹਾਂ ਨਾਲ ਮੈਂ ਅਨੇਕਾਂ ਗੱਲਾਂ ਕੀਤੀਆਂ ਤੇ ਉਨ੍ਹਾਂ ਨੂੰ ਆਪਣੇ ਸੁਪਨਿਆਂ ਵਿਚ ਸ਼ਾਮਲ ਕੀਤਾ ਹੈ। ਆਪਣੇ ਇਰਾਦੇ, ਆਪਣੇ ਪਿਆਰ, ਤੇ ਆਪਣੀਆਂ ਉਮੰਗਾਂ ਫੋਲ ਫੋਲ ਕੇ ਉਨ੍ਹਾਂ ਦੇ ਰੂਬਰੂ ਰਖੇ ਹਨ। ਨਵੇਂ ਇਰਾਦੇ ਕਿਸੇ ਗ਼ਮ-ਸਾਂਝੀ ਲਈ ਤੜਪਦੇ ਹਨ। ਇਹ ਆਪਣੀ ਰੀਝ ਦੀ ਹਿੱਕ ਕਿਸੇ ਹਮਦਰਦ ਅਗੇ ਖੋਲ੍ਹਣਾ ਅਹੁੜਦੇ ਹਨ, ਕਿਸੇ ਨੈਣਾਂ ਦੇ ਜੋੜੇ ਵਿਚ ਪ੍ਰਸ਼ੰਸਾ ਦੀ ਝਲਕ ਲਈ ਤਰਸਦੇ ਹਨ। ਐਸ ਵੇਲੇ ਮੇਰੇ ਤਨ ਦੀਆਂ ਤੇ ਮਨ ਦੀਆਂ, ਦੋਹਾਂ ਹੀ ਅੱਖਾਂ ਦੇ ਸਾਹਮਣੇ ਮੇਰੇ ਪਾਠਕ ਦਿੱਸ ਰਹੇ ਹਨ, ਤੇ ਮੈਂ ਅਤਿਅੰਤ ਨਿਮਰਤਾ ਤੇ ਦਿਲ ਦੇ ਡੂੰਘੇ ਪਿਆਰ ਨਾਲ ਹੋਣੀਆਂ ਅਨਹੋਣੀਆਂ ਆਪਣੀਆਂ ਸਾਰੀਆਂ ਲੋਚਨਾਵਾਂ ਉਨ੍ਹਾਂ ਦੇ ਸਨਮੁਖ ਰਖਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਨੂੰ ਸੁਹਾਵਣੀਆਂ ਇਛਾਵਾਂ ਭੇਟ ਕਰਦਾ ਹਾਂ। ਜੋ ਵੀ ਚੰਗਾ ਤੇ ਸੁਹਣਾ ਮੇਰੇ ਪਾਠਕ ਇਸ ਵੇਲੇ ਆਪਣੇ ਤੇ ਆਪਣੇ ਪਿਆਰਿਆਂ ਲਈ ਚਾਹ ਰਹੇ ਹਨ, ਮੈਂ ਆਪਣੇ ਸਾਰੇ ਤਨ ਮਨ ਨਾਲ ਉਨ੍ਹਾਂ ਦੀ ਚਾਹ ਵਿਚ ਸ਼ਾਮਲ ਹੋਣ ਦੀ ਆਗਿਆ ਮੰਗਦਾ ਹਾਂ।

ਕ਼ਿਰੋਲ ਕਿਸੇ ਦੀਆਂ ਇਛਾਵਾਂ ਨਾਲ ਸਾਡੇ ਸਾਲ ਮੁਬਾਰਕ ਨਹੀਂ ਹੋ ਜਾਂਦੇ, ਪਰ ਤਾਂ ਵੀ ਇਸ ਵਿਚ ਸੰਦੇਹ ਨਹੀਂ ਕਿ ਕਿਸੇ ਵੇਲੇ ਕਿਸੇ ਦੀ ਦਿਲੋਂ ਦਿੱਤੀ ਅਸੀਸ ਸਾਡੇ ਮਨ ਵਿਚ ਟਿਕ ਜਾਂਦੀ ਹੈ, ਤੇ ਕੋਈ ਸੁਹਣਾ ਜਿਹਾ ਇਰਾਦਾ ਸਾਡੇ ਵਿਚ ਜਗਾ ਕੇ ਸਾਨੂੰ ਕਿਸੇ ਅਨੋਖੀ ਜਿਹੀ ਧੁਨ ਵਿਚ ਲਾ ਦੇਂਦੀ ਹੈ। ਤੇ ਕਈ ਵਾਰੀ ਇਹ ਅਨੋਖੀ ਧੁਨ ਸਾਡਾ ਜੀਵਨ ਪਲਟਾ ਦੇਂਦੀ ਹੈ।

ਆਪਣੀ ਅਸੀਸ ਵਿਚ ਐਡੇ ਉੱਚੇ ਗੁਣ ਦਾ ਦਾਅਵਾ ਮੈਨੂੰ ਕੋਈ ਨਹੀਂ, ਪਰ ਇੰਨਾ ਯਕੀਨ ਮੈਨੂੰ ਜ਼ਰੂਰ ਹੈ ਕਿ ਪਾਠਕਾਂ ਲਈ ਮੇਰੀਆਂ ਐਸ ਵੇਲੇ ਦੀਆਂ ਇਛਾਵਾਂ ਮੇਰੇ ਮਨ ਦੀ ਕਿਸੇ ਬੜੀ ਚੰਗੀ ਅਵਸਥਾ ਵਿਚੋਂ ਉਠ ਰਹੀਆਂ ਹਨ। ਮੇਰੇ ਮਨ ਵਿਚ ਇਸ ਘੜੀ ਕੋਈ ਸਮਾਲੋਚਨਾ ਨਹੀਂ; ਕੁਝ ਵੀ ਸਾਬਤ ਕਰਨ ਦੀ ਚਾਹ ਨਹੀਂ, ਕਿਸੇ ਦਾ ਖੰਡਣ ਕਰਨ ਦੀ ਦਲੀਲ ਨਹੀਂ।

ਪੁਰਾਣੇ ਸਾਲ ਦੇ ਬੀਤਣ ਨਾਲ ਪੁਰਾਣਾ ਆਖਿਆ ਸੁਣਿਆ ਭੁੱਲਿਆ ਜਾਪਦਾ ਹੈ। ਮੇਰੇ ਪਾਠਕਾਂ ਨੇ ਮੈਨੂੰ ਘਟ ਹੀ ਅਜਿਹਾ ਕੁਝ ਆਖਿਆ ਹੋਵੇਗਾ ਜਿਸ ਨੂੰ ਭੁਲਾਣ ਦੀ ਲੋੜ ਹੋਵੇ, ਪਰ ਮੇਰਾ ਆਖਿਆ ਕਿੰਨਾ ਕੁਝ ਇਹੋ ਜਿਹਾ ਹੋਵੇਗਾ ਜਿਹੜਾ ਚੰਗਾ ਹੁੰਦਾ ਜੇ ਨਾ ਆਖਿਆ ਜਾਂਦਾ, ਕਿੰਨਾ ਕੁਝ ਇਹੋ ਜਿਹਾ ਹੋਵੇਗਾ ਜੋ ਮੇਰੇ ਪਾਠਕ ਮੇਰੇ ਕੋਲੋਂ ਸੁਣਨਾ ਨਹੀਂ ਸਨ ਚਾਹੁੰਦੇ। ਮੇਰੀ ਕਹਿਣੀ ਵਿਚ ਅਨੇਕਾਂ ਭੁੱਲਾਂ ਹਨ, ਮੈਨੂੰ ਆਪ ਵੀ ਭਾਸਦੀਆਂ ਹਨ; ਅਨੇਕਾਂ ਕੋਝੇ ਸ਼ਬਦ ਹਨ, ਜਿਹੜੇ ਮੁੜ ਪੜ੍ਹਿਆਂ ਮੈਨੂੰ ਆਪਣੇ ਆਪ ਨੂੰ ਵੀ ਚੁੱਭਦੇ ਹਨ; ਮੇਰੀਆਂ ਦਲੀਲਾਂ ਵਿਚ ਅਨੇਕਾਂ ਗ਼ਲਤੀਆਂ ਹਨ, ਜਿਹੜੀਆਂ ਸਮਾਂ ਮੇਰੀਆਂ ਅੱਖਾਂ ਅਗੇ ਵੀ ਸਪਸ਼ਟ ਕਰ ਦੇਂਦਾ ਹੈ — ਪਰ ਮੇਰੇ ਮਨ ਵਿਚ ਮੇਰੇ ਪਾਠਕਾਂ ਲਈ ਸਿਵਾਏ ਸ਼ੁਭ-ਇਛਾਵਾਂ ਦੇ ਹੋਰ ਕੋਈ ਵੀ ਖ਼ਿਆਲ ਨਹੀਂ। ਜੇ ਪ੍ਰਗਟ ਹੋਣ ਵਿਚ ਮੇਰੀਆਂ ਸ਼ੁਭ-ਇਛਾਵਾਂ ਅਸ਼ੁਭ ਦਿੱਸਣ ਲੱਗ ਪੈਂਦੀਆਂ ਹਨ ਤਾਂ ਇਹ ਮੇਰੇ ਦਿਮਾਗ਼ ਦੀ ਮੂਰਖਤਾ ਹੈ, ਮੇਰੇ ਦਿਲ ਦੀ ਤਰੁਟੀ ਨਹੀਂ। ਦਿਮਾਗ਼ੀ ਸਿਆਣਪ ਦਾ ਮਾਣ ਮੈਂ ਕਦੇ ਨਹੀਂ ਕੀਤਾ।

ਭੁੱਲ ਜਾਓ! ਭੁੱਲ ਜਾਓ ਉਹ ਝਗੜੇ ਦੀਆਂ ਘੜੀਆਂ, ਸ਼ਬਿ-ਵਸਲ ਵਿਚ ਚੰਗਾ ਹੀ ਆਖਣ ਤੇ ਚੰਗਾ ਹੀ ਸੁਣਨ ਨੂੰ ਚਿਤ ਲੋਚ ਰਿਹਾ ਹੈ। ਦੁਨੀਆ ਵਿਚ ਸਭ ਕੁਝ ਹੈ; ਨਾ ਖਾਣ ਦੀ ਘਾਟ ਹੈ, ਨਾ ਪਹਿਨਣ ਦੀ, ਨਾ ਹੁਸਨ ਤੇ ਨਾ ਸ਼ਬਾਬ ਦੀ। ਹਰੇਕ ਰੋਗ ਦਾ ਇਲਾਜ ਲੱਭ ਰਿਹਾ ਹੈ, ਹਰੇਕ ਬੇ-ਆਰਾਮੀ ਦਾ ਆਰਾਮ ਢੂੰਡਿਆ ਗਿਆ ਹੈ। ਹਰੇਕ ਤਾਂਘਦੀ ਅੱਖ ਲਈ ਕੋਈ 'ਸਾਂਵਲਾ' ਕਿਤੇ ਨਾ ਕਿਤੇ ਮੌਜੂਦ ਹੈ।

ਕਵੀ ਰਾਬਟ ਲੂਈ ਸਟੀਵਨਸਨ ਨੇ ਆਖਿਆ ਸੀ, "ਦੁਨੀਆ ਇਸ ਤਰ੍ਹਾਂ ਚੀਜ਼ਾਂ ਨਾਲ ਭਰਪੂਰ ਹੈ, ਕਿ ਯਕੀਨਨ ਅਸੀਂ ਸਾਰੇ ਬਾਦਸ਼ਾਹਾਂ

ਵਾਂਗ ਪ੍ਰਸੰਨ ਰਹਿ ਸਕਦ ਹਾਂ।"

ਮੈਂ ਵੀ ਅੱਜ ਰਾਬਰਟ ਲੂਈ ਸਟੀਵਨਸਨ ਦੇ ਰੌਂ ਵਿਚ ਹਾਂ। ਕੰਗਾਲੀ ਦੁਨੀਆ ਵਿਚ ਜੀਅ ਨਹੀਂ ਲੱਗਦਾ। ਬਾਦਸ਼ਾਹ ਵੇਖਣ ਦੀ ਲਾਲਸਾ ਹੈ। ਸਲਤਨੱਤਾਂ ਤੇ ਗ਼ੁਲਾਮਾਂ ਦੇ ਬਾਦਸ਼ਾਹ ਨਹੀਂ — ਆਪਣੇ ਮਨਾਂ ਤੇ ਆਪਣੇ ਆਲੇ-ਦੁਆਲਿਆਂ ਦੇ ਬਾਦਸ਼ਾਹਾਂ ਵਿਚ ਵਸਣ ਦੀ ਆਰਜ਼ੂ ਨਾਲ ਸਾਰਾ ਸੀਨਾ ਧੜਕ ਰਿਹਾ ਹੈ। ਦੁਨੀਆ ਭਰਪੂਰ ਹੈ, ਕੁਦਰਤ ਦੀਆਂ ਖਾਨਾਂ ਡੁਲ੍ਹ ਡੁੱਲ੍ਹ ਪੈ ਰਹੀਆਂ ਹਨ, ਪਰ ਮਨੁੱਖ ਲੀਰਾਂ ਵਿਚ ਫਿਰ ਰਿਹਾ ਹੈ। ਦੁਨੀਆ ਦਾ ਹੁਸਨ ਅੱਖਾਂ ਨੂੰ ਸਹਿਕਾ ਰਿਹਾ ਹੈ, ਪਰ ਅੱਖਾਂ ਵਾਲੇ ਫ਼ਿਰਾਕ ਵਿਚ ਰੋ ਰੋ ਅੰਨ੍ਹੇ ਹੋ ਰਹੇ ਹਨ। ਸਟੀਵਨਸਨ ਦਾ ਯਕੀਨ ਹੈ, ਸਾਰੀ ਦੁਨੀਆ ਬਾਦਸ਼ਾਹਾਂ ਵਾਂਗ ਪ੍ਰਸੰਨ ਰਹਿ ਸਕਦੀ ਹੈ। ਮੈਨੂੰ ਵੀ ਇਹੀ ਦਿੱਸਿਆ ਹੈ। ਤੇ ਇਹੀ ਸੁਨੇਹਾ ਮੈਂ ਨਵੇਂ ਵਰ੍ਹੇ ਦੀ ਖ਼ੁਸ਼ੀ ਵਿਚ ਆਪਣੇ ਪਾਠਕਾਂ ਤਕ ਪੁਚਾਣਾ ਚਾਹੁੰਦਾ ਹਾਂ। ਮੈਂ ਆਪਣੇ ਪਾਠਕਾਂ ਨੂੰ ਬਾਦਸ਼ਾਹ ਵੇਖਣਾ ਚਾਹੁੰਦਾ ਹਾਂ। ਕੰਵਰ ਕੰਵਰਾਣੀਆਂ ਦੀ ਸੁਹਬਤ ਦੇ ਇਸ਼ਕ ਨੇ ਇੱਕਦਮ ਹਿੱਕ ਆ ਮੱਲੀ ਹੈ। ਮੈਂ ਆਪਣੇ ਹਰੇਕ ਵਤਨੀ ਨੂੰ ਰਾਜਿਆਂ ਦੀ ਰਹਿਣੀ ਰਹਿੰਦਾ ਵੇਖਣਾ ਚਾਹੁੰਦਾ ਹਾਂ।

ਇੱਕ ਦਿਨ, ਤਜਰਬੇ ਦੇ ਤੌਰ ਉਤੇ, ਖ਼ੁਸ਼ ਰਹਿਣ ਤੇ ਖ਼ੁਸ਼ ਰਖਣ ਦਾ ਇਰਾਦਾ ਕਰੋ। ਉਸ ਦਿਨ ਦੁਨੀਆ ਦਾ ਰੰਗ ਹੋਰ ਹੋ ਜਾਏਗਾ। ਸਾਥੀ ਹੋਰ ਦੇ ਹੋਰ ਜਾਪਣਗੇ। ਵੱਡੇ ਧੱਬੇ ਮਾੜੇ ਜਿਹੇ ਤਿੱਲ ਲੱਭਣਗੇ ਤੇ ਚੌੜੀਆਂ ਖਾਈਆਂ ਛੋਟੇ ਜਿਹੇ ਛੜੱਪੇ ਨਾਲ ਟੱਪੀਆਂ ਜਾਣਗੀਆਂ। ਕਾਹਦਾ ਰੰਜ ਤੇ ਕਾਹਦੀ ਨਾਰਾਜ਼ਗੀ — ਹਰ ਕੋਈ ਅੰਦਰਲੀ ਪ੍ਰਕ੍ਰਿਤੀ ਅਨੁਸਾਰ ਤੁਰਿਆ ਜਾ ਰਿਹਾ ਹੈ। ਕਿਸੇ ਦਾ ਨਾਸਤਕ ਹੋਣਾ, ਗ਼ਲਤ ਹੋਣਾ, ਗੁਮਰਾਹ ਹੋਣਾ ਸਾਨੂੰ ਕੋਈ ਹਾਨੀ ਨਹੀਂ ਪੁਚਾ ਸਕਦਾ, ਪਰ ਉਸ ਨੂੰ ਨਫ਼ਰਤ ਕਰਨਾ, ਮਾੜਾ ਆਖਣਾ ਜ਼ਰੂਰ ਸਾਡੇ ਮਨ ਦੇ ਅਮਨ ਵਿਚ ਵਿਹੁ ਰਲਾ ਸਕਦਾ ਹੈ।

ਇਸ ਲਈ ਜਿਸ ਕਿਸੇ ਨੂੰ ਬਾਦਸ਼ਾਹਾਂ ਵਾਂਗ ਪ੍ਰਸੰਨ ਰਹਿਣ ਦੀ ਇੱਛਾ ਹੈ, ਉਹ ਖ਼ੁਸ਼ ਰਖਣ ਦੇ ਨੇਮ ਨੂੰ ਅਤਿ ਉਤਮ ਸਮਝੇ। ਨਾਸਤਕ ਮਿਲੇ, ਆਸਤਕ ਮਿਲੇ, ਪਰਲੋਕ-ਵਿਸ਼ਵਾਸੀ ਨਾਲ ਵਾਹ ਪਵੇ ਜਾਂ ਇਸ ਲੋਕ ਦੇ ਵਿਸਵਾਸ਼ੀ ਨਾਲ, ਅਮਰ ਆਤਮਾ ਦਾ ਦਾਅਵੇਦਾਰ ਹੋਵੇ ਜਾਂ ਮੌਤ ਦਾ ਪ੍ਰੇਮੀ ਹੋਵੇ — ਹਰ ਕਿਸੇ ਅਗੇ ਆਪਣੇ ਦਿਲ ਦੇ ਦਰ ਖੋਲ੍ਹ ਦੇਵੇ। ਜੋ ਅੰਦਰ

ਆਵੇ, ਉਸ ਨੂੰ ਆਪਣਾ ਅਤਿਥੀ ਜਾਣੇ, ਸੁਲਤਾਨ ਸਮਝੇ। ਆਪ ਕਾਸੇ ਦਾ ਦਾਅਵਾ ਨਾ ਕਰੇ, ਪਰ ਦੂਜਿਆਂ ਦੇ ਦਾਅਵਿਆਂ ਨੂੰ ਸਤਿਕਾਰ ਨਾਲ ਸੁਣ ਕੇ ਆਪਣੇ ਆਚਰਣ ਵਿਚ ਆਪਣੇ ਉੱਤਰ ਪੇਸ਼ ਕਰੇ।

ਇਹ ਗੱਲ ਬਿਲਕੁਲ ਗ਼ਲਤ ਹੈ ਕਿ ਰੋਗ, ਗ਼ਰੀਬੀ ਤੇ ਨਾ-ਖ਼ੁਸ਼ੀ ਕਿਸੇ ਉਪਰਲੀ ਤਾਕਤ ਦੀਆਂ ਮਜਬੂਰੀਆਂ ਹਨ। ਇਹ ਮਜਬੂਰੀਆਂ ਨਹੀਂ, ਇਹ ਸਾਡੀ ਆਪਣੀ ਬੇ-ਸਮਝੀ ਹੈ। ਮਨੁੱਖ ਚਾਹੇ ਤਾਂ ਰੋਗ ਤੇ ਗ਼ਰੀਬੀ ਦਾ ਬੀਜ ਨਾਸ ਕਰ ਸਕਦਾ ਹੈ। ਭਰੀ ਹੋਈ ਦੁਨੀਆ ਵਿਚ ਗ਼ਰੀਬੀ ਦਾ ਕੋਈ ਵਜੂਦ ਨਹੀਂ। ਮੂਰਖ ਮਨੁੱਖ ਕੁਦਰਤ ਦੀ ਭਰਪੂਰਤਾ ਨੂੰ ਨਾਸ਼ ਕਰ ਕੇ ਗ਼ਰੀਬੀ ਦੀ ਰੂੜੀ ਪੈਦਾ ਕਰਦਾ ਹੈ। ਨਫ਼ਰਤ, ਕਦੂਰਤ ਵੀ ਕਿਸੇ ਸ਼ੈਤਾਨ ਦੀ ਕਾਰਸਾਜ਼ੀ ਨਹੀਂ, ਸਿਰਫ਼ ਗ਼ਰੀਬੀ ਦੀ ਰੂੜੀ ਵਿਚ ਪੈਦਾ ਹੋਏ ਜਿਰਮ ਹਨ। ਅੱਜ ਨਫ਼ਰਤ ਤੇ ਵਿਰੋਧਤਾ ਦੇ ਗੀਤਾਂ ਨਾਲ ਆਕਾਸ਼ ਗੂੰਜ ਰਿਹਾ ਹੈ। ਮੈਂ ਆਪਣੇ ਸਿਆਣੇ ਪਾਠਕਾਂ ਨੂੰ ਇਹ ਸੋਚਣ ਲਈ ਪ੍ਰੇਰਣਾ ਚਾਹੁੰਦਾ ਹਾਂ ਕਿ ਕੀ ਇਹ ਗੀਤ ਕਿਸੇ ਦਾ ਵੀ ਕੁਝ ਸੁਆਰਦੇ ਹਨ ? ਕੀ ਕਿਸੇ ਦਾ ਵੀ ਇਸ ਦੁਨੀਆ ਵਿਚ ਆਪਣੇ ਹਮ-ਜਿਨਸਾਂ ਦੇ ਸੁਖ ਨਾਲੋਂ ਕੋਈ ਨਿਵੇਕਲਾ ਸੁਖ ਹੋ ਸਕਦਾ ਹੈ ? ਕੀ ਕੋਈ ਵੀ ਐਸੀ ਚੀਜ਼ ਹੈ, ਜਿਹੜੀ ਅਸੀਂ ਆਪਣੀ ਬਣਾ ਸਕਦੇ ਹਾਂ ? ਸਭ ਕੁਝ ਇਸ ਦੁਨੀਆ ਦਾ ਹੈ, ਇਸ ਵਿਚੋਂ ਕੁਝ ਵੀ ਚੁੱਕਿਆ ਨਹੀਂ ਜਾ ਸਕਦਾ, ਨਾ ਆਪਣੀ ਸੰਤਾਨ ਲਈ ਸਦੀਵੀ ਵਿਰਸਾ ਬਣਾਇਆ ਜਾ ਸਕਦਾ ਹੈ।

ਸੋਚੋ, ਲਗਾਤਾਰ ਕਈ ਕਈ ਦਿਹਾੜੇ ਇਸ ਗੱਲ ਨੂੰ ਵਿਚਾਰੋ, ਤੇ ਤੁਹਾਨੂੰ ਇਹੀ ਇੱਕੋ ਗੱਲ ਸਪਸ਼ਟ ਦਿੱਸੇਗੀ ਕਿ ਜ਼ਿੰਦਗੀ ਦੀ ਸੰਤੁਸ਼ਟਤਾ ਕਿਸੇ ਕਬਜ਼ੇ ਵਿਚ ਨਹੀਂ, ਸਾਰੀ ਜ਼ਿੰਦਗੀ ਖ਼ੁਸ਼ਹਾਲੀ ਅਤੇ ਸੁਤੰਤ੍ਰਤਾ ਦਾ ਮਾਰਗ ਟੋਲ ਰਹੀ ਹੈ। ਬ੍ਰਹਮੰਡ ਵਿਚ ਇੱਕੋ ਹੀ ਜ਼ਿੰਦਗੀ ਹੈ ਤੇ ਇਹ ਇੱਕੋ ਹੀ ਪਾਸੇ ਤੁਰੀ ਜਾ ਰਹੀ ਹੈ — ਇਹ ਪਾਸਾ ਸੁਤੰਤ੍ਰਤਾ ਦੀ ਸੇਧ ਹੈ। ਜ਼ਿੰਦਗੀ ਦੇ ਰਾਹ ਵਿਚ ਕਈ ਅਟਕਾਂ ਹਨ, ਪਰ ਇਹਦੇ ਅੰਦਰਲੀ ਧੁਨ ਇਸ ਨੂੰ ਸੁਤੰਤ੍ਰ ਆਕਾਸ਼ ਵਲ ਖਿੱਚੀ ਲਈ ਜਾ ਰਹੀ ਹੈ। ਜ਼ਿੰਦਗੀ ਦੀ ਸਾਰੀ ਜਦੋ-ਜਹਿਦ ਸੁਤੰਤ੍ਰ ਹੋਣ ਲਈ ਹੈ।

ਸੁਤੰਤ੍ਰਤਾ ! ਕਿਹੋ ਜਿਹੀ ਸੁਤੰਤ੍ਰਤਾ ! ਸਭ ਕੁਝ ਹੋਣ ਦੀ ਸੁਤੰਤ੍ਰਤਾ, ਸਭ ਕੁਝ ਵੇਖਣ ਦੀ ਸੁਤੰਤ੍ਰਤਾ, ! ਬ੍ਰਹਮੰਡ ਨਾਲ ਇੱਕ ਹੋਣ ਦੀ ਸੁਤੰਤ੍ਰਤਾ !

ਇਹ ਸੁਤੰਤ੍ਰਤਾ ਧਨ ਨਾਲ ਨਹੀਂ ਮਿਲ ਸਕਦੀ, ਕਿਸੈ ਜਪ ਤਪ ਨਾਲ ਨਹੀਂ ਮਿਲ ਸਕਦੀ; ਨਾ ਤਾਕਤ, ਨਾ ਸ਼ੁਹਰਤ, ਨਾ ਕ੍ਰਿਸੇ ਮਿਹਰ ਮਰਹਮਤ ਨਾਲ ਮਿਲ ਸਕਦੀ ਹੈ। ਸਾਰਾ ਤਜਰਬਾ ਦੱਸਦਾ ਹੈ, ਕਿ ਸੁਤੰਤ੍ਰਤਾ ਆਪਣੀ ਦੁਨੀਆ ਨੂੰ ਚੌੜਾ ਕੀਤਿਆਂ ਹੀ ਮਿਲ ਸਕਦੀ ਹੈ। ਜਿਉਂ ਜਿਉਂ ਸਾਡੀ ਦੁਨੀਆ ਚੌੜੀ ਹੋਵੇਗੀ, ਤਿਉਂ ਤਿਉਂ ਸਾਡੀ ਅੰਦਰਲੀ ਸਮਰਥਾ ਵਧੇਗੀ ਤੇ ਸਾਡੇ ਲੁਕੇ ਗੁਣਾਂ ਦਾ ਵਿਕਾਸ ਹੋਵੇਗਾ। ਦੁਨੀਆ ਓਸੇ ਦੀ ਚੌੜੀ ਹੋ ਸਕਦੀ ਹੈ, ਜਿਹੜਾ ਆਪਣੀ ਦੁਨੀਆ ਦੀਆਂ ਹੱਦਾਂ ਆਪੇ ਤੋਂ, ਪਰਵਾਰ ਤੋਂ, ਕੌਮ ਤੋਂ, ਦੇਸ ਤੋਂ ਪ੍ਰੇਡੀਆਂ ਪ੍ਰੇਡੀਆਂ ਕਰਦਾ ਜਾਂਦਾ ਹੈ; ਤੇ ਓੜਕ ਇਹ ਹੱਦਾਂ ਮਨੁੱਖਤਾ ਨੂੰ ਵੀ ਪਾਰ ਕਰ ਕੇ, ਹਰੇਕ ਜੀਵ-ਜੰਤੂ ਨੂੰ ਆਪਣੇ ਘੇਰੇ ਵਿਚ ਲਿਆ ਕੇ, ਬ੍ਰਹਮੰਡ ਦੇ ਪਾਰਲੇ ਚੱਕਰ ਨੂੰ ਛੁਹ ਲੈਂਦੀਆਂ ਹਨ। ਆਪਣੇ ਹਮ-ਜਿਨਸਾਂ ਦੀ ਅਤੁਟ ਸੇਵਾ ਵਿਚ ਆਪਣੀਆਂ ਤਾਕਤਾਂ ਨੂੰ ਵਰਤਣ ਵਿਚ ਕੋਈ ਕੁਰਬਾਨੀ ਨਹੀਂ, ਸਗੋਂ ਨਿੱਜੀ ਵਾਧੇ ਦਾ ਇਹੋ ਇਕ ਯਕੀਨੀ ਸਾਧਨ ਹੈ।

ਮਜ਼੍ਹਬੀ ਵੇਰਵੇ ਬੇ-ਅਰਥ ਹਨ। ਕੌਮੀ ਤੇ ਮੁਲਕੀ ਵੇਰਵੇ ਹਾਨੀਕਾਰਕ ਹਨ। ਕਿਹਾ ਚੰਗਾ ਹੋਵੇ ਜੇ ਸਭੋ 'ਆਦਮੀ' ਹੋਣ ! ਆਦਮੀ ਦੇ ਛੁਟ ਅਸੀਂ ਹੋਰ ਕੁਝ ਵੀ ਨਹੀਂ, ਪਰ ਗ਼ਲਤ-ਫ਼ਹਿਮੀ ਦਾ ਸ਼ਿਕਾਰ ਹੋ ਕੇ ਅਸੀਂ ਭਿੰਨ ਭਿੰਨ ਜਮਾਤਾਂ ਵਿਚ ਵੰਡੇ ਗਏ ਹਾਂ।

ਆਓ ! ਨਵੇਂ ਸਾਲ ਕੋਲੋਂ ਅਸੀਂ ਇਹ ਦ੍ਰਿਸ਼ਟੀ ਮੰਗੀਏ, ਨਵੇਂ ਪਿਆਰ ਨਾਲ ਨਵੇਂ ਸਿਰਿਓਂ ਇਹ ਜੀਵਨ ਧੜਕਾਈਏ, ਨਵੀਆਂ ਰੀਝਾਂ ਦੀ ਲੜੀ ਵਿਚ ਨਵੇਂ ਦਿਲ ਪ੍ਰੋਈਏ। ਉਹ ਮਜ਼੍ਹਬ, ਉਹ ਫ਼ਲਸਫ਼ਾ, ਉਹ ਅਖ਼ਲਾਕ ਗ਼ਲਤ ਹੈ; ਉਹ ਨਿਆਂਕਾਰ, ਵਕੀਲ ਤੇ ਮਜ਼੍ਹਬੀ ਸਿਆਣੇ ਤੁਹਾਨੂੰ ਗੁੰਮਰਾਹ ਕਰ ਰਹੇ ਹਨ, ਜਿਹੜੇ ਮੰਦਰਾਂ ਮਸੀਤਾਂ ਨੂੰ ਵਖਰੇ ਵਖਰੇ ਰੱਬ ਦੇ ਅਸਥਾਨ ਦੱਸ ਕੇ ਇੱਕ ਦੂਜੇ ਲਈ ਵਰਜਿਤ ਕਰਦੇ ਹਨ, ਤੇ ਉਸ ਰੱਬ ਦੇ ਨਾਵਾਂ ਉਤੋਂ ਤੁਹਾਨੂੰ ਲੜਾਂਦੇ ਹਨ।

ਲੜਾਣ ਵਾਲਾ ਰੱਬ, ਪੂਜਾ ਪ੍ਰਸਤਸ਼ ਮੰਗਣ ਵਾਲਾ ਰੱਬ, ਬਦਲੇ ਲੈਣ ਤੇ ਦੇਣ ਵਾਲਾ ਰੱਬ, ਕੋਈ ਰੱਬ ਨਹੀਂ ਹੋ ਸਕਦਾ। ਲੋਕਾਈ ਆਪਣੀਆਂ ਉਮਰਾਂ ਦਾ ਬੜਾ ਚੰਗਾ ਭਾਗ ਬੇ-ਅਰਥ ਇਨ੍ਹਾਂ ਫ਼ਰਜ਼ੀ ਰੱਬ ਦੇ ਘਰਾਂ ਵਿਚ ਨਾਸ਼ ਕਰ ਰਹੀ ਹੈ। ਰੱਬ ਇਨ੍ਹਾਂ ਘਰਾਂ ਵਿਚ ਏਨਾ ਵੀ ਨਹੀਂ ਵੱਸਦਾ

ਜਿੰਨਾ ਸਾਡੇ ਆਪਣੇ ਤੇ ਗੁਆਂਢੀਆਂ ਦੇ ਦਿਲਾਂ ਵਿਚ । ਇਨ੍ਹਾਂ ਘਰਾਂ ਵਿਚ ਜਿਹੜੀ ਦਿਨੇ ਰਾਤ ਪੂਜਾ ਹੁੰਦੀ ਹੈ ਉਸ ਨੂੰ ਕੋਈ ਰੱਬ ਪ੍ਰਵਾਨ ਨਹੀਂ ਕਰਦਾ; ਇਹ ਜੋਤਾਂ ਆਰਤੀਆਂ ਅਕਾਰਥ ਬਲ ਕੇ ਬੁਝ ਰਹੀਆਂ ਹਨ ; ਕੋਈ ਵੇਖਦਾ ਨਹੀਂ, ਕੋਈ ਸੁਣਦਾ ਨਹੀਂ, ਕੋਈ ਖ਼ੁਸ਼ ਨਹੀਂ ਹੁੰਦਾ, ਕੋਈ ਭੇਟਾ ਸਵੀਕਾਰ ਨਹੀਂ ਕਰਦਾ। ਲੋਕਾਈ ਨੂੰ ਭੁਲੇਖਿਆਂ ਦੀ ਧੁੰਦ ਵਿਚ ਬੇ-ਸੁਰਤ ਕਰ ਕੇ ਲੁੱਟਿਆ ਜਾ ਰਿਹਾ ਹੈ।

ਇਸ ਦਾ ਇਹ ਭਾਵ ਨਹੀਂ, ਕਿ ਦੁਨੀਆ ਨਾਸਤਕ ਹੋ ਜਾਵੇ। ਕੋਈ ਚੰਗੀਆਂ ਰੁਚੀਆਂ ਵਾਲਾ ਦਿਲ ਦਿਮਾਗ਼ ਨਾਸਤਕ ਨਹੀਂ ਹੋ ਸਕਦਾ। ਅਸਲ ਵਿਚ ਅੱਜ ਬਹੁਤੀ ਦੁਨੀਆ ਨਾਸਤਕ ਹੈ, ਦੁਨੀਆ ਦੇ ਬਹੁਤੇ ਮਜ਼੍ਹਬ ਰੱਬ ਦੇ ਨਾਂ ਹੇਠਾਂ ਨਾਸਤਕਤਾ ਦਾ ਪਰਚਾਰ ਕਰ ਰਹੇ ਹਨ। ਸਾਡੇ ਜੀਵਨ ਦਾ ਸਾਰਾ ਵਤੀਰਾ ਨਾਸਤਕਾਨਾ ਹੈ, ਤੇ ਇਹ ਨਾਸਤਕਤਾ ਮਜ਼੍ਹਬ ਦੀ ਛਤਰ-ਛਾਇਆ ਹੇਠਾਂ ਪਰਚਾਰੀ ਜਾ ਰਹੀ ਹੈ।

ਪਰ ਕੋਈ ਚੰਗਾ ਆਦਮੀ ਚਾਰ ਕਦਮ ਨਹੀਂ ਤੁਰ ਸਕਦਾ ਕਿ ਰੱਬ ਉਸ ਦੇ ਰੂ-ਬਰੂ ਹੋ ਖਲੋਂਦਾ ਹੈ। ਰੱਬ ਕੋਈ ਇੱਕ ਥਾਂ ਬਿਰਾਜਣ ਵਾਲੀ ਸ਼ਾਨਦਾਰ ਹਸਤੀ ਨਹੀਂ ਕਿ ਕਿਸੇ ਦੀ ਸਿਫ਼ਾਰਸ਼ ਬਿਨਾਂ ਉਸ ਕੋਲ ਪਹੁੰਚਿਆ ਨਹੀਂ ਜਾਂਦਾ, ਜਾਂ ਉਸ ਦੇ ਕੋਲ ਪਹੁੰਚਣ ਲਈ ਉਚੇਰੇ ਔਖੇ ਸਾਧਨਾਂ ਦੀ ਲੋੜ ਹੈ। ਰੱਬ ਇੱਕ ਚਾਨਣ ਹੈ, ਜਿਹੜਾ ਬਿਜਲੀ ਦੀ ਰੌ ਵਾਂਗੂ ਹਰੇਕ ਹਿਰਦੇ ਤੇ ਹਰੇਕ ਵਸਤ ਵਿਚ ਵਸਦਾ ਹੈ। ਅਸੀਂ ਚੀਜ਼ਾਂ ਵੇਖਦੇ ਹਾਂ, ਤੇ ਚੀਜ਼ਾਂ ਨੂੰ ਹੀ ਅਸਲੀਅਤ ਸਮਝਦੇ ਹਾਂ, ਪਰ ਅਸਲੀਅਤ ਉਹ ਚਾਨਣ ਹੈ ਜਿਹੜਾ ਪਿਛੋਂ ਦੀ ਇਨ੍ਹਾਂ ਚੀਜ਼ਾਂ ਨੂੰ ਰੂਪਮਾਨ ਕਰਦਾ ਹੈ। ਜੀਕਰ ਹਨੇਰੀ ਰਾਤ ਵਿਚ ਅਣਜਗਦੀ ਕੋਈ ਚੀਜ਼ ਵਿਖਾਈ ਨਹੀਂ ਦੇ ਸਕਦੀ, ਓਕਰ ਓਸ ਰੱਬੀ ਚਾਨਣ ਬਿਨਾਂ ਕਿਸੇ ਚੀਜ਼ ਦਾ ਰੂਪ ਵੇਖਿਆ ਨਹੀਂ ਜਾ ਸਕਦਾ।

ਇਹੋ ਇੱਕ ਅੰਤਰ-ਜੋਤ ਹੈ ਜਿਹੜੀ ਰਗਾ-ਰੰਗ ਦੇ ਫ਼ਲੂਸਾਂ ਨੂੰ ਰੌਸ਼ਨ ਕਰ ਕੇ ਇਸ ਅਨੂਪਮ ਦੁਨੀਆ ਨੂੰ ਦ੍ਰਿਸ਼ਟੀ ਵਿਚ ਲਿਆਉਂਦੀ ਹੈ। ਇਸ ਅੰਤਰ-ਜੋਤ ਨੂੰ ਪਛਾਣਨਾ ਰੱਬ ਨੂੰ ਪ੍ਰਾਪਤ ਕਰਨਾ ਹੈ। ਓਹੀ ਅਸਲੀ ਆਸਤਕ ਹੈ ਜਿਸ ਨੇ ਅਨੇਕਾਂ ਸੂਰਤਾਂ ਪਿਛੇ ਖਲੋਤੀ ਏਸ ਏਕਤਾ ਨੂੰ ਪਛਾਣ ਲਿਆ ਹੈ।

ਓਹੀ ਕੌਮਾਂ ਖ਼ੁਸ਼ਹਾਲ ਰਹਿ ਸਕਣਗੀਆਂ ਜਿਨ੍ਹਾਂ ਨੇ ਇਸ ਸਾਂਝੇ ਚਾਨਣ

ਨੂੰ ਵੇਖ ਲਿਆ ਹੈ। ਨਿਰੋਲ ਆਪਣਾ ਲਾਭ ਢੂੰਡਣ ਤੇ ਵਖੇਵੇਂ ਸੰਭਾਲਣ ਵਾਲੀਆਂ ਕੌਮਾਂ ਇੱਕ ਦੂਜੇ ਨਾਲ ਭਿੜ ਕੇ ਚੂਰ ਹੋ ਜਾਣਗੀਆਂ, ਇਨ੍ਹਾਂ ਦੀ ਅੰਤਰ-ਜੋਤ ਕਦੇ ਵੀ ਅਡੋਲ ਲਾਟ ਵਾਂਗ ਬਲਦੀ ਨਹੀਂ ਰਹਿ ਸਕੇਗੀ, ਤੇ ਹਿੱਲਦੀ ਲਾਟ ਨਾਲ ਵੇਖੀ ਦੁਨੀਆ ਦਾ ਅਨੁਮਾਨ ਕਦੇ ਠੀਕ ਨਹੀਂ ਲੱਗ ਸਕਦਾ।

ਇਹੀ ਕਾਰਣ ਹੈ ਕਿ ਸਾਡੇ ਦੇਸ ਦੇ ਬਹੁਤੇ ਅਨੁਮਾਨ ਗ਼ਲਤ ਹਨ। ਅਸੀਂ ਆਪਣੇ ਅਸਲੀ ਲਾਭ ਨੂੰ ਭੁਲਾ ਕੇ ਫ਼ਰਜ਼ੀ ਗੋਰਖ-ਧੰਦਿਆਂ ਵਿਚ ਫਾਥੇ ਪਏ ਹਾਂ। ਸਾਡਾ ਪਹਿਲਾ ਕੰਮ ਹੈ, ਕਿ ਅਸੀਂ ਧਰਤੀ ਦੇ ਆਪਣੇ ਭਾਗ ਕੋਲੋਂ ਆਪਣੇ ਲਈ ਪੂਰੀ ਖ਼ੁਰਾਕ ਤੇ ਲੋੜੀਂਦਾ ਆਰਾਮ ਪ੍ਰਾਪਤ ਕਰੀਏ, ਅਤੇ ਆਪਣੇ ਭਾਗ ਨੂੰ ਸੁਹਣਾ ਬਣਾਈਏ, ਆਪਣੇ ਜੀਵਨ ਨੂੰ ਸੁਤੰਤ੍ਰ ਨਿਭਾ ਸਕੀਏ। ਪਰ ਅਸੀਂ ਨਿਕਾਰੀਆਂ ਗੱਲਾਂ ਵਿਚ ਦਿਲਚਸਪੀ ਲੈ ਰਹੇ ਹਾਂ। ਹਰ ਸੂਬੇ ਵਿਚ, ਹਰ ਸ਼ਹਿਰ ਵਿਚ ਤਿੰਨ-ਤਿੰਨ ਚਾਰ-ਚਾਰ ਜਮਾਤਾਂ ਹਨ, ਤੇ ਇਹ ਜਮਾਤਾਂ ਇੱਕ ਦੂਜੇ ਦੇ ਸੁਖ ਦੀ ਈਰਖਾ ਕਰ ਰਹੀਆਂ ਹਨ ਤੇ ਆਪਣੇ ਸੁਖਾਂ ਨੂੰ ਦੂਜਿਆਂ ਦੇ ਸੁਖ ਖੋਹਣ ਵਿਚ ਬਰਬਾਦ ਕਰ ਰਹੀਆਂ ਹਨ।

ਮੈਨੂੰ ਆਪਣੇ ਪਾਠਕਾਂ ਦੀ ਸਿਆਣਪ ਦਾ ਮਾਣ ਹੈ। ਏਸ ਲਈ ਮੈਂ ਉਨ੍ਹਾਂ ਦੀ ਸੇਵਾ ਵਿਖੇ ਬੜੇ ਸਤਿਕਾਰ ਪਰ ਬੜੇ ਜ਼ੋਰ ਨਾਲ ਅਪੀਲ ਕਰਦਾ ਹਾਂ, ਕਿ ਉਹ ਨਵੇਂ ਸਾਲ ਦੇ ਅਰੰਭ ਵਿਚ ਨਵੇਂ ਇਰਾਦੇ ਤੇ ਨਵੇਂ ਪ੍ਰਣ ਕਰਨ। ਲੱਗਪਗ ਹਰੇਕ ਮੁਲਕ ਪਿਛਲੇ ਪੰਝੀਆਂ ਸਾਲਾਂ ਵਿਚ ਅਗੇ ਨਾਲੋਂ ਸੁਹਣੇਰਾ ਹੋ ਗਿਆ ਹੈ। ਬੜੇ ਚੰਗੇ ਸਕੂਲ, ਸੁਹਣੇ ਪਾਰਕ ਤੇ ਆਰਾਮ ਭਰੇ ਘਰ ਬਣ ਗਏ ਹਨ। ਅਰੋਗਤਾ, ਸਫ਼ਾਈ ਤੇ ਵਿਦਿਆ ਘਰ ਘਰ ਵਿਚ ਪੁਚਾਏ ਜਾ ਰਹੇ ਹਨ।

ਪਰ ਸਾਡੇ ਦੇਸ ਦੇ ਪਿੰਡਾਂ ਵਿਚ ਤੱਕਿਆ ਨਹੀਂ ਜਾਂਦਾ। ਸਾਡੇ ਸ਼ਹਿਰਾਂ ਵਿਚ ਵੀ ਕੋਈ ਬਹੁਤ ਚੰਗੀ ਝਾਤੀ ਨਹੀਂ। ਲੱਗਪੱਗ ਸਾਰੇ ਸੱਭਿਅ ਦੇਸ ਸੁਤੰਤ੍ਰ ਹਨ, ਪਰ ਅਸੀਂ ਅੱਜ ਵੀਹਵੀਂ ਸਦੀ ਵਿਚ ਸੁਤੰਤ੍ਰ ਹੋਣ ਦੀ ਕੋਈ ਪੱਕੀ ਆਸ ਨਹੀਂ ਰਖਦੇ। ਸਾਡੇ ਆਲੇ-ਦੁਆਲੇ ਦਾ ਦ੍ਰਿਸ਼ ਅਜੇ ਉਸੇ ਤਰ੍ਹਾਂ ਹੈ। ਬਹੁਤੇ ਲੋਕ ਨਿੱਕੀਆਂ ਗੱਲਾਂ ਵਿਚ ਰੁੱਝੇ ਪਏ ਹਨ।

ਛੋਟੇ ਛੋਟੇ ਖ਼ਿਆਲਾਂ ਵਿਚ ਮੇਰੇ ਹਮਵਤਨ ਫਾਥੇ ਨਾ ਰਹਿਣ। ਮੁਲਕ ਦੀ ਹੋਣੀ ਦਾ ਵੱਡਾ ਖ਼ਿਆਲ ਆਪਣੇ ਸਾਹਮਣੇ ਰਖਣ। ਮੁੱਕਤੀ, ਸਮਾਧੀ,

ਪਰਲੋਕ ਬੜੇ ਬੇਲੋੜੇ ਜਿਹੇ ਖ਼ਿਆਲ ਹਨ। ਕੋਈ ਆਖ਼ਰ ਨਹੀਂ ਆ ਜਾਏਗੀ, ਜੇ ਸਾਨੂੰ ਮੁਕਤੀ ਨਹੀਂ ਮਿਲ ਸਕੇਗੀ। ਆਪਣਾ ਸਾਰਾ ਖ਼ਿਆਲ ਆਪਣੀ ਤੇ ਮੁਲਕ ਦੀ ਹੋਣੀ ਉਤੇ ਲਾ ਦਿਓ। ਸੜਕਾਂ ਬਣਨ ਵਾਲੀਆਂ ਹਨ, ਸਕੂਲ ਖੁੱਲ੍ਹਣ ਵਾਲੇ ਹਨ, ਗਲੀਆਂ ਸਾਫ਼ ਕਰਨ ਵਾਲੀਆਂ ਹਨ, ਘਰ ਚਾਨਣੇ ਕਰਨ ਵਾਲੇ ਹਨ। ਇਹ ਗੱਲ ਗ਼ਲਤ ਹੈ ਕਿ ਇਨ੍ਹਾਂ ਕੰਮਾਂ ਲਈ ਧਨ ਦੀ ਘਾਟ ਹੈ। ਸੜਕਾਂ ਚਾਂਦੀ ਨਾਲ ਨਹੀਂ ਬਣਾਈਆਂ ਜਾਂਦੀਆਂ, ਨਾ ਸਕੂਲ ਮੁਹਰਾਂ ਨਾਲ ਖੋਲ੍ਹੇ ਜਾਂਦੇ ਹਨ। ਸੜਕਾਂ, ਸਕੂਲ ਪੱਥਰਾਂ ਨਾਲ ਬਣਾਂਦੇ ਹਨ ਤੇ ਆਦਮੀ ਇਹਨਾਂ ਪੱਥਰਾਂ ਨੂੰ ਹੱਥਾਂ ਨਲ ਕੱਟ ਸਕਦੇ ਹਨ। ਪੱਥਰ ਵੀ ਬੇਅੰਤ ਪਏ ਹਨ, ਤੇ ਆਦਮੀ ਵੀ ਬੇਅੰਤ ਵਿਹਲੇ ਬੈਠੇ ਹਨ। ਕਿਸੇ ਕੰਮ ਲਈ ਸੋਨਾ ਨਹੀਂ ਚਾਹੀਦਾ। ਆਦਮੀ, ਖ਼ੁਰਾਕ ਤੇ ਮਸਾਲਾ ਦੁਨੀਆ ਦੇ ਤਿੰਨ ਵੱਡੇ ਅੰਸ਼ ਹਨ। ਆਦਮੀ ਵੀ ਕਈ ਕਰੋੜ ਹਨ, ਖ਼ੁਰਾਕ ਵੀ ਘਟ ਨਹੀਂ, ਅੱਜ ਵੀ ਬੜੀ ਥਾਈਂ ਕੋਠਿਆਂ ਦੇ ਕੋਠੇ ਕਣਕ ਨਾਲ ਭਰੇ ਪਏ ਹਨ। ਸੱਟੇਬਾਜ਼ਾਂ ਦੀ ਮੁਨਾਫ਼ੇ ਦੀ ਰੀਝ, ਕਈਆਂ ਢਿੱਡਾਂ ਕੋਲੋਂ ਆਨਾਜ ਖੋਹ ਕੇ ਕੀੜਿਆਂ ਤੇ ਸਿਓਂਕ ਦੇ ਮੂੰਹ ਪਾ ਰਹੀ ਹੈ। ਅੱਵਲ ਤੇ ਖ਼ੁਰਾਕ ਹੈ ਈ ਕਾਫ਼ੀ, ਤੇ ਜੇ ਨਹੀਂ ਕਾਫ਼ੀ ਤਦ ਵੀ ਹੋਰ ਪੈਦਾ ਕੀਤੀ ਜਾ ਸਕਦੀ ਹੈ, ਏਕੜਾਂ ਦੇ ਏਕੜ ਧਰਤੀ ਹੱਲਾਂ ਦੀ ਕੁਤਕੁਤਾੜੀ ਲਈ ਤਰਸ ਰਹੀ ਹੈ। ਅਨੇਕਾਂ ਵਿਹਲਿਆਂ ਨੂੰ ਇਸ ਧਰਤੀ ਉਤੇ ਕੰਮ ਲਾ ਕੇ ਕਰੋੜਾਂ ਆਦਮੀਆਂ ਲਈ ਖ਼ੁਰਾਕ ਪੈਦਾ ਕੀਤੀ ਜਾ ਸਕਦੀ ਹੈ, ਤੇ ਲੱਖਾਂ ਅਧਿਆਪਕ ਕਰੋੜਾਂ ਬੱਚਿਆਂ ਨੂੰ ਪੜ੍ਹਾਣ ਲਈ ਵਰਤੇ ਜਾ ਸਕਦੇ ਹਨ।

●

ਰੁਪਈਆ, ਮਨੁੱਖ ਨੇ ਇੱਕ ਰੁਕਾਵਟ ਖੜੀ ਕਰ ਲਈ ਹੈ। ਜਦ ਮਨੁੱਖ ਵੀ ਹੋਣ ਤੇ ਸਾਡੀ ਧਰਤੀ ਦਾ ਭਾਗ ਮਸਾਲੇ ਨਾਲ ਵੀ ਭਰਪੂਰ ਹੋਵੇ, ਤਾਂ ਕੀ ਕੋਈ ਕਾਰਣ ਖ਼ਿਆਲ ਕੀਤਾ ਜਾ ਸਕਦਾ ਹੈ, ਕਿ ਸਾਡਾ ਕੋਈ ਨੌਜਵਾਨ ਵੀ ਵਿਹਲਾ ਰਹੇ? ਕੀ ਕੰਮਾਂ ਦਾ ਘਾਟਾ ਹੈ?

ਘਾਟਾ ਤੇ ਕਾਸੇ ਦਾ ਵੀ ਨਹੀਂ, ਸਾਡਾ ਦ੍ਰਿਸ਼ਟੀਕੋਣ ਬਿਲਕੁਲ ਘਟੀਆ ਹੈ, ਸਾਡਾ ਸਾਰਾ ਫ਼ਲਸਫ਼ਾ ਗ਼ਲਤ ਹੈ। ਸਾਡੇ ਮੰਦਰਾਂ ਵਿਚ ਗ਼ਲਤ ਆਦਰਸ਼ ਸਿਖਾਏ ਜਾਂਦੇ ਹਨ। ਸਾਡਾ ਮਜ਼੍ਹਬ ਗ਼ਲਤ ਉਪਦੇਸ਼ ਦੇ ਰਿਹਾ ਹੈ। ਗੁਣਾਂ ਦਾ ਨਾਪ ਦੌਲਤ ਨਹੀਂ ਹੋ ਸਕਦੀ, ਸਗੋਂ ਬੇ-ਗ਼ਰਜ਼ ਸੇਵਾ ਦੀ ਸਮਰਥਾ ਹੀ ਸਭ ਚੰਗਿਆਈਆਂ ਦਾ ਨਾਪ ਹੈ। ਪਰ ਸਾਡੇ ਮੰਦਰ ਦੌਲਤ ਦਾ ਆਦਰਸ਼

ਪੇਸ਼ ਕਰ ਰਹੇ ਹਨ। ਇਹਨਾਂ ਮੰਦਰਾਂ ਦੀ ਅਮੀਰੀ, ਇਹਨਾਂ ਦੇ ਸੋਨੇ ਤੇ ਸੰਗਮਰਮਰ ਧਨ ਦੀ ਖ਼ੁਸ਼ਾਮਦ ਕਰਦੇ ਹਨ। ਧਨ ਦੀ ਪ੍ਰਧਾਨਗੀ ਅਵੱਸ਼ ਹੋ ਜਾਂਦੀ ਹੈ, ਜਿਥੇ ਸੋਨੇ ਦੇ ਬੁੱਤ ਤੇ ਜਵਾਹਰਾਂ ਦੇ ਜਲੌ ਮਜ਼ਬ ਦਾ ਭਾਗ ਸਮਝੇ ਜਾਣ।

ਪਰ ਕੁਦਰਤ ਦਾ ਚੰਗਾ ਮਨੁੱਖ ਉਹ ਹੈ, ਜਿਹੜਾ ਦੂਜਿਆਂ ਦੇ ਸੁਖਾਂ ਨੂੰ ਸਨਮੁਖ ਰਖਦਾ ਹੈ, ਜਿਸ ਦੇ ਅੰਦਰ ਪਰਸੁਆਰਥ ਦੀ ਰੂਹ ਹੈ, ਜਿਸ ਨੇ ਪ੍ਰੇਮ ਦਾ ਕਾਨੂੰਨ ਸਮਝ ਲਿਆ ਹੈ, ਜਿਹੜਾ ਆਪਣੇ ਜੀਵਨ ਦਾ ਘੇਰਾ ਏਡਾ ਚੌੜਾ ਕਰ ਲੈਂਦਾ ਹੈ, ਕਿ ਸਾਰੀ ਦੁਨੀਆ ਉਸ ਦੇ ਨਿੱਕੇ ਜਿਹੇ ਦਿਲ ਅੰਦਰ ਧੜਕਦੀ ਹੈ।

ਸਾਡੇ ਨਿੱਜੀ ਸਵਾਲ ਲੋਕਾਈ ਦੇ ਸਵਾਲਾਂ ਨਾਲ ਇਸ ਤਰ੍ਹਾਂ ਪਲਚੇ ਹੋਏ ਹਨ, ਕਿ ਕੋਈ 'ਮਨੁੱਖ ਲੋਕਾਈ ਦੇ ਪਲਚੇ ਕੱਢੇ ਬਿਨਾਂ ਆਪਣੀ ਕੋਈ ਤੰਦ ਸਿੱਧੀ ਨਹੀਂ ਕਰ ਸਕਦਾ। ਕੁਦਰਤ ਦਾ ਕਾਨੂੰਨ ਹੈ, ਕਿ ਹਰ ਇੱਕ ਨਿੱਜੀ ਲਾਭ ਪਿਛੇ ਦੋ ਲਾਭ ਲੋਕਾਈ ਨੂੰ ਪੁਚਾਣੇ ਪੈਣਗੇ। ਜਿਹੜਾ ਮੂਰਖ ਲੋਕਾਈ ਨੂੰ ਲਾਭ ਪੁਚਾਣੋ ਸੰਕੋਚ ਕਰਦਾ ਹੈ, ਉਹ ਆਪੀਂ ਵੀ ਵਾਂਝਿਆ ਰਹਿੰਦਾ ਹੈ। ਇਸ ਲਈ ਅਸਲ ਅਰਥਾਂ ਵਿਚ ਜਿਹੜਾ ਕੋਈ ਅਮੀਰ ਹੋਣਾ ਲੋੜਦਾ ਹੈ, ਉਸ ਲਈ ਅਵੱਸ਼ ਹੈ ਕਿ ਉਹ ਆਪਣੇ ਨਾਲੋਂ ਦੂਣੀ ਅਮੀਰੀ ਆਪਣੇ ਆਲੇ-ਦੁਆਲੇ ਵਿਚ ਖਿਲਾਰੇ। ਅਸੀਂ ਹਿੰਦੁਸਤਾਨੀ ਕਿਉਂ ਗ਼ਰੀਬ ਹਾਂ, ਕਿਉਂਕਿ ਸਾਡਾ ਫ਼ਲਸਫ਼ਾ 'ਨਿੱਜੀ' ਹੈ। ਅਸੀਂ ਇਕੱਲੇ ਹੀ ਮੁੱਕਤ ਹੋਣਾ ਚਾਹੁੰਦੇ ਹਾਂ, ਸਾਡੀਆਂ ਪ੍ਰਾਰਥਨਾਵਾਂ ਦਾ ਕੇਂਦਰ ਸਿਰਫ਼ ਸਾਡਾ ਆਪਣਾ ਆਪ ਹੈ। ਅਸੀਂ ਇਕੱਲੇ ਅਮੀਰ ਹੋਣਾ ਚਾਹੁੰਦੇ ਹਾਂ। ਈਸਟ ਇੰਡੀਆ ਕੰਪਨੀ ਦੇ ਸੁਦਾਗਰਾਂ ਦੇ ਸੌ ਪੌਂਡ ਦੇ ਮੁਨਾਫ਼ੇ ਪਿਛੇ ਮੁਲਕ ਨੂੰ ਹਜ਼ਾਰ ਪੌਂਡ ਦਾ ਮੁਨਾਫ਼ਾ ਪੁਚਾਇਆ ਜਾਂਦਾ ਸੀ। ਈਸਟ ਇੰਡੀਆ ਕੰਪਨੀ ਦੇ ਸੁਦਾਗਰ ਰਾਜਿਆਂ ਰਾਣਿਆਂ ਕੋਲੋਂ ਆਪਣੇ ਲਈ ਰਿਆਇਤਾਂ ਨਹੀਂ ਸਨ ਮੰਗਦੇ, ਆਪਣੇ ਮੁਲਕ ਦੀ ਤਿਜਾਰਤ ਲਈ ਮੰਗਦੇ ਸਨ। ਉਹਨਾਂ ਦੇ ਡਾਕਟਰ ਨਿੱਜੀ ਸੇਵਾ ਦੇ ਬਦਲੇ ਵਿਚ ਆਪਣੀ ਕੌਮ ਲਈ ਫ਼ੀਸਾਂ ਮੰਗਦੇ ਸਨ।

ਹਰ ਕੋਈ ਅਮੀਰ ਹੋ ਸਕਦਾ ਹੈ, ਪਰ ਅਟੱਲ ਸ਼ਰਤ ਇਹ ਹੈ, ਕਿ ਉਹ ਆਪਣੇ ਨਾਲੋਂ ਦੂਣੀ ਅਮੀਰੀ ਦੂਜਿਆਂ ਨੂੰ ਦੇਵੇਗਾ। ਸਾਡੇ ਦੇਸ ਦੇ ਅਮੀਰ ਆਦਮੀ ਵੀ ਦੂਜਿਆਂ ਨੂੰ ਅਮੀਰ ਕਰਦੇ ਹਨ। ਹਰੇਕ ਸੌ ਰੁਪਏ ਦੀ

ਕਮਾਈ ਦੋ ਸੌ ਰੁਪਈਆ ਮੁਨਸ਼ੀਆਂ, ਕਲਰਕਾਂ ਤੇ ਕਾਰੀਗਰਾਂ ਨੂੰ ਦੇ ਕੇ ਹੀ ਮਿਲ ਸਕਦੀ ਹੈ। ਪਰ ਸਾਡੇ ਤੇ ਹੋਰਨਾਂ ਸਿਆਣੇ ਦੇਸਾਂ ਦੇ ਅਮੀਰਾਂ ਵਿਚ ਇਹ ਫ਼ਰਕ ਹੈ, ਕਿ ਸਾਡੇ ਅਮੀਰ ਆਪਣੇ ਰਾਹੀਂ ਦਿੱਤੀ ਜਾਂਦੀ ਅਮੀਰੀ ਦੀ ਈਰਖਾ ਕਰਦੇ ਹਨ। ਜੋ ਦੇਂਦੇ ਹਨ, ਮਜਬੂਰ ਹੋ ਕੇ ਦੇਂਦੇ ਹਨ; ਪਰ ਸਿਆਣੇ ਅਮੀਰ ਏਸ ਕਾਨੂੰਨ ਨੂੰ ਸਮਝ ਕੇ ਖ਼ੁਸ਼ੀ ਨਾਲ ਦੇਂਦੇ ਹਨ, ਦੂਜਿਆਂ ਦਾ ਹੱਕ ਸਮਝ ਕੇ ਦੇਂਦੇ ਹਨ, ਤੇ ਕਿਰਤੱਗ ਹੁੰਦੇ ਹਨ।

ਨਿੱਜੀ ਫ਼ਲਸਫ਼ੇ ਦੇ ਦ੍ਰਿਸ਼ਟੀਕੋਣ ਨੂੰ ਤਿਆਗਣ ਦੇ ਉਪਦੇਸ਼ ਦੀ ਲੋੜ ਹੈ। ਮੇਰੇ ਪਾਠਕ ਆਪਣੇ ਸਾਰੇ ਤਨ ਮਨ ਨਾਲ ਇਸੇ ਵਿਸ਼ੇ ਉਤੇ ਚਾਨਣਾ ਪਾਣ। ਭਰਾਵਾਂ ਦੇ ਮਨਾਂ ਵਿਚੋਂ ਫੋਕੇ ਵਹਿਮ ਕੱਢਣ, ਬੇਲੋੜੀਆਂ ਰਸਮਾਂ ਤੋਂ ਆਜ਼ਾਦ ਕਰਾਣ, ਸਾਂਝੀਵਾਲਤਾ ਤੇ ਪਿਆਰ ਦੀ ਪ੍ਰੇਰਣਾ ਕਰਨ, ਮਨੁੱਖ ਨੂੰ ਮਨੁੱਖ ਦਾ ਜਾਣੂ ਕਰਾਣ ਵਾਲਾ ਗਿਆਨ ਦੇਣ; ਤੇ ਸਭ ਤੋਂ ਵਧੀਕ, ਅਗਲੀ ਫ਼ਰਜ਼ੀ ਦੁਨੀਆ ਦਾ ਭਾਰ ਲਾਹ ਕੇ ਇਸ ਆਪਣੀ ਦੁਨੀਆ ਨੂੰ ਸਵਰਗ ਬਣਾ ਕੇ ਰਹਿਣ ਦਾ ਸੰਕੇਤ ਦੇਣ, ਦਲੇਰ ਹੋਣ, ਦਲੇਰੀ ਨਾਲ ਸੁਤੰਤ੍ਰਤਾ ਦਾ ਆਦਰਸ਼ ਪੇਸ਼ ਕਰਨ; ਆਪਣੇ ਅੰਤਹਕਰਣ ਦੀ ਆਵਾਜ਼ ਦੀ ਦਲੇਰੀ ਨਾਲ ਪੈਰਵੀ ਕਰਨ ਤੇ ਭੇਡ-ਚਾਲ ਦੀ ਗ਼ੁਲਾਮੀ ਛੱਡ ਕੇ ਦਲੇਰੀ ਨਾਲ ਨਵੇਂ ਰਸਤੇ ਢੂੰਡਣ, ਨਵੇਂ ਖ਼ਿਆਲ ਤੇ ਨਵੀਆਂ ਈਜਾਦਾਂ ਨਾਲ ਦੁਨੀਆ ਨੂੰ ਤਾਜ਼ਾ ਕਰਨ ਤੇ ਦੁਨੀਆ ਦੇ ਹੁਸਨ ਵਿਚ ਨਿਤ ਨਵੇਂ ਫੀਤੇ ਬੰਨ੍ਹਣ; ਹਰ ਨਵਾਂ ਸਾਲ ਕੋਈ ਨਵੀਂ ਝਾਤੀ ਵਿਖਾਲੇ, ਕੋਈ ਨਵਾਂ ਰਾਗ ਸੁਣਾਵੇ।

[ 1938

5

# ਸਦਾ ਸ਼ੁਭ-ਇੱਛਕ ਬਣੋ

ਜ਼ਿੰਦਗੀ ਦੀਆਂ ਬਰਕਤਾਂ ਵਿਚੋਂ ਸਭ ਤੋਂ ਚੰਗੀ ਬਰਕਤ ਸਾਥੀਆਂ ਦੀ ਸ਼ੁਭ-ਇੱਛਾ ਹੈ। ਗੁਆਂਢੀਆਂ ਤੇ ਸਾਥੀਆਂ ਦੀ ਸ਼ੁਭ-ਇਛਾ ਨਾਲੋਂ ਵਡੇਰੀ ਸੁਰੱਖਿਆ ਹੋਰ ਕੋਈ ਨਹੀਂ, ਨਾ ਉਚੇਰੀ ਕੋਈ ਪ੍ਰੇਰਨਾ ਹੈ। ਇਕੱਲੀ ਇਹ ਸ਼ੁਭ-ਇੱਛਾ ਮਾਨਸ ਨੂੰ ਦੇਵ ਬਣਾ ਸਕਦੀ ਹੈ, ਕਿਉਂਕਿ ਇਹ ਮਨੁੱਖ ਦੇ ਅੰਦਰੋਂ ਬੇਅੰਤ ਸਮਰਥਾ ਦਾ ਸੋਮਾ ਵਗਾ ਸਕਦੀ ਹੈ। ਕੋਈ ਵੀ ਮਨੁੱਖ ਆਪਣੇ ਸਾਥੀਆਂ ਦੀ ਦਿਲੀ ਪ੍ਰਸੰਸਾ ਤੇ ਪ੍ਰੇਮ ਬਿਨਾ ਆਪਣੀਆਂ ਸਾਰੀਆਂ ਤਾਕਤਾਂ ਪ੍ਰਫੁਲਤ ਨਹੀਂ ਕਰ ਸਕਦਾ।

ਜਿਹੜਾ ਜੀਵਨ-ਰਸ ਮਿੱਤਰਾਂ ਤੇ ਪਾਠਕਾਂ ਦੀਆਂ ਸ਼ੁਭ-ਇਛਾਵਾਂ ਨੇ ਮੈਨੂੰ ਦਿੱਤਾ ਹੈ, ਉਸ ਤੋਂ ਪ੍ਰੇਰਤ ਹੋ ਕੇ ਸਭ ਤੋਂ ਪਹਿਲੇ ਸ਼ਬਦ ਜਿਹੜੇ ਮੈਂ ਨਵੇਂ ਵਰ੍ਹੇ ਦੇ ਆਰੰਭ ਦੀ ਖ਼ੁਸ਼ੀ ਵਿਚ ਆਪਣੇ ਪਾਠਕਾਂ ਤੇ ਸਾਰੇ ਹਮ-ਵਤਨੀਆਂ ਨੂੰ ਕਹਿਣਾ ਚਾਹੁੰਦਾ ਹਾਂ, ਉਹ ਇਹ ਹਨ :

**ਸਦਾ ਸ਼ੁਭ-ਇੱਛਕ ਬਣੋ।**

ਬੱਚਿਆਂ, ਇਸਤ੍ਰੀ, ਮਾਤਾ ਪਿਤਾ, ਸਾਥੀਆਂ, ਨੌਕਰਾਂ, ਗੁਆਂਢੀਆਂ,

ਹਮ-ਵਤਨੀਆਂ, ਸਭ ਦੇ ਸ਼ੁਭ-ਇਛਕ ਬਣੋ। ਨਾਰਾਜ਼ਗੀ, ਮਤ-ਭੇਦ — ਰਾਜਸੀ ਜਾਂ ਅਸੂਲੀ — ਦੇ ਮੌਕੇ ਜ਼ਿੰਦਗੀ ਵਿਚ ਆਉਂਦੇ ਰਹਿਣਗੇ, ਪਰ ਕਦੇ ਵੀ ਸ਼ੁਭ-ਇੱਛਾਵਾਂ ਦੇਣ ਵਿਚ ਸੰਕੋਚ ਨਾ ਕਰੋ। ਜੁਦਾ ਹੋਣਾ ਪਵੇ ਤਾਂ ਜੁਦਾ ਹੋ ਜਾਓ, ਪਰ ਜੁਦਾਈ ਦੇ ਪਿੱਛੋਂ ਵੀ ਇੱਛਾ ਚੰਗੀ ਰਖੋ। ਹਰ ਕੋਈ ਆਪਣੀ ਪ੍ਰਕ੍ਰਿਤੀ ਅਨੁਸਾਰ ਜੀਵੇ, ਖ਼ੁਸ਼ ਰਹੇ, ਸੁਖੀ ਵੱਸੇ; ਸਾਡੀ ਫ਼ਿਤਰਤ ਭਾਵੇਂ ਉਸ ਨਾਲ ਗੁਜ਼ਾਰਾ ਨਾ ਕਰ ਸਕੇ, ਸਾਡੇ ਦਿਲੋਂ ਉਸ ਲਈ ਕੋਈ ਮੰਦੀ ਭਾਵਨਾ ਨਾ ਉਠੇ। ਭਾਵੇਂ ਕਿਸੇ ਦੀ ਲਿਆਕਤ ਕੁਝ ਨਹੀਂ, ਸੇਵਾ ਦੀ ਸਮਰਥਾ ਵੀ ਥੋੜੀ ਹੋਵੇ, ਪਰ ਜੇ ਉਹ ਪੂਰੇ ਦਿਲ ਨਾਲ ਸਾਰਿਆਂ ਲਈ ਸ਼ੁਭ-ਇੱਛਾ ਆਪਣੇ ਮਨ ਵਿਚ ਰਖ ਸਕਦਾ ਹੈ, ਤਾਂ ਉਹ ਦੇਵਤਿਆਂ ਨਾਲੋਂ ਵੀ ਚੰਗੇਰੀ ਹਸਤੀ ਹੈ : ਇੱਕ ਪਰਮ ਪਿਆਰਾ ਇਨਸਾਨ।

ਮਨੁੱਖ ਸੁਖੀ ਹੋਣ ਦੇ ਸਾਧਨ ਢੂੰਡਦਾ ਰਹਿੰਦਾ ਹੈ। ਮਹਾਂਪੁਰਖਾਂ ਕੋਲੋਂ ਸੁਖ ਦੇ ਢੰਗ ਪੁਛਦਾ ਹੈ, ਜਪ ਕਰਦਾ ਹੈ, ਤਪ ਕਰਦਾ ਹੈ, ਦਾਨ ਪੁੰਨ ਕਰਦਾ ਹੈ, ਪਰ ਜ਼ਿੰਦਗੀ ਦੇ ਪਰਮ ਸੁਖ ਦਾ ਭੇਤ 'ਸ਼ੁਭ-ਇੱਛਕ' ਬਣਨ ਵਿਚ ਹੈ। ਮੇਰੇ ਪਾਠਕਾਂ ਨੇ ਕਈ ਸੁਖ ਦੇ ਸਾਧਨ ਅਜ਼ਮਾਏ ਹੋਣਗੇ, ਪਰ ਕੁਝ ਚਿਰ ਲਈ 'ਸ਼ੁਭ-ਇੱਛਕ' ਬਣਨ ਦੇ ਸਾਧਨ ਦਾ ਤਜਰਬਾ ਕਰ ਲੈਣ।

'ਸ਼ੁਭ-ਇੱਛਾ' ਕਿਸੇ ਹੱਦ ਤਕ ਪ੍ਰਕ੍ਰਿਤੀ ਦਾ ਭਾਗ ਹੁੰਦਾ ਹੈ, ਪਰ ਬਹੁਤੀ ਹੱਦ ਤਕ ਅਭਿਆਸ ਹੈ। ਸ਼ਾਇਦ ਕਈ ਪਾਠਕ ਮੇਰੇ ਏਸ ਕਥਨ ਉਤੇ ਯਕੀਨ ਨਾ ਕਰ ਸਕਣ ਕਿ ਅਭਿਆਸ ਨਾਲ ਸ਼ੁੱਭ-ਇੱਛਾ ਦਾ ਸੁਭਾ ਪੈਦਾ ਹੋ ਸਕਦਾ ਹੈ। ਪਰ ਮੈਂ ਆਪਣੇ ਤਜਰਬੇ ਤੇ ਕਈ ਹੋਰ ਨਿਕਟ-ਵਰਤੀ ਮਿੱਤਰਾਂ ਦੇ ਤਜਰਬੇ ਨਾਲ ਇਸ ਸੱਚਿਆਈ ਦਾ ਕਾਇਲ ਹੋ ਗਿਆ ਹਾਂ। ਕੋਈ ਸਮਾਂ ਸੀ ਕਿ ਬਾਵਜੂਦ ਮਨ ਦੀਆਂ ਰੁਚੀਆਂ ਚੰਗੀਆਂ ਹੋਣ ਦੇ ਮੈਂ ਕਈ ਇੱਕ ਲੋਕਾਂ ਲਈ ਸ਼ੁਭ-ਇੱਛਾ ਨਹੀਂ ਸਾਂ ਰਖ ਸਕਦਾ। ਕਦੇ ਦਿਲ ਕਰਦਾ ਵੀ ਸੀ, ਕਿ ਉਹਨਾਂ ਲਈ ਮਾੜੀ ਭਾਵਨਾ ਦਿਲ ਵਿਚੋਂ ਨਾ ਲੰਘੇ, ਕਿਉਂਕਿ ਮੇਰਾ ਚੰਗਾ ਭਾਗ ਆਪਣੇ ਆਪ ਕੋਲੋਂ ਸ਼ਰਮਿੰਦਾ ਹੁੰਦਾ ਸੀ; ਪਰ ਫੇਰ ਵੀ ਜਿਹੜਾ ਕੋਈ ਮੈਨੂੰ ਚੰਗਾ ਨਹੀਂ ਸੀ ਲੱਗਦਾ ਉਸ ਲਈ ਮੈਂ ਸ਼ੁਭ-ਇੱਛਾ ਨਹੀਂ ਸਾਂ ਰਖ ਸਕਦਾ।

ਪਰ ਕਈ ਸਾਲਾਂ ਦੇ ਅਭਿਆਸ ਨੇ ਮੈਨੂੰ ਭਰੋਸਾ ਦੁਆ ਦਿੱਤਾ ਹੈ, ਕਿ ਜੇ ਕੋਈ ਦਿਲੋਂ ਧਾਰ ਕੇ ਅਭਿਆਸ ਕਰੇ ਤਾਂ ਆਪਣੇ ਦੁਸ਼ਮਣਾਂ ਦਾ ਵੀ

ਸ਼ੁਭ-ਚਿੰਤਕ ਬਣ ਸਕਦਾ ਹੈ। ਆਪਣੇ ਵਿਰੋਧੀਆਂ ਲਈ ਵੀ ਮੰਦੀ ਭਾਵਨਾ ਦਿਲੋਂ ਕੱਢ ਦੇਣ ਵਿਚ ਕਾਮਯਾਬ ਹੋ ਸਕਦਾ ਹੈ। ਕਈ ਇਸਤ੍ਰੀਆਂ ਮਰਦ ਤੁਹਾਨੂੰ ਕੋਸ਼ਿਸ਼ ਕੀਤਿਆਂ ਵੀ ਚੰਗੇ ਨਹੀਂ ਲੱਗ ਸਕਣਗੇ, ਇਸ ਗੱਲ ਦੀ ਚਿੰਤਾ ਨਾ ਕਰੋ, ਇਹ ਜ਼ਿੰਦਗੀ ਦਾ ਸੁਭਾ ਹੈ, ਤੇ ਬੜਾ ਜ਼ਰੂਰੀ ਸੁਭਾ ਹੈ, ਪਰ ਉਨ੍ਹਾਂ ਲਈ ਦਿਲ ਵਿਚੋਂ ਮੰਦੀ ਭਾਵਨਾ ਕੱਢ ਸੁੱਟਣਾ ਤੇ ਉਨ੍ਹਾਂ ਲਈ ਇੱਛਾ ਨੂੰ ਸ਼ੁਭ ਰਖਣਾ ਅਸੰਭਵ ਨਹੀਂ, ਸਗੋਂ ਬੜੀ ਹੋਣਹਾਰ ਗੱਲ ਹੈ, ਤੇ ਇਸ ਤੋਂ ਬਿਨਾਂ ਮੈਂ ਕਿਸੇ ਆਦਮੀ ਨੂੰ ਅਸਲੀ ਅਰਥਾਂ ਵਿਚ ਸੁਖੀ ਤੇ ਅਮਨ ਭਰਪੂਰ ਨਹੀਂ ਆਖ ਸਕਦਾ।

ਰੋਜ਼ਾਨਾ ਆਪਣੇ ਮਨ ਦੀ ਅਵਸਥਾ ਦੀ ਪੜਤਾਲ ਕਰੋ। ਕੋਸ਼ਸ਼ ਕਰੋ ਕਿ ਤੁਸੀਂ ਆਪਣੇ ਹਰੇਕ ਸਾਥੀ ਨੂੰ ਸਮਝ ਸਕੋ ਤੇ ਉਸ ਨੂੰ ਪਸੰਦ ਕਰ ਸਕੋ, ਪਰ ਜੇ ਕਿਸੇ ਸੰਬੰਧੀ ਇਸ ਗੱਲ ਵਿਚ ਤੁਸੀਂ ਕਾਮਯਾਬ ਨਾ ਹੋਵੋ, ਤਾਂ ਫੇਰ ਇਹ ਗੱਲ ਪੱਕੀ ਧਾਰ ਲਵੋ ਕਿ ਤੁਸਾਂ ਉਸ ਲਈ ਮੰਦੀ ਭਾਵਨਾ ਆਪਣੇ ਮਨ ਵਿਚ ਟਿਕਣ ਨਹੀਂ ਦੇਣੀ, ਤੇ ਉਸ ਦੀ ਬਾਬਤ ਚੰਗਾ ਹੀ ਚਿਤਵਣਾ ਹੈ। ਬਾਰ ਬਾਰ ਉਸ ਦੀ ਬੁਰਾਈ ਵਿਚ ਦਿਲ ਖ਼ੁਸ਼ੀ ਪ੍ਰਗਟ ਕਰੇਗਾ, ਪਰ ਤੁਸੀਂ ਬਾਰ ਬਾਰ ਇਸ ਨੂੰ ਰੋਕੋ ਤੇ ਆਪਣੀ ਜੱਦੋਜਹਿਦ ਬਾਰੇ ਨੋਟ ਲਿਖੋ, ਸਵੈ-ਪੜਤਾਲ ਕਰੋ। ਜਦੋਂ ਤੁਸੀਂ ਕਿਸੇ ਲਈ ਮੰਦੀ ਭਾਵਨਾ ਆਪਣੇ ਮਨ ਵਿਚੋਂ ਕੱਢਣ ਵਿਚ ਕਾਮਯਾਬ ਹੋ ਜਾਓ, ਤਾਂ ਕੋਸ਼ਿਸ਼ ਕਰੋ ਕਿ ਉਸ ਲਈ ਚੰਗੀ ਭਾਵਨਾ ਪੈਦਾ ਕਰ ਸਕੋ। ਇਸ ਦਾ ਇਹ ਭਾਵ ਨਹੀਂ ਕਿ ਤੁਸੀਂ ਉਸ ਨੂੰ ਮਨਾਣ ਦਾ ਜਤਨ ਕਰੋ ਜਾਂ ਖ਼ੁਸ਼ਾਮਦ ਕਰੋ, ਜਾਂ ਉਸ ਨੂੰ ਆਪਣੇ ਜਜ਼ਬੇ ਦੇ ਵਿਰੁਧ ਪਸੰਦ ਕਰਨ ਲਈ ਮਜਬੂਰ ਹੋਵੋ। ਬਿਲਕੁਲ ਨਹੀਂ। ਕਈ ਐਸੇ ਆਦਮੀ ਇਸਤ੍ਰੀਆਂ ਜ਼ਿੰਦਗੀ ਦੇ ਰਸਤਿਆਂ ਉਤੇ ਤੁਹਾਨੂੰ ਮਿਲਣਗੇ, ਜਿਨ੍ਹਾਂ ਨੂੰ ਤੁਸੀਂ ਜਤਨ ਕੀਤਿਆਂ ਵੀ ਪਸੰਦ ਨਹੀਂ ਕਰ ਸਕੋਗੇ। ਇਸ ਕਰਕੇ ਨਹੀਂ ਕਿ ਉਹ ਤੁਹਾਡੇ ਨਾਲੋਂ ਮਾੜੇ ਹਨ, ਉਹ ਕਈ ਵਾਰੀ ਤੁਹਾਡੇ ਨਾਲੋਂ ਚੰਗੇ ਵੀ ਹੋਣਗੇ, ਪਰ ਫੇਰ ਵੀ ਤੁਹਾਨੂੰ ਪਿਆਰੇ ਨਹੀਂ ਲੱਗ ਸਕਣਗੇ। ਨਿਰਾਸ ਹੋਣ ਦੀ ਲੋੜ ਨਹੀਂ, ਇਹ ਜ਼ਿੰਦਗੀ ਦਾ ਕਾਨੂੰਨ ਹੈ — ਨਫ਼ੀ ਤੇ ਜਮ੍ਹਾ ਤਬੀਅਤਾਂ ਦੇ ਰੌਂ ਹਨ। ਤੁਹਾਡੇ ਸੁਖ ਤੇ ਅਮਨ ਲਈ ਅਤਿ ਜ਼ਰੂਰੀ ਇੰਨੀ ਗੱਲ ਹੀ ਹੈ ਕਿ ਤੁਸੀਂ ਕਿਸੇ ਲਈ ਮੰਦਾ ਨਾ ਚਿਤਵੋ, ਨਿੰਦਿਆ ਕਰਨ ਲਈ ਪ੍ਰੇਰੇ ਨਾ ਜਾ ਸਕੋ, ਤੇ ਇਸ ਤੋਂ ਬਾਅਦ ਆਪਣੇ ਨਾਲੋਂ ਵੱਖਰੀ

ਤਬੀਅਤ ਵਾਲੇ ਲਈ ਵੀ ਸ਼ੁਭ-ਇੱਛਾ ਰਖ ਸਕੇ।

ਇਹੋ ਜਿਹੇ ਆਦਮੀ ਦੁਨੀਆ ਵਿਚ ਹੈਨ, ਜਿਹੜੇ ਆਪਣੇ ਵਿਰੋਧੀਆਂ ਦਾ ਆਪਣੇ ਥਾਓਂ ਪੂਰਾ ਮੁਕਾਬਲਾ ਕਰਦੇ ਹਨ, ਉਹਨਾਂ ਦੇ ਖ਼ਿਆਲਾਂ ਦੇ ਉਲਟ ਆਪਣੇ ਖ਼ਿਆਲਾਂ ਦਾ ਪਰਚਾਰ ਕਰਦੇ ਹਨ, ਉਹਨਾਂ ਨੂੰ ਹਰਾਣ ਤੇ ਆਪੀਂ ਜਿੱਤਣ ਦੀਆਂ ਸਰਗਰਮ ਕੋਸ਼ਿਸ਼ਾਂ ਕਰਦੇ ਹਨ, ਪਰ ਉਹ ਆਪਣੇ ਵਿਰੋਧੀ ਦੇ ਜਾਨ ਮਾਲ ਦੀ ਹਮੇਸ਼ਾਂ ਸੁਖ ਚਾਹੁੰਦੇ ਹਨ। ਜੇ ਕਦੇ ਉਸ ਨੂੰ ਉਨ੍ਹਾ ਦੀ ਸੇਵਾ ਦੀ ਲੋੜ ਪੈ ਜਾਏ ਤਾਂ ਉਚੇਚੀ ਖ਼ੁਸ਼ੀ ਨਾਲ ਹਾਜ਼ਰ ਕਰਦੇ ਹਨ, ਵਿਰੋਧੀ ਦੀ ਹਮੇਸ਼ਾਂ ਖ਼ਾਤਰ ਕਰਦੇ ਹਨ, ਉਸ ਦੇ ਬੱਚਿਆਂ ਤੇ ਪਤਨੀ ਨੂੰ ਜੇ ਕਦੇ ਲੋੜ ਪਵੇ, ਤਾਂ ਸਭ ਤੋਂ ਪਹਿਲਾਂ ਕੰਮ ਆਉਣ ਦੀ ਚਾਹ ਰਖਦੇ ਹਨ, ਕਦੇ ਵਿਰੋਧੀ ਦੀ ਨਿੰਦਿਆ ਨਹੀਂ ਕਰਦੇ, ਕਦੇ ਵਿਰੋਧੀ ਨੂੰ ਨਿੱਠ ਨਹੀਂ ਹੋਣ ਦੇਂਦੇ, ਉਸ ਦੀ ਸਿਹਤ ਤੇ ਖ਼ੁਸ਼ੀ ਲਈ ਪ੍ਰਾਰਥਨਾ ਕਰਦੇ ਹਨ। ਕਦੇ ਕੋਈ ਅਯੋਗ ਫ਼ਾਇਦਾ ਨਹੀਂ ਉਠਾਂਦੇ, ਕਦੇ ਬੇ-ਇਨਸਾਫ਼ੀ ਨਹੀਂ ਕਰਦੇ, ਕਦੇ ਧੋਖਾ ਨਹੀਂ ਦੇਂਦੇ, ਜੇ ਲੜਨਾ ਪਵੇ ਤਾਂ ਰੂਬਰੂ ਹੋ ਕੇ ਲੜਦੇ ਹਨ। ਦੋਸਤਾਂ ਨਾਲ ਭਾਵੇਂ ਕਦੇ ਬੇ-ਪਰਵਾਹੀ ਵਿਚ ਕੋਈ ਛੋਟੀ ਹਰਕਤ ਕਰ ਲੈਣ, ਪਰ ਵਿਰੋਧੀ ਨਾਲ ਕਦੇ ਕੋਈ ਹਲਕੀ ਵਰਤੋਂ ਨਹੀ ਕਰਦੇ। ਏਥੋਂ ਤਕ ਕਿ ਦੋਸਤ ਦੀ ਨਿੰਦਿਆ ਭਾਵੇਂ ਸੁਣ ਲੈਣ, ਵਿਰੋਧੀ ਦੀ ਨਿੰਦਿਆ ਅਗੇ ਕੰਨ ਬੰਦ ਕਰ ਲੈਂਦੇ ਹਨ। ਕੋਈ ਚੰਗਾ ਤੇ ਬਹਾਦਰ ਮਰਦ ਆਪਣੇ ਵਿਰੋਧੀ ਦੀ ਜ਼ਾਤ ਦਾ ਨਿਰਾਦਰ ਨਹੀਂ ਕਰਦਾ, ਉਸ ਦੇ ਖ਼ਿਆਲਾਂ ਦੀ ਨਿਖੇਧੀ ਪਿਆ ਕਰੇ, ਪਰ ਉਸ ਦੀ ਜ਼ਾਤ ਦਾ ਸਤਿਕਾਰ ਕਰਨਾ ਆਪਣੀ ਬਜ਼ੁਰਗੀ ਦੀ ਸੂਚਨਾ ਸਮਝਦਾ ਹੈ, ਕਿਉਂਕਿ ਕਿਸੇ ਵੱਡੇ ਆਦਮੀ ਦਾ ਕੋਈ ਛੋਟਾ ਦੁਸ਼ਮਣ ਨਹੀਂ ਹੁੰਦਾ। ਵੱਡਿਆਂ ਦੇ ਦੋਸਤ ਵੀ ਵੱਡੇ ਤੇ ਦੁਸ਼ਮਣ ਵੀ ਵੱਡੇ। ਜਿਹੜਾ ਆਦਮੀ ਆਪਣੇ ਦੁਸ਼ਮਣ ਨੂੰ ਬਹੁਤ ਕਮੀਨਾ ਤੇ ਛੋਟਾ ਪ੍ਰਗਟ ਕਰਦੇ ਹੈ, ਉਹ ਅਣਭੋਲ ਆਪਣੀ ਚੰਗਿਆਈ ਨੂੰ ਸ਼ੱਕੇ ਵਿਚ ਪਾਂਦਾ ਹੈ। ਕਿਉਂਕਿ ਜੀਕਰ ਸਾਨੂੰ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਦੀ ਵਡਿੱਤਣ ਦਾ ਮਾਣ ਹੁੰਦਾ ਹੈ, ਓਕਰ ਹੀ ਸਾਨੂੰ ਆਪਣੇ ਦੁਸ਼ਮਣਾਂ ਦੀ ਵਡਿੱਤਣ ਦਾ ਵੀ ਮਾਣ ਹੋਣਾ ਜ਼ਰੂਰੀ ਹੈ ! ਕਿਸੇ ਛੋਟੇ ਆਦਮੀ ਦਾ ਕੋਈ ਵੱਡਾ ਆਦਮੀ ਦੁਸ਼ਮਣ ਨਹੀਂ ਹੁੰਦਾ। ਸਾਡੇ ਦੁਸ਼ਮਣ ਵੀ ਸਾਡੇ ਮੇਚੇ ਦੇ ਹੁੰਦੇ ਹਨ। ਬਦਸ਼ਾਹਾਂ ਦੇ ਦੁਸ਼ਮਣ ਬਾਦਸ਼ਾਹ, ਫ਼ਕੀਰਾਂ ਕੇ ਦੁਸ਼ਮਣ ਫ਼ਕੀਰ। ਇਸ ਲਈ

ਦੁਸ਼ਮਣਾਂ ਨੂੰ ਵੀ ਕਦੇ ਨਾ ਛੁਟਿਆਓ। ਸੁਣਨ ਵਾਲਾ ਤੁਹਾਡੇ ਦੁਸ਼ਮਣਾਂ ਦੀ ਛੁਡਿੱਤਣ ਤੋਂ ਹੀ ਤੁਹਾਡਾ ਅੰਦਾਜ਼ਾ ਲਾ ਲਵੇਗਾ। ਗਾਂਧੀ ਜੀ ਦੀ ਬਾਬਤ ਹਜ਼ਾਰਾਂ ਆਦਮੀ ਨੁਕਤਾਚੀਨੀ ਕਰਦੇ ਹਨ, ਪਰ ਉਹ ਉੱਤਰ ਨਹੀਂ ਦੇਂਦੇ, ਜਦੋਂ ਕਦੀ ਜਿਨਾਹ ਜੀ ਕੁਝ ਆਖਦੇ ਹਨ ਤਾਂ ਉਹ ਸੁਣਦੇ ਵੀ ਹਨ, ਤੇ ਜਵਾਬ ਵੀ ਦੇਂਦੇ ਹਨ।

ਇਹਨਾਂ ਸਤਰਾਂ ਦਾ ਭਾਵ ਇਹ ਪ੍ਰਗਟ ਕਰਨਾ ਹੈ ਕਿ ਮਤ-ਭੇਦ ਰਖਦਿਆਂ ਹੋਇਆਂ ਵੀ ਅਸੀਂ ਸੁਭ-ਇੱਛਕ ਹੋ ਸਕਦੇ ਹਾਂ।

ਸਰਬ ਸੁਭ-ਇੱਛਕ ਹੋਣਾ ਜ਼ਿੰਦਗੀ, ਦੀ ਸਭ ਤੋਂ ਸੁਹਾਵਣੀ ਅਵਸਥਾ ਹੈ। ਇਸੇ ਨੂੰ ਮਨ ਦਾ ਸਵਰਗ ਆਖਿਆ ਜਾਂਦਾ ਹੈ। ਇਹੀ ਉਹ ਅਮਨ ਹੈ, ਜਿਸ ਲਈ ਮਨੁੱਖ ਦਾ ਅੰਦਰਲਾ ਭਟਕਦਾ ਰਹਿੰਦਾ ਹੈ। ਇਹੀ ਉਹ ਹੁਸਨ ਹੈ, ਜਿਸ ਦੇ ਮੂੰਹ ਉਤੇ ਇੱਕ ਵੀ ਕੋਝੀ ਤਿਉੜੀ ਵਿਖਾਈ ਨਹੀਂ ਦੇਂਦੀ।

ਸੁਭ-ਇੱਛਾਵਾਂ ਦਾ ਅਭਿਆਸ ਕਰੋ। ਰਾਤੀਂ ਤਾਰਿਆਂ ਭਰੇ ਅਸਮਾਨ ਹੇਠਾਂ ਖ਼ਾਮੋਸ਼ ਖਲੋ ਕੇ ਸਾਰੀ ਦੁਨੀਆ ਨੂੰ ਆਪਣੀਆਂ ਚੰਗੀਆਂ ਇੱਛਾਵਾਂ ਦੇ ਘੇਰੇ ਵਿਚ ਲਵੋ। ਅਭਿਆਸ ਨਾਲ ਕਿਸੇ ਨੂੰ ਪਿਆਰ ਅਸੀਂ ਨਹੀਂ ਕਰ ਸਕਦੇ, ਕਿਉਂਕਿ ਪਿਆਰ ਲਈ ਦੂਜੇ ਪਾਸਿਓਂ ਇੱਕ ਖ਼ਾਸ ਕਿਸਮ ਦੀ ਰੌ ਦਾ ਆਪਣੇ ਵਲ ਆਉਣਾ ਜ਼ਰੂਰੀ ਹੈ, ਪਰ ਸੁਭ-ਇੱਛਾਵਾਂ ਕੋਈ ਵਟਾਂਦਰਾ ਨਹੀਂ ਮੰਗਦੀਆਂ। ਆਪਣੇ ਕਾਤਲ ਦੇ ਵੀ ਅਸੀਂ ਸੁਭ-ਇੱਛਕ ਬਣ ਸਕਦੇ ਹਾਂ। ਸੁਭ-ਇੱਛਕ ਹੋਣ ਦਾ ਇਹ ਭਾਵ ਨਹੀਂ, ਕਿ ਕਾਤਲ ਦੀ ਖ਼ੁਸ਼ੀ ਨੂੰ ਪੂਰਿਆਂ ਕਰਨ ਲਈ ਉਸ ਦੀ ਛੁਰੀ ਆਪ ਢਿੱਡ ਵਿਚ ਖੋਭ ਲਈ ਜਾਵੇ। ਛੁਰੀ ਦਾ ਵਾਰ ਬਚਾਂਦਿਆਂ ਹੋਇਆਂ, ਜਾਂ ਬਚਾਅ ਵਿਚ ਵਾਰ ਕਰਦਿਆਂ ਹੋਇਆਂ ਵੀ ਅਸੀਂ ਉਸ ਦੇ ਸੁਭ-ਇੱਛਕ ਹੋ ਸਕਦੇ ਹਾਂ। ਇਹ ਅਵਸਥਾ ਉਸ ਦੇ ਸਿਰ ਅਹਿਸਾਨ ਨਹੀਂ ਕਰਦੀ, ਇਹ ਸਾਡੇ ਆਪਣੇ ਸੁਖ ਦੀ ਅਵਸਥਾ ਹੈ। ਕਿਸੇ ਦਾ ਬੁਰਾ ਕਰਨ ਦੀ ਖ਼ਾਹਿਸ਼ ਦਾ ਦਿਲੋਂ ਨਾ ਉਠ ਸਕਣਾ ਇੱਕ ਸਵਰਗੀ ਅਵਸਥਾ ਹੈ। ਇਹ ਸਵਰਗ ਪ੍ਰਾਪਤ ਹੋ ਸਕਦਾ ਹੈ, ਤੇ ਬਹੁਤ ਔਖਾ ਵੀ ਨਹੀਂ। ਸਾਧਾਰਣ ਚੰਗੇ ਦਿਲ ਵਾਲਾ ਇਸਤ੍ਰੀ ਮਰਦ ਜੇ ਚਾਹੇ ਤਾਂ ਦੱਸ ਪੰਦਰਾਂ ਵਰ੍ਹੇ ਦੇ ਅਣਟੁਟ ਜਤਨ ਤੇ ਅਭਿਆਸ ਨਾਲ ਆਪਣੇ ਮਨ ਦੀ ਅਵਸਥਾ ਇਹੋ ਜਿਹੀ ਬਣਾ ਸਕਦਾ ਹੈ, ਕਿ ਸੁਪਨੇ ਵਿਚ ਵੀ ਉਹ

ਕਿਸੇ ਨਾਲ ਮਾੜਾ ਨਾ ਕਰ ਸਕੇ, ਨਿਰਾ ਇਹ ਹੀ ਨਹੀਂ ਕਿ ਆਪੀਂ ਮਾੜਾ ਨਾ ਕਰ ਸਕੇ, ਬਲਕਿ ਕਿਸੇ ਹੋਰ ਰਾਹੀਂ ਵੀ ਮਾੜਾ ਹੋਇਆ ਸੁਣ ਵੇਖ ਕੇ ਖ਼ੁਸ਼ ਨਾ ਹੋ ਸਕੇ। ਇਸ ਦਾ ਭਾਵ ਹਰਗਿਜ਼ ਨਹੀਂ ਕਿ ਅਸੀਂ ਆਪਣੇ ਵਿਰੋਧੀਆਂ ਦੀਆਂ ਉਹਨਾਂ ਕੋਸ਼ਿਸ਼ਾਂ ਨੂੰ ਸਫਲ ਕਰਨ ਵਿਚ ਸਹਾਈ ਹੋਵੀਏ ਜਿਹੜੀਆਂ ਉਹ ਸਾਡੇ ਵਿਰੁਧ ਕਰ ਰਹੇ ਹੋਣ, ਜਾਂ ਉਹਨਾਂ ਦੀ ਇਸ ਸਫਲਤਾ ਉਤੇ ਖ਼ੁਸ਼ ਹੋਵੀਏ। ਨਹੀਂ, ਸਾਨੂੰ ਇਹ ਹੱਕ ਹੈ ਕਿ ਇਹਨਾਂ ਕੋਸ਼ਿਸ਼ਾਂ ਨੂੰ ਸਫਲ ਨਾ ਹੋਣ ਦੇਣ ਲਈ ਪੂਰਾ ਜ਼ੋਰ ਲਾਈਏ। ਪਰ ਕਦੇ ਇਹ ਇੱਛਾ ਨਾ ਕਰੀਏ, ਕਿ ਸਾਡੇ ਦੁਸ਼ਮਣਾਂ ਉਤੇ ਕੋਈ ਕੁਦਰਤੀ ਮੁਸੀਬਤ ਆ ਪਵੇ, ਜਾਂ ਉਹਨਾਂ ਨੂੰ ਆਪਣੀ ਸੰਤਾਨ ਕੋਲੋਂ ਤਕਲੀਫ਼ ਆਵੇ, ਜਾਂ ਅਸੀਂ ਆਪ ਉਹਨਾਂ ਦਾ ਘਰੋਗੀ ਇਤਫ਼ਾਕ ਜਾਂ ਸੁਖ ਘਟਾਣ ਵਿਚ ਕੋਈ ਹਿੱਸਾ ਲਈਏ, ਜਾਂ ਉਹਨਾਂ ਨਾਲ ਕੋਈ ਇਨਸਾਨੀ ਫ਼ਰਜ਼ ਪੂਰਾ ਨਾ ਕਰੀਏ। ਇਨਸਾਨੀ ਫ਼ਰਜ਼ ਇਹ ਹੈ :

ਫ਼ਰਜ਼ ਕਰੋ, ਸਾਡਾ ਵਿਰੋਧੀ ਸਾਡੇ ਗੁਆਂਢ ਰਹਿੰਦਾ ਹੈ, ਉਹ ਆਪ ਬਾਹਰ ਗਿਆ ਹੋਇਆ ਹੈ, ਭਾਵੇਂ ਸਾਡੇ ਵਿਰੁਧ ਕਿਸੇ ਕੰਮ ਲਈ ਹੀ ਗਿਆ ਹੈ, ਪਿਛੇ ਉਸ ਦੇ ਪਰਵਾਰ ਨੂੰ ਕੋਈ ਤਕਲੀਫ਼ ਆ ਜਾਏ, ਜਾਂ ਉਹਨਾਂ ਨੂੰ ਕਿਸੇ ਸੇਵਾ ਦੀ ਲੋੜ ਹੋਵੇ, ਤਾਂ ਸਾਡਾ ਇਨਸਾਨੀ ਫ਼ਰਜ਼ ਉਸ ਦੇ ਪਰਵਾਰ ਨਾਲ ਉਹੀ ਹੈ, ਜੋ ਮਿੱਤਰ ਦੇ ਪਰਵਾਰ ਨਾਲ ਹੁੰਦਾ ਹੈ।

ਮੈਂ ਇਹ ਤੇ ਨਹੀਂ ਕਹਿੰਦਾ ਕਿ ਸੁਭ-ਇੱਛਕ ਸਾਰੀ ਦੁਨੀਆ ਨੂੰ ਜਿੱਤ ਸਕਦਾ ਹੈ, ਪਰ ਇਸ ਵਿਚ ਸ਼ੱਕ ਨਹੀਂ ਕਿ ਉਹ ਦੁਨੀਆ ਵਿਚ ਆਪਣੇ ਭਾਗ ਨੂੰ ਸੁਆਦਲਾ ਤੇ ਸੁਖਾਲਾ ਬਣਾ ਸਕਦਾ ਹੈ।

ਦੁਨੀਆ ਨੂੰ ਜਿੱਤਣ ਲਈ ਸ਼ੁਭ-ਇੱਛਾ ਤੋਂ ਛੁਟ ਕੁਝ ਹੋਰ ਵੀ ਦਰਕਾਰ ਹੈ, ਇਹ ਹੈ ਦੁਨੀਆ ਦੇ ਕੰਮਾਂ ਵਿਚ ਦਿਲਚਸਪੀ, ਤੁਸੀਂ ਓਸੇ ਭਾਗ ਨੂੰ ਜਿੱਤ ਸਕਦੇ ਹੋ, ਜਿਸ ਨਾਲ ਤੁਹਾਡੀ ਦਿਲਚਸਪੀ ਹੈ। ਇਸ ਲਈ ਜਿੰਨਾ ਤੁਹਾਡੀ ਦਿਲਚਸਪੀ ਦਾ ਘੇਰਾ ਚੌੜਾ ਹੋ ਜਾਏਗਾ ਓਨੀ ਹੀ ਦੁਨੀਆ ਤੁਸਾਂ ਜਿੱਤ ਲਈ ਹੋਵੇਗੀ। ਗੁਆਂਢੀ ਦੀ ਸੁਖ-ਸਾਂਦ ਵਿਚ ਦਿਲਚਸਪੀ ਲਵੋ, ਉਹ ਤੁਸਾਂ ਜਿੱਤ ਲਿਆ; ਦੋਸਤ ਦੇ ਕੰਮਾਂ ਵਿਚ ਦਿਲਚਸਪੀ ਲਵੋ, ਪੁੱਤਰ, ਧੀ ਜਾਂ ਕਿਸੇ ਹੋਰ ਦੇ ਦੁਖਾਂ ਸੁਖਾਂ ਵਿਚ ਸਾਂਝ ਪਾਓ, ਤਾਂ ਉਸ ਨੂੰ ਤੁਸਾਂ ਜਿੱਤ ਲਿਆ; ਗਲੀ ਦੇ ਕੁੱਤੇ, ਬਿੱਲੀ, ਯਤੀਮ, ਵਿਧਵਾ, ਰੋਗੀ, ਉਦਾਸ, ਹਰ ਕਿਸੇ ਦੇ ਦਿਲ ਦੀ ਗੱਲ

ਸੁਣੋ ਤੇ ਅਪਣਾਓ । ਉਹ ਤੁਹਾਡਾ ਹੈ । ਖ਼ੁਦਗਰਜ਼ ਤੇ ਆਪੇ ਵਿਚ ਮਗਨ ਮਨੁੱਖ ਦੀ ਦੁਨੀਆ ਖ਼ਾਲੀ ਰਹੇਗੀ ।

ਪਰ ਜੇ ਤੁਸੀਂ ਦੁਨੀਆ ਨੂੰ ਜਿੱਤਣ ਦੀ ਕੀਮਤ ਨਹੀਂ ਦੇ ਸਕਦੇ ਤਾਂ ਘਟ ਤੋਂ ਘਟ ਆਪਣੇ ਸੁਖ ਲਈ ਇਸ ਦੇ ਸ਼ੁਭ-ਇੱਛਕ ਬਣੋ। ਇਸੇ ਵਿਚ ਅਮਨ ਹੈ, ਇਹੀ ਸਭ ਤੋਂ ਵੱਡਾ ਆਰਾਮ ਹੈ — ਕਿ ਤੁਸੀਂ ਕਿਸੇ ਲਈ ਮਾੜਾ ਸੋਚਣ ਲਈ ਮਜਬੂਰ ਨਹੀਂ ਹੋ । ਸਭ ਕੁਝ ਲਾਈ ਸ਼ੁਭ-ਇੱਛਾ ਰਖ ਕੇ ਤੁਸੀਂ ਸੌਂ ਜਾਂਦੇ ਹੋ। ਮਾੜੀਆਂ ਇਛਾਵਾਂ ਸਾਨੂੰ ਮਜਬੂਰ ਕਰਦੀਆਂ ਹਨ ਕਿ ਅਸੀਂ ਆਪਣੇ ਲਾਭਾਂ ਵਿਚੋਂ ਸਮਾਂ ਕੱਢ ਕੇ ਦੂਜਿਆਂ ਨੂੰ ਔਖਿਆਂ ਕਰਨ ਦਾ ਯਤਨ ਕਰੀਏ। ਇਹ ਬੜੀ ਦੁਖਾਵੀਂ ਅਵਸਥਾ ਹੈ । ਸੁਭਾਗ ਹੈ ਉਹ, ਜਿਸ ਨੂੰ ਕਿਸੇ ਨਾਲ ਭੈੜ ਕਰਨ ਲਈ ਨਾ ਕੋਈ ਹੋਰ ਤੇ ਨਾ ਉਸ ਦਾ ਆਪਾ ਮਜਬੂਰ ਕਰ ਸਕਦਾ ਹੈ ।

ਸ਼ੁਭ-ਇਛਾਵਾਂ, ਹਰ ਕਿਸੇ ਲਈ, ਦੋਸਤਾਂ ਲਈ, ਅਜ਼ੀਜ਼ਾਂ ਲਈ, ਬੇ-ਪਰਵਾਹਾਂ ਲਈ, ਵਿਰੋਧੀਆਂ ਲਈ, ਦੁਸ਼ਮਣਾਂ ਲਈ, ਚੰਗਿਆਂ ਲਈ, ਮੰਦਿਆਂ ਲਈ, ਦੇਸੀਆਂ ਲਈ, ਪਰਦੇਸੀਆਂ ਲਈ ।

ਇਹ ਨਿਰਾ ਆਖਣ ਲਈ ਹੀ ਨਹੀਂ, ਇਹ ਕੋਈ ਅਣਹੋਣਾ ਆਦਰਸ਼ ਨਹੀਂ; ਸਾਧਾਰਣ ਮਨੁੱਖੀ ਆਦਰਸ਼ ਹੈ, ਜਿਸ ਨੂੰ ਕਮਜ਼ੋਰ ਜਿਹਾ ਇਨਸਾਨ ਵੀ ਨਿਭਾ ਸਕਦਾ ਹੈ । ਕਿਸੇ ਦੂਜੇ ਲਈ ਨਹੀਂ, ਆਪਣੇ ਸੁਖ ਲਈ, ਆਪਣੇ ਸੁਆਦ ਲਈ ਤੇ ਆਪਣੇ ਅਮਨ ਲਈ ।

ਦੁਨੀਆ ਜੰਗ ਦਾ ਖ਼ਾਤਮਾ ਚਾਹੁੰਦੀ ਹੈ, ਅਮਨ ਵਿਚ ਆਪਣਾ ਵਿਕਾਸ ਕਰ ਸਕਣ ਦਾ ਅਵਸਰ ਚਾਹੁੰਦੀ ਹੈ, ਖ਼ੁਸ਼ਹਾਲੀ ਚਾਹੁੰਦੀ ਹੈ । ਪਰ ਇਸ ਦੇ ਸਾਧਨ ਅਜੇ ਨਾਕਸ ਹਨ । ਮੁਕਾਬਲਾ, ਤਅੱਸਬ, ਤੰਗ-ਦਿਲੀ, ਮਲਕੀਅਤ, ਰਸਮ-ਪ੍ਰਸਤੀ, ਗ਼ੁਲਾਮੀ, ਜਬਰ, — ਇਹ ਸੱਭੇ ਗੱਲਾਂ ਅਮਨ-ਘਾਤਕ ਹਨ, ਤੇ ਦੁਨੀਆ ਸ਼ੰਕੇ, ਬੇ-ਭਰੋਸਗੀ ਤੇ ਈਰਖਾ ਦਾ ਦੋਜ਼ਖ਼ ਬਣੀ ਪਈ ਹੈ ।

ਪਰ ਉਹ ਸਮਾਂ ਆਵੇਗਾ, ਜਦੋਂ 'ਸ਼ੁਭ-ਇਛਾ' ਇਨਸਾਨ ਦੀ ਮੁਖ-ਖ਼ਾਸੀਅਤ ਹੋਵੇਗੀ । ਇਹ ਖ਼ਾਸੀਅਤ ਵਧਦੇ ਗਿਆਨ ਵਿਚੋਂ ਪੈਦਾ ਹੋਵੇਗੀ । ਜਾਣਨਾ ਸ਼ੁਭ-ਇੱਛਕ ਬਣਨਾ ਹੈ । ਜਿਸ ਨੂੰ ਅਸੀਂ ਜਾਣ ਲਈਏ, ਉਸ ਦੇ ਸ਼ੁਭ-ਇੱਛਕ ਬਣੇ ਬਿਨਾਂ ਅਸੀਂ ਰਹਿ ਨਹੀਂ ਸਕਦੇ । ਅਜੇ ਅਸੀਂ ਦੂਜਿਆਂ

ਨੂੰ ਚੰਗੀ ਤਰ੍ਹਾਂ ਜਾਣ ਨਹੀਂ ਸਕਦੇ, ਕਿਉਂਕਿ ਸਾਡੇ ਵਿਚਕਾਰ ਬਹੁਤ ਸਾਰੇ ਤਅੱਸਬਾਂ ਦੀ ਕੰਧ ਹੈ। ਇਹ ਤਅੱਸਬ ਗਿਆਨ ਦੀ ਸਹਾਇਤਾ ਨਾਲ ਉਡ ਜਾਣਗੇ ਤੇ ਫੇਰ ਸ਼ੁਭ-ਇੱਛਾ ਇਨਸਾਨੀ ਜ਼ਿੰਦਗੀ ਦਾ ਕਾਨੂੰਨ ਹੋਵੇਗੀ ਤੇ ਮੰਦੀ ਭਾਵਨਾ ਓਪਰੀ ਸਮਝੀ ਜਾਏਗੀ ।

ਮੈਂ ਆਪਣੇ ਪਾਠਕਾਂ ਵਲੋਂ ਆਈਆਂ ਸ਼ੁਭ-ਇਛਾਵਾਂ ਨਾਲ ਦਿਲ ਦੀਆਂ ਡੂੰਘਾਈਆਂ ਤਕ ਪ੍ਰਭਾਵਤ ਹੋ ਕੇ ਇਹੀ ਸੁਨੇਹਾ ਨਵੇਂ ਸਾਲ ਦਾ ਉਹਨਾਂ ਨੂੰ ਭੇਟ ਕਰਨਾ ਚਾਹੁੰਦਾ ਹਾਂ :

"ਸ਼ੁਭ-ਇੱਛਾਵਾਂ, ਦਿਲ ਵਿਚੋਂ ਨਿਕਲੀਆਂ ਸ਼ੁਭ-ਇੱਛਾਵਾਂ; ਦੋਸਤਾਂ, ਦੁਸ਼ਮਣਾਂ, ਅਜ਼ੀਜ਼ਾਂ, ਪਿਆਰਿਆਂ, ਆਪਣਿਆਂ, ਬੇਗਾਨਿਆਂ — ਸਭ ਲਈ ਸ਼ੁਭ-ਇਛਾਵਾਂ ਦਾ ਅਟੁੱਟ ਅਭਿਆਸ ਕਰਨਾ।"

[ 1939

## 6
# ਹਰੇਕ ਨੂੰ ਹੱਲਾਸ਼ੇਰੀ ਦਿਓ

ਉਂਝ ਤੇ ਹਰ ਸਵੇਰ ਨਵੀਂ ਹੁੰਦੀ ਹੈ, ਹਰ ਸ਼ਾਮ ਨਵੀਂ ਹੁੰਦੀ ਹੈ, ਤੇ ਇਨ੍ਹਾਂ ਨਵੀਆਂ ਸਵੇਰਾਂ ਤੇ ਨਵੀਆਂ ਸ਼ਾਮਾਂ ਦਾ ਸਾਲ ਬਣਦਾ ਅਤੇ ਇਨ੍ਹਾਂ ਸਾਲਾਂ ਨਾਲ ਸਾਡੀ ਉਮਰ ਮੁੱਕਦੀ ਜਾਂਦੀ ਹੈ, ਪਰ ਨਵੇਂ ਸਾਲ ਉਤੇ ਸਾਡੇ ਵਿਚੋਂ ਕਈ ਆਪਣੇ ਜੀਵਨ-ਕੰਮ ਦੀ ਪੜਤਾਲ ਕਰਦੇ ਹਨ, ਸਕੂਲਾਂ ਦੇ ਮੁੰਡਿਆਂ ਵਾਂਗ ਨਵੀਆਂ ਕਾਪੀਆਂ ਨਵੇਂ ਇਰਾਦਿਆਂ ਨਾਲ ਸ਼ੁਰੂ ਕਰਦੇ ਤੇ ਇਸ ਲਈ ਨਵੇਂ ਉਤਸ਼ਾਹ ਨਾਲ ਚਾਅ-ਮੱਤੇ ਦਿੱਸਦੇ ਹਨ।

ਇਨ੍ਹਾਂ ਦਿਨਾਂ ਵਿਚ ਵਧਾਈਆਂ ਲੈਣ ਦੇਣ ਦਾ ਰਿਵਾਜ ਕਿਉਂ ਚਲਿਆ ?

ਮੇਰੇ ਪਾਠਕਾਂ ਨੇ ਵੇਖਿਆ ਹੋਵੇਗਾ, ਜਦੋਂ ਮੁੰਡਿਆਂ ਦੀਆਂ ਜਮਾਤਾਂ ਚੜ੍ਹਦੀਆਂ ਹਨ, ਉਦੋਂ ਇੱਕ ਦੋ ਹਫਤੇ ਉਨ੍ਹਾਂ ਦੇ ਮਨ ਬੜੇ ਕੋਮਲ ਤੇ ਲਚਕਦਾਰ ਹੁੰਦੇ ਹਨ। ਕਈ ਵਾਰ ਪੁਰਾਣੀਆਂ ਦੁਸ਼ਮਣੀਆਂ ਨਵੀਆਂ ਦੋਸਤੀਆਂ ਵਿਚ ਬਦਲ ਜਾਂਦੀਆਂ ਹਨ। ਓਹੋ ਦੋ ਪੁਰਾਣੇ ਸਾਥੀ ਜਿਹੜੇ ਪੰਜਵੀਂ ਜਮਾਤ ਵਿਚ ਚੰਗਾ ਨਿਭਾ ਨਹੀਂ ਸਨ ਕਰ ਸਕੇ, ਉਹ ਛੇਵੀਂ ਜਮਾਤ ਦੇ ਨਵੇਂ ਕਮਰੇ ਵਿਚ ਨਵੇਂ ਬੰਚਾਂ ਉਤੇ ਬੈਠੇ, ਨਵੇਂ ਚਾਅ ਨਾਲ ਕਿਤਾਬਾਂ ਆਪਸ ਵਿਚ

ਦੇਂਦੇ ਲੈਂਦੇ ਤੇ ਨਵੀਂ ਯਾਰੀ ਵਿਚ ਕੁਝ ਦਿਨ ਖਿੜੇ ਫਿਰਦੇ ਹਨ ।

ਮਨੁੱਖ ਦੀ ਇਸ ਮਾਨਸਿਕ ਅਵਸਥਾ ਤੋਂ ਲਾਭ ਉਠਾਣ ਲਈ 'ਨਵ-ਵਰਸ਼ ਸੁਨੇਹਿਆਂ' ਦਾ ਰਿਵਾਜ ਚਲਾਇਆ ਗਿਆ ।

ਇਹ ਉਨ੍ਹਾਂ ਰਿਵਾਜਾਂ ਵਿਚੋਂ ਹੈ ਜਿਹੜੇ ਸਦੀਵੀ ਆਖੇ ਜਾ ਸਕਦੇ ਹਨ । ਅਨੇਕਾਂ ਰਿਵਾਜ ਤੁਰੇ ਤੇ ਛੇਤੀ ਜਾਂ ਚਿਰਾਕੇ ਬੰਦ ਹੋ ਗਏ । ਪਰ ਇਹ ਰਿਵਾਜ ਮਨੁੱਖ ਦੀ ਉੱਨਤੀ ਦੇ ਨਾਲ ਨਾਲ ਨਿਤ ਚਮਕੀਲਾ ਤੇ ਸੁਆਦਲਾ ਹੁੰਦਾ ਜਾਏਗਾ । ਕਿਉਂਕਿ ਦੀ ਇਹ ਉੱਨਤੀ ਸਰਬ-ਵਿਆਪੀ ਲਗਨ ਨੂੰ ਮਜ਼ਬੂਤ ਕਰਨ ਲਈ ਸਾਥੀ ਵਲੋਂ ਸਾਥੀ ਨੂੰ ਹਲਾਸ਼ੇਰੀ ਹੈ ।

ਮਨੁੱਖੀ ਜੀਵਨ ਦੀਆਂ ਸਾਰੀਆਂ ਖ਼ੁਸ਼ੀਆਂ ਤੇ ਸਾਰੀਆਂ ਕਾਮਯਾਬੀਆਂ ਦਾ ਨਿਰਭਰ ਸਾਥੀਆਂ ਉਤੇ ਹੈ । ਇਸ ਜੀਵਨ ਦਾ ਸਭ ਤੋਂ ਵੱਡਾ ਸਰੂਰ — ਪਿਆਰ-ਵਲਵਲਾ — ਸਾਥੀ ਜਾਂ ਸਾਥੀਆਂ ਦੀ ਹੋਂਦ ਮੰਗਦਾ ਹੈ, ਇਸ ਤੋਂ ਉਤਰ ਕੇ ਕਾਮਯਾਬੀ ਦਾ ਖੇੜਾ ਜਾਂ ਹੁਸਨ ਦਾ ਨਸ਼ੀਲਾ ਜਿਹਾ ਉਲਹਾਸ ਵੀ ਸਾਥੀਆਂ ਦੀ ਪ੍ਰਸ਼ੰਸਾ ਤੇ ਦਰਸ਼ਕਾਂ ਦੀਆਂ ਅੱਖਾਂ ਦੇ ਮੁਥਾਜ ਹਨ ।

ਇਹ ਹੈ 'ਨਵ-ਵਰਸ਼ ਸੁਨੇਹਿਆਂ' ਦਾ ਮਨੋਰਥ । ਸਾਥੀਆਂ ਨੂੰ ਵਡਿਆਣਾ, ਗਰਮਾਣਾ, ਬਹਿਲਾਣਾ ਤੇ ਜ਼ਿੰਦਗੀ ਦੇ ਖੇਡ-ਮੁਕਾਬਲੇ ਵਿਚ ਤਾਲੀਆਂ ਵਜਾ ਕੇ ਹਲਾਸ਼ੇਰੀ ਦੇਣਾ । ਅਸੀਂ ਸਭੇ ਹਲਾਸ਼ੇਰੀ ਦੇ ਲੋੜਵੰਦ ਹਾਂ । ਚੰਗਾ ਖਿਡਾਰੀ ਬਿਨਾਂ ਹਲਾਸ਼ੇਰੀ ਦੇ ਹਾਰ ਜਾਏਗਾ । ਅਮਰੀਕਾ ਦੇ ਵਿਸ਼ਵ-ਵਿਦਿਆਲਿਆਂ ਵਿਚ ਹਲਾਸ਼ੇਰੀ ਦੇਣ ਨੂੰ ਵੀ ਇੱਕ ਹੁਨਰ ਸਮਝਿਆ ਗਿਆ ਹੈ । ਇਸ ਬਾਰੇ ਵੀ ਬਕਾਇਦਾ ਪੜ੍ਹਾਈ ਕਰਾਈ ਜਾਂਦੀ ਹੈ । ਨਾਅਰੇ ਸਿਖਾਏ ਜਾਂਦੇ ਹਨ, ਤਾਲੀਆਂ ਮਾਰਨ ਦਾ ਠੀਕ ਢੰਗ ਦੱਸਿਆ ਜਾਂਦਾ ਹੈ ।

ਜਿਥੇ ਕਿਤੇ ਵਿਸ਼ਵ-ਵਿਦਿਆਲਿਆਂ ਦੀਆਂ ਟੀਮਾਂ ਖੇਡ-ਮੁਕਾਬਲਾ ਕਰਨ ਲਈ ਜਾਂਦੀਆਂ ਹਨ, ਖ਼ਾਸ 'ਹਲਾਸ਼ੇਰੀ ਜੱਥਾ' ਉਹਨਾਂ ਦੇ ਨਾਲ ਭੇਜਿਆ ਜਾਂਦਾ ਹੈ । ਇਸ ਦਾ ਕੰਮ ਇਹੀ ਹੁੰਦਾ ਹੈ ਕਿ ਵੇਲੇ ਦੀ ਲੋੜ ਮੁਤਾਬਕ ਹਲਾਸ਼ੇਰੀ ਦਿੱਤੀ ਜਾਏ । ਖੇਡ-ਮੁਕਾਬਲੇ ਨਾਲੋਂ ਵੀ ਦਿਲਚਸਪ ਇਸ 'ਹੱਲਾਸ਼ੇਰੀ ਜੱਥੇ' ਦੇ ਕਾਰਨਾਮੇ ਹੁੰਦੇ ਹਨ ।

ਜਦੋਂ ਕੋਈ ਵਿਸ਼ਵ-ਵਿਦਿਆਲਾ ਖੇਡ-ਮੁਕਾਬਲਾ ਹਾਰ ਆਉਂਦਾ ਹੈ, ਤਾਂ ਉਸ ਹਾਰ ਦੇ ਕਾਰਣ ਢੂੰਡਣ ਲਈ ਪੜਤਾਲੀਆ ਕਮੇਟੀ ਬਹਿੰਦੀ ਹੈ । ਤੇ ਕਈ ਵਾਰੀ ਹਾਰ ਦਾ ਕਾਰਣ ਨਿਚੱਜੀ ਹਲਾਸ਼ੇਰੀ ਕਰਾਰ ਦਿੱਤੀ ਜਾਂਦੀ

ਹੈ, ਤੇ 'ਹਲਾਸ਼ੇਰੀ ਜੱਥੇ' ਨੂੰ ਅਪ੍ਰਸੰਸਾ ਦਾ ਸੰਦੇਸ਼ ਪਹੁੰਚਾਇਆ ਜਾਂਦਾ ਹੈ।

ਉਹ ਖਿਡਾਰੀ ਖੇਡੇਗਾ ਕੀ ਤੇ ਕਿਦ੍ਹੇ ਲਈ, ਜਿਸ ਨੂੰ ਹਲਾਸ਼ੇਰੀ ਦੇਣ ਵਾਲਾ ਕੋਈ ਨਹੀਂ! ਅਨੇਕਾਂ ਸੁਚੱਜੇ ਖਿਡਾਰੀ ਜ਼ਿੰਦਗੀ ਦੇ ਮੁਕਾਬਲੇ ਵਿਚ ਇਸ ਲਈ ਸ਼ਾਮਲ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਆਪਣੇ ਹਲਾਸ਼ੇਰੀ ਦੇਣ ਵਾਲੇ ਦਾ ਪਤਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਨੂੰ ਕਿਸੇ ਵੇਖਦੀ ਅੱਖ ਦਾ ਯਕੀਨ ਨਹੀਂ ਬੱਝਾ ਹੁੰਦਾ।

ਇਸ ਗੱਲ ਦਾ ਅਹਿਸਾਸ ਉੱਨਤ ਮੁਲਕਾਂ ਵਿਚ ਚੋਖਾ ਉੱਚਾ ਹੋ ਗਿਆ ਹੈ, ਉਥੇ ਮੈਂ ਵੇਖਿਆ ਹੈ ਕਿ ਦੂਰੋਂ ਆਉਣ ਵਾਲੀ ਟੀਮ ਨੂੰ ਹਲਾਸ਼ੇਰੀ ਦੇਣ ਵਾਲੇ ਥੋੜੇ ਹੋਣ ਤਾਂ ਸਥਾਨਕ ਟੀਮ ਦੇ ਕੁਝ ਮੁੰਡੇ ਕੁੜੀਆਂ ਪ੍ਰਾਹੁਣੀ ਟੀਮ ਵਾਲੇ ਪਾਸੇ ਬਿਠਾਏ ਜਾਂਦੇ ਤੇ ਉਨ੍ਹਾਂ ਨੂੰ ਹਲਾਸ਼ੇਰੀ ਦੇਣ ਲਈ ਮੁਕਰਰ ਕੀਤੇ ਜਾਂਦੇ ਹਨ। ਇਨ੍ਹਾਂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਵਿਰੋਧੀ ਟੀਮ ਦੀ ਜਿੱਤ ਨਾਲ ਤਾੜੀ ਵਜਾਣ, ਉਨ੍ਹਾਂ ਦੇ ਨਾਅਰੇ ਮਾਰਨ, ਉਨ੍ਹਾਂ ਦਾ ਬਿੱਲਾ ਆਪਣੇ ਕੋਟਾਂ ਉਤੇ ਲਾਣ।

ਸਾਡੇ ਲਈ ਇਹ ਮੰਨਣਾ ਮੁਸ਼ਕਲ ਹੋ ਜਾਏਗਾ ਕਿ ਇਹ ਸਥਾਨਕ 'ਹਲਾਸ਼ੇਰੀ ਜੱਥੇ' ਇਸੇ ਗੱਲ ਵਿਚ ਆਪਣਾ ਫ਼ਖ਼ਰ ਸਮਝਦੇ ਹਨ ਕਿ ਉਨ੍ਹਾਂ ਨੇ ਪ੍ਰਾਹੁਣੀ ਟੀਮ ਨੂੰ ਆਪਣੇ ਸਾਥੀਆਂ ਨਾਲੋਂ ਵੀ ਨਿੱਘੀ ਹਲਾਸ਼ੇਰੀ ਦਿੱਤੀ ਹੁੰਦੀ ਹੈ।

ਜਿਸ ਤਰ੍ਹਾਂ ਯੂਰਪ ਦੇ ਕਾਨੂੰਨ ਵਿਚ ਕੋਈ ਦੋਸ਼ੀ ਬੇ-ਵਕੀਲ ਨਹੀਂ ਰਹਿਣ ਦਿੱਤਾ ਜਾਂਦਾ, ਜੇ ਉਹ ਆਪ ਵਕੀਲ ਨਾ ਕਰ ਸਕੇ ਤਾਂ ਸਰਕਾਰ ਉਸ ਨੂੰ ਵਕੀਲ ਕਰ ਕੇ ਦੇਂਦੀ ਹੈ, ਇਸੇ ਤਰ੍ਹਾਂ ਕਿਸੇ ਟੀਮ ਜਾਂ ਖਿਡਾਰੀ ਨੂੰ ਹਲਾਸ਼ੇਰੀ ਤੋਂ ਬਿਨਾਂ ਖੇਡਣ ਨਹੀਂ ਦਿੱਤਾ ਜਾਂਦਾ।

ਉਹ ਦਿਨ ਮੇਰੇ ਸੁਨਹਿਰੀ ਦਿਨਾਂ ਵਿਚੋਂ ਤੇ ਉਹ ਅਹਿਸਾਸ ਮੇਰੇ ਅਤਿ ਮਿੱਠੇ ਅਹਿਸਾਸਾਂ ਵਿਚੋਂ ਇੱਕ ਹੈ, ਜਦੋਂ ਮੈਂ ਇਕੱਲਾ ਅਮਰੀਕਾ ਦੇ ਮਿਸ਼ੀਗਨ ਵਿਸ਼ਵ-ਵਿਦਿਆਲਾ ਦੇ ਸੱਨਦਾਂ ਵੰਡਣ ਦੇ ਸਮਾਰੋਹ ਸਮੇ ਆਪਣੀ ਸੱਨਦ ਪ੍ਰਾਪਤ ਕਰ ਰਿਹਾ ਸਾਂ। ਉਥੇ ਇਹ ਦਿਨ ਵੱਡੇ ਦਿਨਾਂ ਵਾਂਗ ਖ਼ੁਸ਼ੀਆਂ ਦੇ ਦਿਨ ਮਨਾਏ ਜਾਂਦੇ ਹਨ। ਹਫ਼ਤਾ ਭਰ ਰੌਣਕ ਰਹਿੰਦੀ ਹੈ। ਵਿਦਿਆਰਥੀਆਂ ਦੇ ਮਾਪੇ ਸੱਦੇ ਜਾਂਦੇ ਹਨ। ਪੁਰਾਣੀਆਂ ਜਮਾਤਾਂ ਆਉਂਦੀਆਂ ਹਨ। ਸੰਨ 1895 ਦੀ ਜਮਾਤ, ਸੰਨ 1900 ਦੀ ਜਮਾਤ, ਸੰਨ 1914 ਦੀ ਜਮਾਤ। ਲੱਗਪਗ

ਹਰੇਕ ਜਮਾਤ ਦੀ ਆਪਣੀ ਇੱਕ ਸੰਸਥਾ ਹੁੰਦੀ ਹੈ। ਜਲੂਸ ਨਿਕਲਦਾ ਹੈ। ਹਰੇਕ ਆਦਮੀ ਇਸਤ੍ਰੀ ਦੀ ਪਿੱਠ ਪਿੱਛੇ ਉਸ ਦੀ ਜਮਾਤ ਦਾ ਸਾਲ ਲਿਖਿਆ ਹੁੰਦਾ ਹੈ। ਹਰੇਕ ਜਮਾਤ ਦਾ ਆਪਣਾ ਝੰਡਾ ਹੁੰਦਾ ਹੈ।

ਰਿਆਸਤਾਂ ਦੇ ਗਵਰਨਰ, ਹਾਈਕੋਰਟਾਂ ਦੇ ਜੱਜ, ਕੌਂਸਲਾਂ ਦੇ ਪ੍ਰਧਾਨ ਆਪਣੀ ਆਪਣੀ ਜਮਾਤ ਦੀਆਂ ਟੋਪੀਆਂ ਪਾਈ, ਆਪਣੇ ਪਰਵਾਰਾਂ ਸਮੇਤ ਜਲੂਸ ਵਿਚ ਮਾਰਚ ਕਰਦੇ ਹਨ।

ਵਿਸ਼ਵ-ਵਿਦਿਆਲਾ ਸਭ ਦਰਸ਼ਕਾਂ ਦੀ ਰਿਹਾਇਸ਼ ਦਾ ਇੰਤਜ਼ਾਮ ਕਰਦਾ ਹੈ। ਨਾਚ ਹੁੰਦੇ ਹਨ, ਸੰਗੀਤ ਹੁੰਦਾ ਹੈ, ਖੇਡ-ਮੁਕਾਬਲੇ ਹੁੰਦੇ ਹਨ, ਤਕਰੀਰਾਂ ਹੁੰਦੀਆਂ ਹਨ।

ਕਈ ਚੀਨੀ, ਜਾਪਾਨੀ, ਫ਼ਿਲੀਪੀਨੋ ਮਾਪੇ ਆਪਣੇ ਪੁੱਤਰਾਂ ਧੀਆਂ ਨੂੰ ਸੱਨਦਾਂ ਪ੍ਰਾਪਤ ਕਰਦਿਆਂ ਵੇਖਣ ਆਏ ਹੋਏ ਸਨ।

ਮੈਂ ਉਥੇ ਇਕੱਲਾ ਮਹਿਸੂਸ ਕਰ ਰਿਹਾ ਸਾਂ। ਉਂਝ ਤੇ ਉਸ ਵਿਸ਼ਵ-ਵਿਦਿਆਲੇ ਵਿਚ ਵੀ ਉਸ ਵੇਲੇ ਦੱਸ ਬਾਰਾਂ ਹਿੰਦੁਸਤਾਨੀ ਵਿਦਿਆਰਥੀ ਸਨ, ਪਰ ਅਸੀਂ ਹਿੰਦੁਸਤਾਨੀ ਆਪਣੇ ਸਾਥੀਆਂ ਦੀ ਖ਼ੁਸ਼ੀ ਵਿਚ ਸ਼ਾਮਲ ਹੋਣ ਦੀ ਜਾਚ ਭੁੱਲ ਗਏ ਹਾਂ, ਸਗੋਂ ਸਾਥੀ ਦੀ ਜਿੱਤ ਸਾਡੇ ਵਿਚ ਈਰਖਾ ਜਿਹੀ ਪੈਦਾ ਕਰ ਦੇਂਦੀ ਹੈ।

ਮੇਰਾ ਬੜਾ ਜੀਅ ਕਰਦਾ ਸੀ, ਮੇਰੀ ਮਾਂ, ਭੈਣ, ਪਤਨੀ, ਮਿੱਤਰ-ਪਿਆਰਿਆਂ ਵਿਚੋਂ ਕੋਈ ਇੱਕ ਵੀ ਮੈਨੂੰ ਦੇਖਦਾ ਹੋਵੇ।

ਜਦੋਂ ਪ੍ਰਧਾਨ ਕਿਸੇ ਨੂੰ ਮੁਸਕਰਾ ਕੇ ਸੱਨਦ ਫੜਾਂਦਾ ਸੀ ਤਾਂ ਉਸ ਦੇ ਹਮਦਰਦੀਆਂ ਦਾ ਪਾਸਾ ਤਾਲੀਆਂ ਨਾਲ ਗੂੰਜ ਉਠਦਾ ਸੀ। ਮੈਂ ਆਪਣੇ ਮਨ ਵਿਚ ਇਹ ਖ਼ਿਆਲ ਕਰ ਕੇ ਥੋੜਾ ਜਿਹਾ ਬੇ-ਸੁਆਦ ਹੁੰਦਾ ਜਾ ਰਿਹਾ ਸਾਂ ਕਿ ਮੇਰੇ ਵੇਲੇ ਕਿਸੇ ਤਾਲੀ ਨਹੀਂ ਵਜਾਣੀ, ਕਿਉਂਕਿ ਉਸ ਮੌਕੇ ਉਤੇ ਕਿਸੇ ਹੋਰ ਹਿੰਦੁਸਤਾਨੀ ਨੂੰ ਸੱਨਦ ਮਿਲਣ ਵਾਲੀ ਨਹੀਂ ਸੀ, ਤੇ ਮੇਰਾ ਡਰ ਸੀ ਮੇਰੇ ਹਿੰਦੁਸਤਾਨੀ ਸਾਥੀਆਂ ਨੂੰ ਸੱਨਦ-ਵੰਡ-ਸਮਾਰੋਹ ਦੇ ਹਾਲ ਵਿਚ ਆਉਣ ਦੀ ਖਿੱਚ ਵੀ ਨਹੀ ਹੋਣੀ।

ਪਰ ਕੀ ਮੇਰੇ ਪਾਠਕ ਨਿੱਕੇ ਜਿਹੇ ਹਿੰਦੁਸਤਾਨੀ ਦਿਲ ਵਿਚ ਉਸ ਵੇਲੇ ਸਾਗਰ ਜੇਡੀਆਂ ਲਹਿਰਾਂ ਉਠਣ ਦਾ ਅਨੁਮਾਨ ਲਾ ਸਕਣਗੇ, ਜਦੋਂ ਮੇਰੇ ਹੱਥ ਸੱਨਦ ਮਿਲਣ ਦੀ ਢਿੱਲ ਸੀ, ਕਿ ਸਾਰਾ ਹਾਲ ਹਰ ਪਾਸਿਓਂ ਗੂੰਜ

ਉਠਿਆ। ਪ੍ਰਧਾਨ ਦੀ ਮੁਸਕਰਾਹਟ ਵੀ ਉਚੇਰੀ ਸੀ।

ਆਹ ! ਹਾਲ ਵਿਚ ਬੈਠੇ ਛੇ ਹਜ਼ਾਰ ਭੈਣਾਂ ਭਰਾਵਾਂ ਨੇ ਮੇਰੇ ਮਨ ਦੀ ਵੇਦਨਾ ਬੁੱਝ ਲਈ, ਇੱਕ ਇਕੱਲਾ ਅਨੋਖਾ ਹਿੰਦੁਸਤਾਨੀ, ਰੰਗ ਵੱਖਰਾ, ਰੂਪ ਵੱਖਰਾ, ਪੁਸ਼ਾਕ ਵੱਖਰੀ ਤੇ ਆਪਣੇ ਵਤਨ ਦੀ ਸ਼ੁਹਰਤ ਵੀ ਵਖਰੀ। ਏਨੀ ਖ਼ਲਕਤ ਵਿਚ ਇਸ ਦੀ ਕੋਈ ਭੈਣ ਨਹੀਂ, ਮਾਂ ਨਹੀਂ, ਸ਼ਾਇਦ ਕੋਈ ਦੋਸਤ ਵੀ ਨਹੀਂ। ਇੱਕ ਛਿੰਨ ਵਿਚ ਮੇਰੀ ਪ੍ਰਾਰਥਨਾ ਸਾਰਿਆਂ ਦਿਲਾਂ ਵਿਚੋਂ ਲੰਘ ਗਈ। ਉਸ ਘੜੀ ਮੇਰੇ ਜੇਡਾ ਪ੍ਰਸੰਨ ਆਦਮੀ ਉਸ ਹਾਲ ਵਿਚ ਸ਼ਾਇਦ ਹੀ ਕੋਈ ਹੋਵੇਗਾ।

ਉਸ ਵੇਲੇ ਮੈਨੂੰ ਇਸ ਗੱਲ ਦੀ ਕਦਰ ਮਹਿਸੂਸ ਹੋਈ ਕਿ ਜੇ ਤੁਸੀਂ ਆਪਣੇ ਸਾਥੀ ਲਈ ਕੁਝ ਵੀ ਹੋਰ ਕਰਨ ਦੀ ਸਮਰਥਾ ਨਹੀਂ ਰਖਦੇ ਤਾਂ ਉਸ ਨੂੰ ਨਿੱਘੇ ਦਿਲੋਂ ਹਲਾਸ਼ੇਰੀ ਦਿਓ। ਉਹਦੇ ਲਈ ਆਪਣੀਆਂ ਅੱਖਾਂ ਵਿਚ ਸ਼ੁਭ-ਇੱਛਾ ਦੀ ਲਿਸ਼ਕ ਲਿਆਓ ਤੇ ਮੁਸਕਰਾ ਕੇ ਉਸ ਨੂੰ ਯਕੀਨ ਦੁਆ ਦਿਓ, "ਮੈਂ ਤੁਹਾਡੀ ਖ਼ੁਸ਼ੀ ਵਿਚ ਖ਼ੁਸ਼ ਹੋ ਸਕਦਾ ਹਾਂ।"

ਅਮਰੀਕਾ ਦਾ ਇਕ ਨਾਅਰਾ ਹੈ, ਜਿਹੜਾ ਨਵੇਂ ਸਾਲ ਦੇ ਆਸਾਂ ਭਰੇ ਮੌਕੇ ਉਤੇ ਮੈਂ ਆਪਣੇ ਪਾਠਕਾਂ ਨੂੰ ਸੁਣਾਨਾ ਚਾਹੁੰਦਾ ਹਾਂ :—

ਗੁਆਂਢੀ ਨੂੰ ਵਡਿਆਓ, ਦੋਸਤ ਨੂੰ ਵਡਿਆਓ।
ਜਿਸ ਗਿਰਜੇ ਵਿਚ ਜਾਂਦੇ ਹੋ, ਉਸ ਨੂੰ ਵਡਿਆਓ।
ਜਿਸ ਖੇਤ ਉਤੇ ਰਹਿੰਦੇ ਹੋ, ਉਸ ਨੂੰ ਵਡਿਆਓ।
ਜਿਹੜਾ ਮਾਲ ਵੇਚਦੇ ਹੋ, ਉਸ ਨੂੰ ਵਡਿਆਓ।
ਜਿਨ੍ਹਾ ਲੋਕਾਂ 'ਚ ਰਹਿੰਦੇ ਹੋ, ਉਨ੍ਹਾਂ ਨੂੰ ਵਡਿਆਓ।
ਉਹ ਤੁਹਾਡੇ ਬਿਨਾਂ ਗੁਜ਼ਾਰਾ ਕਰ ਸਕਦੇ ਹਨ,
ਪਰ ਉਨ੍ਹਾਂ ਨੂੰ ਕਾਮਯਾਬੀ ਛੇਤੀ ਮਿਲੇਗੀ
ਜੇ ਉਹ ਜਾਣਨ ਕਿ ਤੁਸੀਂ ਉਨ੍ਹਾਂ ਦੇ ਪਿੱਛੇ ਹੋ।
ਹਰ ਉੱਨਤ ਮੁਹਿੰਮ ਨੂੰ ਹਲਾਸ਼ੇਰੀ ਦਿਓ।
ਹਰ ਨਵੀਂ ਮੁਹਿੰਮ ਨੂੰ ਹਲਾਸ਼ੇਰੀ ਦਿਓ।
ਨਾਵਾਕਫ਼ ਨੂੰ ਦਿਓ, ਗੁਆਂਢੀ ਨੂੰ ਦਿਓ।
ਉਸ ਨੂੰ ਦਿਓ ਜਿਦ੍ਹੇ ਲਈ ਤੁਸੀਂ ਕੰਮ ਕਰਦੇ ਹੋ।

ਸਦੀਵੀ ਕੰਮ-ਵਿਗਾੜੂ ਨਾ ਬਣੋ ।
ਤਰੱਕੀ ਦੇ ਬਾਧਕ ਨਾ ਬਣੋ ।
ਜੇ ਆਪਣੀ ਸ਼ਹਿਰੀਦਾਰੀ ਨੂੰ ਚੰਗਾ ਚਾਹੁੰਦੇ ਹੋ,
ਤਾਂ ਅੰਤਮ ਸ਼ਬਦ ਤਕ ਆਪਣੇ ਸ਼ਹਿਰ ਨੂੰ ਵਡਿਆਓ ।
ਵਿਗਾੜਨਾ ਛੱਡੋ, ਹਲਾਸ਼ੇਰੀ ਦਿਓ ।

ਹਰ ਮੌਕੇ ਉਤੇ ਆਪਣੇ ਬੱਚੇ, ਆਪਣੀ ਪਤਨੀ, ਆਪਣੀ ਮਾਂ, ਆਪਣੀ ਭੈਣ, ਆਪਣੇ ਗੁਆਂਢੀ, ਆਪਣੇ ਸਾਥੀ ਨੂੰ ਸ਼ੁਭ-ਇਛਾਵਾਂ ਦਸੋ । ਪ੍ਰਸੰਸਾ ਦਾ ਪੱਤਰ ਲਿਖੋ । ਸਿਹਤ, ਰੰਗ, ਨਵੀਂ ਪੁਸ਼ਾਕ, ਨਵੇਂ ਮਕਾਨ, ਨਵੇਂ ਜਤਨ, ਨਵੇਂ ਸਾਲ ਲਈ ਵਧਾਈ ਦਿਓ । ਇਹ ਵਧਾਈਆਂ ਸਾਡੇ ਜੀਵਨ-ਰਾਹ ਉਤੇ ਨਾਂ-ਫੱਟੇ ਦਾ ਕੰਮ ਦੇਂਦੀਆਂ ਹਨ । ਜਦੋਂ ਸੜਕ ਉਤੇ ਚੋਖੀ ਦੂਰ ਤਕ ਕੋਈ ਮੀਲ-ਪੱਥਰ ਜਾਂ ਮੋੜ-ਚਿਤਾਵਨੀ ਨਾ ਆਵੇ, ਓਦੋਂ ਮੁਸਾਫ਼ਰ ਨੂੰ ਆਪਣੇ ਕਦਮ ਉਤੇ ਸ਼ੰਕੇ ਪੈਦਾ ਹੋ ਜਾਂਦੇ ਹਨ ਤੇ ਕਦਮ ਸੁਸਤ ਹੋ ਜਾਂਦਾ ਹੈ ।

ਇਸ ਲਈ ਵਾਕਫ਼ਾਂ ਨਾਵਾਕਫ਼ਾਂ ਸਭ ਲਈ ਇਹ ਨਾਂ-ਫੱਟੇ ਮੁਹਈਆ ਕਰਨਾ ਸਾਡਾ ਫ਼ਰਜ਼ ਹੈ । ਪ੍ਰਸੰਸਾ ਪ੍ਰਗਟ ਕਰਨ ਵਿਚ ਸੰਕੋਚ ਨਾ ਕਰੋ । ਕੋਈ ਕਿਤਾਬ ਪੜ੍ਹੋ, ਕੋਈ ਖੇਡ ਵੇਖੋ, ਕੋਈ ਕਵਿਤਾ ਸੁਣੋ, ਕੋਈ ਹੁਨਰ ਵੇਖੋ, ਜਿਥੇ ਤੁਸੀਂ ਪ੍ਰਸੰਨ ਹੋਏ ਹੋ, ਆਪਣੀ ਪ੍ਰਸੰਨਤਾ ਉਚੇਚੇ ਤੌਰ ਉਤੇ ਪ੍ਰਗਟ ਕਰੋ । ਜਿਹੜਾ ਕੋਈ ਤੁਹਾਨੂੰ ਪ੍ਰਸੰਨ ਕਰਦਾ ਹੈ, ਉਹ ਤੁਹਾਡੇ ਪ੍ਰਸੰਸਾ-ਸੰਦੇਸ਼ ਦਾ ਹੱਕ ਰਖਦਾ ਹੈ । ਜਿਹੜਾ ਕੋਈ ਇਹ ਸੰਦੇਸੇ ਦੇਣ ਵਿਚ ਸੁਸਤ ਹੈ, ਉਸ ਦੇ ਸਿਰ ਦਿਨ-ਬ-ਦਿਨ ਕਰਜ਼ਾ ਚੜ੍ਹਦਾ ਜਾਂਦਾ ਹੈ, ਤੇ ਓੜਕ ਉਹ ਇਸ ਕਰਜ਼ੇ ਦੇ ਭਾਰ ਹੇਠਾਂ ਆਪੀਂ ਪ੍ਰਸੰਨ ਰਹਿਣ ਦੇ ਲਾਇਕ ਨਹੀਂ ਰਹਿੰਦਾ ।

ਕਾਮਯਾਬ ਤੇ ਪ੍ਰਸੰਨ ਜ਼ਿੰਦਗੀ ਦਾ ਭੇਤ ਹੀ ਇਹ ਹੈ ਕਿ ਅਸੀਂ ਸਾਥੀਆਂ ਦੀ ਸ਼ੋਭਾ ਕਰ ਸਕੀਏ । ਇਹੀ ਸ਼ੋਭਾ ਭੌਂ ਕੇ ਸਾਡੇ ਆਪਣੇ ਜੀਵਨ ਦਾ ਭਾਗ ਬਣ ਜਾਂਦੀ ਹੈ । ਕੁਝ ਵੀ ਬਾਹਰੋਂ ਨਹੀਂ ਮਿਲਦਾ । ਸਭ ਆਪਣੇ ਅੰਦਰੋਂ ਹੀ ਨਿਕਲ ਸਕਦਾ ਹੈ । ਅਸੀਂ ਸਭ ਸ਼ੋਭਾ ਦੇ ਚਾਹਵਾਨ ਹਾਂ । ਮਨੁੱਖੀ ਦਿਲ ਦੀ ਰੂਹ ਸ਼ੋਭਾ ਹੈ । ਜਿਸ ਨੂੰ ਕਿਤੋਂ ਸ਼ੋਭਾ ਨਾ ਮਿਲ ਸਕੇ, ਉਹ ਇਕ ਦਿਨ ਪਾਗ਼ਲ ਹੋ ਜਾਏਗਾ, ਜਾਂ ਮਰ ਜਾਏਗਾ । ਸ਼ੋਭਾ ਹੀ ਹਰ ਮਨੁੱਖ ਦੀ ਅੰਤ੍ਰੀਵ ਲਗਨ ਹੈ ।

ਤੇ ਮੈਂ ਆਪਣੇ ਤਜਰਬੇ ਵਿਚੋਂ ਇਹੀ 'ਨਵ-ਵਰਸ਼ ਸੰਦੇਸ਼' ਬੜੇ ਪਿਆਰ ਤੇ ਆਦਰ ਨਾਲ ਆਪਣੇ ਦੂਰ ਨੇੜੇ ਵਸਦੇ ਭੈਣ ਭਰਾਵਾਂ ਤੇ ਸਾਥੀਆਂ ਤਕ ਪਹੁੰਚਾਣਾ ਚਾਹੁੰਦਾ ਹਾਂ, ਕਿ ਜਿੰਨੀ ਸ਼ੋਭਾ ਅਸੀਂ ਆਪਣੇ ਅੰਦਰੋਂ ਕੱਢ ਕੇ ਆਲੇ- ਦੁਆਲੇ ਖਿਲਾਰ ਸਕਦੇ ਹਾਂ, ਠੀਕ ਓਨੀ ਹੀ ਸ਼ੋਭਾ ਸਾਡੇ ਭਾਗ ਵਿਚ ਆ ਸਕੇਗੀ ।

ਜਿਹੜਾ ਕੋਈ ਚਾਹੁੰਦਾ ਹੈ, ਕਿ ਦੂਜਿਆਂ ਦੀਆਂ ਅੱਖਾਂ ਵਿਚ ਤਾਰੇ ਦੀ ਲਿਸ਼ਕਦੀ ਪਦਵੀ ਪੈਦਾ ਕਰੇ, ਉਸ ਨੂੰ ਅਨੇਕਾਂ ਤਾਰੇ ਆਪਣੀਆਂ ਅੱਖਾਂ ਵਿਚ ਰਖਣੇ ਪੈਣਗੇ । ਇਨ੍ਹਾਂ ਅਨੇਕਾਂ ਤਾਰਿਆਂ ਦਾ ਅਕਸ ਹੀ ਜਦੋਂ ਕਿਸੇ ਪਰਖ-ਭਰੀ ਅੱਖ ਵਿਚ ਪਏਗਾ, ਉਦੋਂ ਹੀ ਉਹ ਉਸ ਪਿਆਰੀ ਅੱਖ ਦਾ ਤਾਰਾ ਬਣ ਜਾਏਗਾ ।

ਆਪਣੇ ਧੋਬੀ, ਆਪਣੇ ਦਰਜ਼ੀ, ਆਪਣੇ ਡਾਕੀਏ, ਆਪਣੇ ਗਵਾਲੇ, ਆਪਣੇ ਬੱਚੇ ਦੇ ਉਸਤਾਦ, ਆਪਣੇ ਬੱਚੇ ਦੇ ਦੋਸਤ, ਆਪਣੀ ਬੱਚੀ ਦੀਆਂ ਸਹੇਲੀਆਂ, ਸਭ ਲਈ ਥੋੜਾ ਜਿੰਨਾ ਵਕਤ ਕੱਢੋ । ਸੁਖ-ਸਾਂਦ ਪੁਛੋ, ਵਿਹਲਿਆਂ ਹੋ ਕੇ ਕਦੇ ਦਿਲ ਦੀ ਸੁਣਾਨ ਦੀ ਦਾਅਵਤ ਪੇਸ਼ ਕਰੋ । ਕੋਈ ਨਿੱਘੀ ਜਿਹੀ ਸਿਫ਼ਤ ਕਰ ਕੇ ਉਨ੍ਹਾਂ ਦਾ ਸੰਕੋਚ ਦੂਰ ਕਰੋ ।

ਜ਼ਿੰਦਗੀ ਦੀ ਬੇ-ਰਸੀ ਹਰ ਪਾਸਿਓਂ ਦਿੱਸ ਰਹੀ ਹੈ । ਮਾਪੇ ਨਾਖ਼ੁਸ਼ ਹਨ, ਬੱਚੇ ਨਾਖ਼ੁਸ਼ ਹਨ, ਗਾਹਕ ਨਾਖ਼ੁਸ਼ ਹਨ, ਦੁਕਾਨਦਾਰ ਨਾਖ਼ੁਸ਼ ਹਨ, ਨੌਕਰ ਨਾਖ਼ੁਸ਼ ਹਨ, ਮਾਲਕ ਨਾਖ਼ੁਸ਼ ਹਨ, ਪਤੀ ਨਾਖ਼ੁਸ਼ ਹਨ ।

ਇਸ ਲਈ ਨਹੀਂ ਕਿ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ । ਸਿਰਫ਼ ਇਸ ਲਈ ਕਿ ਇੱਕ ਨੇ ਦੂਜੇ ਨੂੰ ਆਪਣੀਆਂ ਸ਼ੁਭ-ਇੱਛਾਵਾਂ ਦਾ ਯਕੀਨ ਨਹੀਂ ਦੁਆਇਆ । ਸ਼ੁਭ-ਇਛਾਵਾਂ ਦਿਲ ਵਿਚ ਭਾਵੇਂ ਸੌ ਪਈਆਂ ਹੋਣ, ਉਨ੍ਹਾਂ ਦਾ ਯਕੀਨ ਦੁਆਏ ਬਿਨਾਂ ਉਹ ਬੇ-ਅਰਥ ਹਨ । ਮਾਂ ਨਾਲੋਂ ਪੁੱਤਰ ਦਾ ਸ਼ੁਭ-ਇੱਛਕ ਹੋਰ ਕੌਣ ਹੋ ਸਕਦਾ ਹੈ ? ਪਰ ਕਈ ਪੁੱਤਰ ਸਦਾ ਭੁਸਕਦੇ ਰਹਿੰਦੇ ਹਨ, ਕਿਉਂਕਿ ਮਾਵਾਂ ਉਨ੍ਹਾਂ ਨੂੰ ਸ਼ੁਭ-ਇੱਛਾਵਾਂ ਵਲੋਂ ਨਿਸਚਿੰਤ ਨਹੀਂ ਕਰਾ ਸਕੀਆਂ ।

ਸਮਾਂ ਨਾ ਉਡੀਕੋ, ਨਿਰੇ ਸ਼ੁਭ-ਇੱਛਕ ਹੋਣ ਉਤੇ ਫੁਲੇ ਨਾ ਫਿਰੋ, ਦੂਜੇ ਦੇ ਦਿਲ ਨੂੰ ਅੰਤਰਜਾਮੀ ਨਾ ਸਮਝੋ, ਨਾ ਰਿਸ਼ਤੇ ਦਾ ਭਰੋਸਾ ਕਰੋ, ਨਾ ਆਪਣੀਆਂ ਮਿਹਰਬਾਨੀਆਂ ਦੇ ਟਪਲੇ ਵਿਚ ਰਹੋ, ਇੱਕ ਮਿੱਠੇ ਸ਼ਬਦ ਦੀ

ਅਣਹੋਂਦ — ਜਦੋਂ ਉਹ ਬਹੁਤਾ ਲੋੜੀਂਦਾ ਸੀ — ਸਾਰੀਆਂ ਮਿਹਰਬਾਨੀਆਂ ਉਤੇ ਪਾਣੀ ਫੇਰ ਦੇਂਦੀ ਹੈ।

ਆਪਣੇ ਬੱਚੇ ਦੇ ਜਨਮ-ਦਿਨ ਉਤੇ ਉਸ ਨੂੰ ਖ਼ੁਸ਼ ਕਰਨਾ ਨਾ ਭੁੱਲੋ; ਆਪਣੇ ਗੁਆਂਢੀ ਦੀ ਖ਼ੁਸ਼ੀ ਵਿਚ ਵਧਾਈ ਦੇਣੋ ਘੌਲ ਨਾ ਕਰੋ; ਨਵੇਂ ਮਕਾਨ, ਨਵੀਂ ਪੁਸ਼ਾਕ, ਨਵੇਂ ਸਮਿਆਨ, ਨਵੇਂ ਸਾਲ, ਨਵੇਂ ਇਰਾਦੇ ਦੀ ਪ੍ਰਸੰਸਾ ਕਰਨੀ ਏਡੀ ਜ਼ਰੂਰੀ ਸਮਝੋ ਜੇਡਾ ਸਰਕਾਰੀ ਕਰ ਦੇਣਾ।

ਹਰ ਸਾਲ ਨੂੰ ਉਮਰ ਦੇ ਸਕੂਲ ਦੀ ਨਵੀਂ ਜਮਾਤ ਸਮਝੋ। ਜਿਹੜੇ ਰਜਿਸਟਰਾਂ ਨਾਲ ਤੁਸੀਂ ਸੰਤੁਸ਼ਟ ਨਹੀਂ ਰਹਿ ਸਕੇ, ਉਨ੍ਹਾਂ ਨੂੰ ਬਦਲ ਕੇ ਅਗੋਂ ਚੰਗੀ ਤਰ੍ਹਾਂ ਲਿਖਣ ਦਾ ਇਰਾਦਾ ਬਣਾਓ। ਨਵੀਂ ਜਮਾਤ ਦੇ ਚਾਅ ਵਿਚ ਪੁਰਾਣੀਆ ਦੁਸ਼ਮਣੀਆਂ ਭੁਲਾ ਦਿਓ, ਨਵੇਂ ਦ੍ਰਿਸ਼ਟੀਕੋਣ ਤੋਂ ਦੁਨੀਆ ਤੇ ਦੋਸਤਾਂ ਨੂੰ ਵੇਖੋ।

ਜੋ ਕੁਝ ਵੀ ਮਾੜਾ ਤੁਹਾਨੂੰ ਦਿੱਸਦਾ ਹੈ ਤੁਹਾਡੇ ਹੀ ਅੱਖ ਦੇ ਸ਼ੀਸ਼ੇ ਦਾ ਨੁਕਸ ਹੈ। ਇਹ ਸ਼ੀਸ਼ੇ ਦੇ ਧੱਬੇ ਗੁਰ੍ਹਾਲਾਂ ਹੀ ਤੁਹਾਡੇ ਦ੍ਰਿਸ਼ ਨੂੰ ਭੱਦਾ ਦਰਸਾ ਰਹੇ ਹਨ।

ਕੁਝ ਵੀ ਦੁਨੀਆ ਵਿਚ ਮਾੜਾ ਨਹੀਂ, ਸਿਰਫ਼ ਚੰਗਾ ਦੇਖਣ ਦੀ ਜਾਚ ਲੋੜੀਂਦੀ ਹੈ। ਹਰ ਵਰ੍ਹੇ ਇਸ ਜਾਚ ਨੂੰ ਪੱਕਿਆਂ ਕਰੋ।

ਹਰ ਵੇਲੇ ਆਪਣੇ ਉਤੇ ਧਿਆਨ ਰਖੋ ਤੇ ਸ੍ਵੈ-ਪੂਰਨਤਾ ਦੀ ਲਗਨ ਪੈਦਾ ਕਰੋ। ਇਹ ਲਗਨ ਸੈਂਕੜੇ ਗ਼ਲਤ ਕਦਮਾਂ ਤੋਂ ਰੋਕਣ ਦੀ ਸਮਰੱਥਾ ਰਖਦੀ ਹੈ।

ਜਿਉਂ ਜਿਉਂ ਉਮਰ ਵੱਡੀ ਹੁੰਦੀ ਜਾਏ, ਸ਼ਖ਼ਸੀਅਤ ਚੰਗੇਰੀ, ਸੁਹਣੇਰੀ ਤੇ ਪਿਆਰੀ ਹੁੰਦੀ ਜਾਏ। ਹਰ ਸਾਲ ਕ੍ਰੋਧ ਘਟੇ, ਲੋਭ ਘਟੇ, ਸੁਭਾ ਕਾਬੂ ਵਿਚ ਆਵੇ, ਤੇ ਜ਼ਿੰਦਗੀ ਦਾ ਘੇਰਾ ਚੌੜਾ ਹੁੰਦਾ ਜਾਏ।

ਕਾਮਯਾਬ ਜੀਵਨ ਉਹੀ ਹੈ ਜਿਸ ਦਾ ਜੀਵਨ-ਘੇਰਾ ਸਾਰੀ ਦੁਨੀਆ ਨੂੰ ਛੁਹੰਦਾ ਹੋਵੇ; ਕੇਂਦਰ ਆਪਣੀ ਆਤਮਾ ਵਿਚ ਪੱਕਾ ਟਿਕਿਆ ਰਹੇ, ਪਰ ਘੇਰੇ ਦੀ ਪਾਰਲੀ ਲਕੀਰ ਧਰਤੀ ਦੇ ਦੁਰਾਡੇ ਤੋਂ ਦੁਰਾਡੇ ਦੁਮੇਲ ਨੂੰ ਛੁਹੰਦੀ ਹੋਵੇ।

ਉਹ ਜੀਵਨ ਨਾ-ਕਾਮਯਾਬ ਸਮਝੋ ਜਿਹੜਾ ਉਮਰ ਦੇ ਅੰਤਲੇ ਕਦਮਾਂ ਉਤੇ ਪਹੁੰਚ ਪਿਆ ਹੈ, ਪਰ ਅਜੇ ਦਿਲ ਵਿਚ ਕਈ ਨਫ਼ਰਤਾਂ, ਕਈ

ਕਦੂਰਤਾਂ, ਕਈ ਦੁਸ਼ਮਣੀਆਂ, ਕਈ ਵਖੇਵੇਂ, ਕਈ ਵਿਤਕਰੇ ਸੰਭਾਲੇ ਪਏ ਹਨ ।

ਹਰ ਵਰ੍ਹੇ ਇਹ ਭਾਰ ਘਟਦਾ ਰਹੇ, ਤੇ ਓੜਕ ਉਹ ਦਿਨ ਆ ਜਾਵੇ ਜਿਸ ਦਿਨ ਦੁਨੀਆ ਤੋਂ ਕੂਚ ਕਰਨ ਲੱਗਿਆਂ ਅਸੀਂ ਖੁੱਲ੍ਹਾ ਸਾਹ ਲੈ ਕੇ ਆਖ ਸਕੀਏ :

''ਇਹ ਚੰਗੀ ਦੁਨੀਆ ਸੁਖੀ ਵੱਸੇ, ਜੀਉਣ ਇਹਦੇ ਬੰਦੇ, ਜੀਉਣ ਇਹਦੇ ਪੰਛੀ ਤੇ ਜੀਉਣ ਇਹਦੇ ਦਰਿੰਦੇ । ਹਰਿਆ ਘਾਹ ਜੀਵੇ, ਬੂਟੇ-ਬ੍ਰਿਛ ਜੀਵਣ ਤੇ ਜੀਵੇ ਧੜਕੇ ਇਸ ਦਾ ਸਭ ਕੁਝ । ਅੱਜ ਮੈਨੂੰ ਕਿਸੇ ਨਾਲ ਕੋਈ ਗਿਲਾ ਨਹੀਂ । ਮੈਨੂੰ ਲੱਭ ਪਿਆ ਹੈ ਕਿ ਇਹ ਸਾਰੇ ਸਦਾ ਚੰਗੇ ਸਨ । ਮੈਂ ਇਨ੍ਹਾਂ ਵਲੋਂ ਸੰਤੁਸ਼ਟ ਹਾਂ, ਇਨ੍ਹਾਂ ਨੂੰ ਪਿਆਰ ਕਰਦਾ ਹਾਂ, ਤੇ ਬੜੀਆਂ ਮਿੱਠੀਆਂ ਯਾਦਾਂ ਵਿਚ ਓੜਕ ਅੱਖਾਂ ਮੀਟ ਰਿਹਾ ਹਾਂ ।

''ਸੁਖੀ ਵਸੇ ਇਸ ਸਾਰੀ ਦੁਨੀਆ, ਜਿਸ ਮੈਨੂੰ ਏਨਾ ਚਿਰ ਹਸਾਇਆ, ਖਿਡਾਇਆ, ਤੇ ਸੁਖਿਆਇਆ ਹੈ । ਸਚਿਦਾਨੰਦ ! ਸਚਿਦਾਨੰਦ !''

[ 1940

## 7

# ਉਚੇਰੀ ਹੋਣੀ ਦਾ ਆਦਰਸ਼

ਕਿਸੇ ਨੇ ਆਖਿਆ ਹੈ ਕਿ ਮਨੁੱਖ ਦੀ ਉਮਰ ਇੱਕ ਪੌੜੀ ਸਮਾਨ ਹੈ, ਪਰ ਇਹੋ ਜਿਹੀ ਪੌੜੀ ਜਿਸ ਦਾ ਜਿਹੜਾ ਡੰਡਾ ਚੜ੍ਹਿਆ ਜਾਏ ਉਹ ਉਸੇ ਪਲ ਮਗਰੋਂ ਟੁੱਟ ਜਾਂਦਾ ਹੈ। ਜੋ ਡੰਡਾ ਇੱਕ ਵਾਰੀ ਚੜ੍ਹਿਆ ਗਿਆ, ਉਸ ਉਤੇ ਫੇਰ ਪੈਰ ਹੇਠਾਂ ਨਹੀਂ ਧਰਿਆ ਜਾਂਦਾ, ਕਿਉਂਕਿ ਉਹ ਪਿੱਛੇ ਡਿੱਗ ਪੈਂਦਾ ਹੈ।

ਅਰਥਾਤ ਇਸ ਜੀਵਨ-ਪੌੜੀ ਉਤੇ ਚੜ੍ਹਨਾ ਉਤਾਂਹ ਹੀ ਉਤਾਂਹ ਹੈ, ਪਿਛਾਂਹ ਉਤਰਨਾ ਸੰਭਵ ਨਹੀਂ।

ਇਸ ਪੌੜੀ ਦਾ ਇੱਕ ਹੋਰ ਡੰਡਾ ਚੜ੍ਹਿਆ ਗਿਆ ਹੈ। ਪਿਛਲਾ ਵਰਸ਼ ਮੁੱਕ ਗਿਆ ਹੈ। ਅਗਲੇ ਵਰਸ਼ ਵਿਚ ਅਸੀਂ ਦਾਖ਼ਲ ਹੁੰਦੇ ਹਾਂ। ਹੁਣ ਪਿਛਲੇ ਵਿਚ ਜਾਣਾ ਕਿਸੇ ਲਈ ਸੰਭਵ ਨਹੀਂ। ਪਿਛਲੇ ਵਰਸ਼ ਦੇ ਸਾਰੇ ਦਰ ਬੰਦ ਕਰ ਦਿੱਤੇ ਗਏ ਹਨ। ਪਰ ਚੰਗੀ ਗੱਲ ਇਹ ਹੈ ਕਿ ਇਹ ਦਰ ਨਿਗਰ ਲਕੜੀ ਜਾਂ ਲੋਹੇ ਦੇ ਬਣੇ ਹੋਏ ਨਹੀਂ ਕਿ ਉਨ੍ਹਾਂ ਵਿਚੋਂ ਤੱਕਿਆ ਨਾ ਜਾ ਸਕੇ। ਸਾਰੇ ਦਰ-ਦਰਵਾਜ਼ੇ, ਝਰਨੇ-ਝਰੋਖੇ, ਸ਼ੀਸ਼ੇ ਦੇ ਬਣੇ ਹੋਏ ਹਨ। ਇਨ੍ਹਾਂ ਸ਼ੀਸ਼ਿਆਂ ਤੋਂ ਗਰਦ ਝਾੜ ਕੇ ਜਦੋਂ ਚਾਹੀਏ ਅਸੀਂ ਅੰਦਰ ਝਾਤ ਮਾਰ

ਸਕਦੇ ਹਾਂ — ਪਰ ਅੰਦਰ ਜਾ ਕਦਾਚਿਤ ਨਹੀਂ ਸਕਦੇ, ਨਾ ਅੰਦਰ ਪਈਆਂ ਚੀਜ਼ਾਂ ਨੂੰ ਛੁਹ ਸਕਦੇ ਹਾਂ। ਇਨ੍ਹਾਂ ਦੀ ਯਾਦ ਤੋਂ ਕੋਈ ਪ੍ਰੇਰਨਾ ਜਾ ਆਪਣੇ ਮਾਰਗ ਦੀ ਸੂਝ ਲੈ ਸਕਦੇ ਹਾਂ, ਆਪਣੀਆਂ ਤਜਵੀਜ਼ਾਂ ਲਈ ਸੰਕੇਤ ਲੱਭ ਸਕਦੇ ਹਾਂ — ਪਰ ਬੀਤੇ ਵਰਸ਼ ਦੀਆਂ ਘੜੀਆਂ ਨੂੰ ਮੁੜ ਵਰਤ ਨਹੀਂ ਸਕਦੇ।

ਇਹ ਅਨੋਖੀ ਜੀਵਨ-ਪੌੜੀ, ਹਰ ਡੰਡੇ ਤੋਂ ਨਵਾਂ ਨਜ਼ਾਰਾ ! ਜੋ 1941 ਵੇਂ ਡੰਡੇ ਤੋਂ ਲੱਭਦਾ ਹੈ, ਉਹ 1940ਵੇਂ ਤੋਂ ਨਹੀਂ ਸੀ ਲੱਭਦਾ। ਹਰ ਡੰਡਾ ਨਵੀਂ ਦੁਨੀਆ ਦੀ ਝਾਤੀ ਲਿਆਉਂਦਾ ਹੈ। ਜੋ ਪਹਿਲੇ ਡੰਡੇ ਤੋਂ ਲੱਭਦਾ ਸੀ, ਉਹ ਵੀ ਠੀਕ ਤੇ ਅਸਲੀ ਸੀ, ਤੇ ਜੋ ਹੁਣ ਦੇ ਤੋਂ ਲੱਭਦਾ ਹੈ, ਉਹ ਵੀ ਅਸਲੀ-ਅਤ ਦਾ ਭਾਗ ਹੈ। ਸਿਰਫ਼ ਇਹ ਅਸਲੀਅਤ ਦਾ ਉਹ ਭਾਗ ਹੈ ਜਿਹੜਾ ਪਹਿਲੇ ਤੋਂ ਨਹੀਂ ਸੀ ਲੱਭ ਸਕਦਾ।

ਸਾਡੇ ਵਿਚੋਂ ਕਈਆਂ ਨੇ ਇਸ ਪੌੜੀ ਦੇ ਕਈ ਹੋਰ ਡੰਡੇ ਚੜ੍ਹਨੇ ਹਨ। ਮੈਂ ਇਸ ਨਵੇਂ ਡੰਡੇ ਉਤੇ ਪੈਰ ਧਰਨ ਵੇਲੇ ਸਾਰੇ ਸਮਕਾਲੀਆਂ ਨਾਲ ਸ਼ੁਭ-ਇੱਛਾਵਾਂ ਦਾ ਵਟਾਂਦਰਾ ਕਰਨਾ ਚਾਹੁੰਦਾ ਹਾਂ। ਹੋਰ ਕੁਝ ਤੱਕਣ ਤੋਂ ਪਹਿਲਾਂ ਮੈਂ ਇਸ ਡੰਡੇ ਉਤੇ ਖਲੋਤੇ ਆਪਣੇ ਸਾਰੇ ਸਾਥੀਆਂ ਦੇ ਮੁੱਖੜਿਆਂ ਵਲ ਤੱਕਣਾ ਚਾਹੁੰਦਾ ਹਾਂ। ਪਤਾ ਨਹੀਂ, ਅਗਲੇ ਡੰਡੇ ਉਤੇ ਪੈਰ ਧਰਨ ਵੇਲੇ ਸਾਡੇ 'ਚੋਂ ਕਿਹੜੇ, ਹਸਤੀ ਦੀ ਸਫ਼ ਵਿਚੋਂ ਹਟਾ ਲਏ ਜਾਣਗੇ। ਪਰ ਅੱਜ ਇਸ ਵੇਲੇ ਅਸੀਂ ਸਮੇਂ ਦੀ ਵਿਸ਼ਾਲ ਹਿੱਕ ਉਤੇ ਇੱਕ ਪਾਲ ਖਲੋਤੇ ਹਾਂ। ਮੈਂ ਬੜੇ ਪਿਆਰ ਤੇ ਹਮਦਰਦੀ ਨਾਲ ਸੱਦਾ ਦੇਂਦਾ ਹਾਂ ਕਿ ਇਸ ਵੇਲੇ ਨਾ ਉਤਾਂਹ ਤੱਕੀਏ ਨਾ ਹੇਠਾਂ — ਆਪਣੇ ਸੱਜੇ ਤੇ ਖੱਬੇ ਖੜੋਤੇ ਸਾਥੀਆਂ ਦਾ ਧਿਆਨ ਕਰੀਏ ਤੇ ਸ਼ੁਭ-ਇੱਛਾ ਨਾਲ ਲਿਸ਼ਕਦੀ ਮੁਸਕਰਾਹਟ ਦੀ ਰੌ ਸਾਰੇ ਦਿਲਾਂ ਦੇ ਆਰ ਪਾਰ ਲੰਘ ਜਾਏ।

ਅਸੀਂ ਕੋਈ ਬਹੁਤੇ ਨਹੀਂ — ਮਸਾਂ ਦੋ ਸੌ ਕਰੋੜ ਹੋਵਾਂਗੇ। ਪਰ ਸਾਡੀ ਇਹ ਦੁਨੀਆ ਬੜੀ ਚੋੜੀ ਹੈ। ਇਸ ਦਾ ਚੱਪਾ ਚੱਪਾ ਖ਼ਜ਼ਾਨਿਆਂ ਨਾਲ ਭਰਪੂਰ ਹੈ। ਇੱਕ ਇੱਕ ਇੰਚ ਦੇ ਹੇਠਾਂ ਸੈਂਕੜੇ ਮੀਲਾਂ ਦੀ ਡੂੰਘਾਈ ਤੱਕ ਧਨ ਦੱਬਿਆ ਹੋਇਆ ਹੈ। ਅਸੀਂ ਚਾਹੀਏ ਤਾਂ ਸਾਡਾ ਇੱਕ ਇੱਕ ਸਾਥੀ ਮਾਲਾ-ਮਾਲ ਹੋ ਸਕਦਾ ਹੈ।

ਕਿਸੇ ਈਰਖਾ ਦੀ ਗੁੰਜਾਇਸ਼ ਨਹੀਂ, ਧੱਕੇ ਧੋੜੇ ਦੀ ਲੋੜ ਨਹੀਂ। ਕਿਸੇ ਦਾ ਰਾਹ ਰੋਕਣਾ ਬੇ-ਅਰਥ ਹੈ, ਮੱਲੇ ਹੋਏ ਥਾਂ ਵਲ ਤੱਕਣ ਦੀ ਲੋੜ

ਨਹੀਂ। ਬਹੁਤੇਰੀ ਦੁਨੀਆ ਵਿਹਲੀ ਪਈ ਸੈਨੀਆਂ ਮਾਰ ਰਹੀ ਹੈ। ਜਿਹੜਾ ਥਾਂ ਖ਼ਾਲੀ ਹੈ, ਉਹੀ ਤੁਸੀਂ ਮੱਲ ਲਵੋ। ਭਾਵੇਂ ਇਸ ਦਾ ਮੂੰਹ ਖ਼ਾਲੀ ਹੈ, ਪਰ ਇਸ ਦੇ ਅੰਦਰ ਨੂਰ ਹੈ।

ਦੌਲਤ ਦੀ ਘਾਟ ਨਹੀਂ ਮੇਰੇ ਵੀਰ, ਨਾ ਥਾਂ ਦੀ ਹੈ — ਇਸ ਲਈ ਆਪਣੀ ਸ਼ੁਭ-ਇੱਛਾ ਵਿਚ ਫ਼ਰਕ ਨਾ ਪੈਣ ਦੇ। ਤੇਰੀ ਮੇਰੀ ਈਰਖਾ ਨਾ ਦੁਨੀਆ ਦਾ ਕੁਝ ਵਿਗਾੜਦੀ ਹੈ, ਨਾ ਕਿਸੇ ਕਾਮੇ ਦੀ ਪ੍ਰਾਪਤੀ ਘਟਾਂਦੀ ਹੈ — ਇਹ ਸਿਰਫ਼ ਤੇਰਾ ਮੇਰਾ ਅਮਨ ਵਿਗਾੜਦੀ ਹੈ, ਤੇਰੀਆਂ ਤੇ ਮੇਰੀਆਂ ਅੱਖਾਂ ਦੀ ਚਮਕ ਘਟਾਂਦੀ ਹੈ। ਨਾ ਤੂੰ ਮੇਰਾ ਕੁਝ ਵਿਗਾੜ ਸਕਦਾ ਹੈਂ, ਨਾ ਮੈਂ ਤੇਰਾ — ਕਿਉਂਕਿ ਦੁਨੀਆ ਭਰਪੂਰ ਹੈ, ਜਿਥੇ ਵੀ ਕੋਈ ਡੂੰਘਾ ਹੱਥ ਮਾਰੇਗਾ, ਉਸ ਦਾ ਹੱਥ ਖ਼ਾਲੀ ਨਹੀਂ ਆਵੇਗਾ, ਪਰ ਸਾਡੀ ਈਰਖਾ ਸਾਡਾ ਆਪਣਾ ਹੀ ਬਹੁਤ ਕੁਝ ਵਿਗਾੜ ਸਕਦੀ ਹੈ, ਆਪਣਾ ਸਾਡਾ ਜੀਵਨ ਬੇ-ਸੁਆਦ ਕਰ ਸਕਦੀ ਹੈ।

ਅੱਜ ਨਵੇਂ ਡੰਡੇ ਉਤੇ ਖਲੋਤੇ ਦੀਆਂ ਅੱਖਾਂ ਜੀਵਨ-ਦ੍ਰਿਸ਼ ਤੋਂ ਹਟ ਕੇ ਸਾਥੀਆਂ ਦੀ ਜਾਣ-ਪਛਾਣ ਲਈ ਸਹਿਕ ਰਹੀਆਂ ਹਨ। ਇਨ੍ਹਾਂ ਵਿਚ ਕਿਸੇ ਮੁਕਾਬਲੇ ਦੀ ਇੱਛਾ ਨਹੀਂ, ਇਨ੍ਹਾਂ ਵਿਚ ਇਸ ਵੇਲੇ ਪ੍ਰਸੰਸਾ ਦੇਣ ਤੇ ਲੈਣ ਦੀ ਸਿੱਕ ਹੈ; ਇਹ, ਸਾਥੀਆਂ ਦਾ ਉਨ੍ਹਾਂ ਦੇ ਹੱਥਲੇ ਕੰਮ ਲਈ ਦਿਲ ਵਧਾਣ ਦੀ ਖ਼ਾਹਿਸ਼ ਨਾਲ ਮੁਸਕਰਾ ਰਹੀਆਂ ਹਨ, ਤੇ ਆਪਣੇ ਕੰਮ ਲਈ ਉਨ੍ਹਾਂ ਦੀ ਅਸੀਸ ਵਾਸਤੇ ਲੋਚ ਰਹੀਆਂ ਹਨ। ਜੇ ਤੂੰ ਵੀ ਇੱਕ ਘੜੀ ਲਈ ਮੇਰੇ ਵਲ ਵੇਖਣ ਦੀ ਕਿਰਪਾ ਕਰੇਂ, ਤਾਂ ਮੇਰੀਆਂ ਅੱਖਾਂ 'ਚੋਂ ਗਲਵਕੜੀ ਦੀ ਤਾਂਘ ਨਾਲ ਅਸਰ ਭਰਪੂਰ ਹੋਣੋ ਨਹੀ ਰਹਿ ਸਕੇਂਗਾ।

ਜ਼ਿੰਦਗੀ ਭਾਵੇਂ ਨਿੱਤ ਉਤਾਂਹ-ਚੜ੍ਹਨਾ ਹੈ, ਪਰ ਇਸ ਦਾ ਸੁਆਦ ਸ਼ੁਭ-ਇੱਛਾ ਹੈ। ਕਿਸੇ ਦੀ ਪ੍ਰਾਪਤੀ ਭਾਵੇਂ ਕੇਡੀ ਮਹਾਨ ਹੋਵੇ, ਤੇ ਚੜ੍ਹਾਈ ਭਾਵੇਂ ਕੇਡੀ ਉੱਚੀ ਹੋਵੇ, ਜੇ ਸ਼ੁਭ-ਇੱਛਾ ਤੋਂ ਖ਼ਾਲੀ ਹੈ ਤਾਂ ਸੁਆਦ ਤੋਂ ਖ਼ਾਲੀ ਹੈ। ਜੇ ਥੋੜ੍ਹਿਆਂ ਨਾਲ ਸ਼ੁਭ-ਇੱਛਾ ਹੈ, ਤਾਂ ਥੋਹੜਾ ਸੁਆਦ ਹੈ; ਜੇ ਬਹੁਤਿਆਂ ਨਾਲ ਹੈ, ਤਾਂ ਬਹੁਤਾ ਸੁਆਦ ਹੈ; ਤੇ ਜੇ ਸਾਰਿਆਂ ਨਾਲ ਹੈ, ਤਾਂ ਸੁਆਦ ਸੰਪੂਰਨ ਹੈ। ਸਭ ਦੀਆਂ ਕਾਮਯਾਬੀਆਂ ਆਪਣੀਆਂ ਭਾਸਣਗੀਆਂ ਤੇ ਸਾਰੀ ਦੁਨੀਆ ਦੀ ਅਮੀਰੀ ਆਪਣੀ ਮਹਿਸੂਸ ਹੋਣ ਲੱਗ ਪਵੇਗੀ।

ਨਿਰੋਲ, ਸੁੱਚੀਆਂ ਤੇ ਦਿਲ ਦੀ ਗਰਮੀ ਨਾਲ ਨਿੱਘੀਆਂ ਸ਼ੁਭ-ਇੱਛਾਵਾਂ

ਇਸ ਵੇਲੇ ਮੈਂ ਆਪਣੇ ਸਾਰੇ ਸਮਕਾਲੀਆਂ ਨੂੰ ਦੇਂਦਾ ਹਾਂ ਤੇ ਪ੍ਰਾਰਥਨਾ ਕਰਦਾ ਹਾਂ, ਉਹ ਇਸ ਪੌੜੀ ਦੇ ਕਈ ਹੋਰ ਡੰਡੇ ਚੜ੍ਹਨ ਤੇ ਅਸਲੀਅਤ ਦਾ ਸਮੇਂ ਨਾਲ ਭਰਦਾ ਹੁਸਨ ਵੇਖਣ।

ਸ਼ੁਭ-ਇੱਛਾਵਾਂ ਭੇਟ ਕਰਨ ਬਾਅਦ ਜੋ ਦ੍ਰਿਸ਼ ਅਸਲੀਅਤ ਦਾ ਮੇਰੀਆਂ ਅੱਖਾਂ ਵਿਚ ਹੈ, ਉਹ ਮੈਂ ਸਾਥੀਆਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਇਸ ਆਪਣੇ ਦ੍ਰਿਸ਼ ਨੂੰ ਮੈਂ ਅਸਲੀਅਤ ਆਖਣ ਦੀ ਗੁਸਤਾਖੀ ਨਹੀਂ ਕਰਾਂਗਾ, ਇਹ ਸਿਰਫ਼ ਉਹ ਝਾਤੀ ਹੈ ਜੋ ਮੇਰੀਆਂ ਬਹੁਤ ਦੂਰ ਤਕ ਨਾ ਵੇਖ ਸਕਣ ਵਾਲੀਆਂ ਅੱਖਾਂ ਵਿਚ ਆ ਸਕੀ ਹੈ।

## ਮੇਰੀ ਝਾਤੀ

ਮੈਂ ਵੇਖਿਆ ਹੈ, ਕਿ ਜ਼ਿੰਦਗੀ ਦਾ ਹਰ ਭਾਗ ਤੁਰਦਾ ਚਲਿਆ ਜਾ ਰਿਹਾ ਹੈ। ਕਿਸੇ ਥਾਂ ਅਟਕ ਨਹੀਂ, ਕੋਈ ਚੀਜ਼ ਇੱਕ ਪਲ ਲਈ ਵੀ ਖੜ੍ਹ ਨਹੀਂ ਸਕਦੀ। ਸਮਾਂ ਤੁਰ ਰਿਹਾ ਹੈ, ਚੀਜ਼ਾਂ ਤੁਰ ਰਹੀਆਂ ਹਨ, ਖ਼ਿਆਲ ਤੁਰ ਰਹੇ ਹਨ। ਜਿਥੇ ਅਸੀਂ ਹੁਣ ਖਲੋਤੇ ਹਾਂ, ਅਗਲੀ ਘੜੀ ਅਸੀਂ ਏਥੇ ਖੜੋਤੇ ਨਹੀਂ ਰਹਿ ਸਕਦੇ। ਜਾ ਅਗਾਂਹ ਹੋਵਾਂਗੇ, ਜਾਂ ਪਿਛਾਂਹ, ਪਰ ਉਥੇ ਕਦਾਚਿਤ ਨਹੀਂ ਹੋਵਾਂਗੇ। ਤਬਦੀਲੀ ਜ਼ਿੰਦਗੀ ਦਾ ਨੇਮ ਹੈ।

ਇਸ ਲਈ ਜ਼ਿੰਦਗੀ ਵਿਚ ਇੱਕੋ ਹੀ ਵੱਡਾ ਗੁਨਾਹ ਹੈ — ਤਬਦੀਲੀ ਦੇ ਵਿਰੁਧ ਖਿੱਚੋਤਾਣ ਕਰਨਾ।

ਦੁਨੀਆ ਵਿਚ ਬਹੁਤੀ ਨਾ-ਇਤਫ਼ਾਕੀ, ਬਹੁਤੀ ਬੇ-ਸੁਆਦੀ, ਬਹੁਤੀ ਘਰੋਗੀ ਅਜੋੜਤਾ ਤੇ ਪਰਸਪਰ ਬੇ-ਪ੍ਰਤੀਤੀ ਦਾ ਕਾਰਣ ਇਹੀ ਹੈ ਕਿ ਅਸੀਂ ਤਬਦੀਲੀ ਦੇ ਅਟੱਲ ਕਾਨੂੰਨ ਨੂੰ ਚੰਗੀ ਤਰ੍ਹਾਂ ਸਮਝਣ ਦਾ ਜਤਨ ਨਹੀਂ ਕੀਤਾ। ਅਸੀਂ ਬੀਤੇ ਦੇ ਬੇ-ਜਾਨ ਟੁੱਕੜਿਆਂ ਨੂੰ ਹਿੱਕ ਵਿਚ ਪਾਈ ਭਾਰੇ ਭਾਰੇ ਅਗਾਂਹ ਧਕੀਂਦੇ ਜਾ ਰਹੇ ਹਾਂ। ਸਮਾ ਤੇ ਕਿਸੇ ਚੀਜ਼ ਨੂੰ ਖੜੋਣ ਨਹੀਂ ਦੇਂਦਾ, ਇਸ ਲਈ ਅਸੀਂ ਬੇ-ਬਸ ਤੇ ਬੇ-ਸੁਆਦ ਤੁਰੇ ਜਾਣ ਲਈ ਮਜਬੂਰ ਕੀਤੇ ਜਾ ਰਹੇ ਹਾਂ।

ਜ਼ਿੰਦਗੀ ਦੇ ਵਿਰੁਧ ਇਹ ਮਹਾਨ ਪਾਪ ਹੈ, ਕਿ ਭਵਿਖ ਵਿਚ ਸਾਡਾ ਭਰੋਸਾ ਨਾ ਹੋਵੇ, ਤੇ ਬੀਤਿਆ ਹੋਇਆ ਸਾਡਾ ਆਦਰਸ਼ ਹੋਵੇ। ਜੋ ਕੁਝ ਭਵਿਖ ਦੀ ਹਿੱਕ ਵਿਚ ਹੈ, ਉਸ ਦਾ ਇੱਕ ਛੋਟਾ ਜਿਹਾ ਭਾਗ ਵੀ ਸਾਡੀ

ਭੂਤਕਾਲ ਦੀ ਸਚਾਈ ਨੂੰ ਹੋਰ ਦਾ ਹੋਰ ਕਰ ਦੇਵੇਗਾ।

ਸ੍ਰਿਸ਼ਟੀ ਕਿਸੇ ਸਮਰਥਾ ਦਾ ਪ੍ਰਕਾਸ਼ ਹੈ। ਇਹ ਸਮਰਥਾ ਪੂਰਨਤਾ ਦੀ ਇੱਛਾ ਨਾਲ ਹਰਕਤ-ਭਰਪੂਰ ਹੈ। ਪੂਰਨਤਾ ਨਾ ਭੂਤ ਵਿਚ ਸੀ ਨਾ ਵਰਤਮਾਨ ਵਿਚ ਹੈ। ਇਹ ਭਵਿਖ ਵਿਚ ਹੀ ਹੋ ਸਕਦੀ ਹੈ। ਏਸ ਲਈ ਹੁਣ ਦੇ ਗਿਆਨ ਦੇ ਸਾਹਮਣੇ ਬੀਤੇ ਦਾ ਗਿਆਨ ਬੜਾ ਸੀਮਤ ਜਾਪਦਾ ਹੈ। ਇਹ "ਹੁਣ" ਲਗਾਤਾਰ ਭੂਤ ਵਿਚ ਬਦਲਦਾ ਜਾ ਰਿਹਾ ਹੈ। ਇਸ ਲਈ ਵੱਡੀਆਂ ਆਤਮਾਵਾਂ ਓਹੀ ਹਨ, ਜਿਨ੍ਹਾਂ ਨੂੰ ਭਵਿਖ ਦਾ ਕੋਈ ਡਰ ਨਹੀਂ, ਸਗੋਂ ਉਹ ਭਵਿਖ ਨੂੰ ਹਮੇਸ਼ਾਂ ਬੜੀ ਉਤਸੁਕਤਾ ਨਾਲ ਤਾਂਘਦੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਬ੍ਰਹਮੰਡ ਦੀ ਉਸਾਰਣ-ਸ਼ਕਤੀ ਵਿਚ ਪੂਰਨ ਸ਼ਰਧਾ ਹੁੰਦੀ ਹੈ, ਉਹ ਨਵੇਂ ਦ੍ਰਿਸ਼ਾਂ ਤੇ ਨਵੀਆਂ ਸਚਾਈਆਂ ਨੂੰ ਵੇਖਣ ਤੇ ਅਪਨਾਣ ਲਈ ਤਤਪਰ ਰਹਿੰਦੀਆਂ ਹਨ। ਉਨ੍ਹਾਂ ਦਾ ਸਤਿਜੁਗ ਸਦਾ ਆਉਣ ਵਾਲਾ ਹੁੰਦਾ ਹੈ।

ਲੜਾਈਆਂ, ਫ਼ਸਾਦ, ਕਤਲ ਤੇ ਬਗ਼ਾਵਤਾਂ ਸਿਰਫ਼ ਜ਼ਿੰਦਗੀ ਦੀ ਅੰਦਰਲੀ ਸਚਾਈ ਦਾ ਚਸ਼ਮੇ ਦੇ ਪਾਣੀ ਵਾਂਗ ਕੜ ਪਾੜ ਕੇ ਉਤਾਂਹ ਫੁੱਟਣਾ ਹੈ।

ਜਦੋਂ ਮਨੁਖ ਸਮੇਂ ਨਾਲ ਤਬਦੀਲ ਹੋਣਾ, ਅਰਥਾਤ ਸਮੇਂ ਦੀ ਰੌ ਦੇ ਨਾਲ ਹੱਸ ਕੇ ਤੁਰਨਾ ਸਿਖ ਲਵੇਗਾ, ਜ਼ਿੰਦਗੀ ਦਾ ਦ੍ਰਿਸ਼ ਬੜਾ ਭਰਪੂਰ ਹੋ ਜਾਏਗਾ।

ਹਿੰਦੂ ਤੇ ਮੁਸਲਮਾਨ ਕਿਉਂ ਲੜਦੇ ਹਨ, ਈਸਾਈ ਤੇ ਯਹੂਦੀ ਕਿਉਂ ਲੜਦੇ ਰਹੇ ਹਨ, ਕੈਥੋਲਿਕ ਤੇ ਪ੍ਰੋਟੈਸਟੈਂਟ ਕਿਉਂ ਇੱਕ ਦੂਜੇ ਨੂੰ ਕਤਲ ਕਰਦੇ ਅਤੇ ਜੀਉਂਦੇ ਦਬਾਂਦੇ ਰਹੇ ਹਨ ? ਕਿਉਂਕਿ ਮਨੁੱਖ ਨੇ ਬਦਲਣੋ ਇਨਕਾਰ ਕਰ ਦਿੱਤਾ ਹੈ। ਪੁਰਾਣੇ ਨਾਵਾਂ, ਪੁਰਾਣੀਆਂ ਸ਼ਕਲਾਂ ਦੀ ਲਗਾਤਾਰ ਮੌਤ ਵਿਚੋਂ ਹੀ ਵਡੇਰੇ ਨਾਂ ਤੇ ਵਡੇਰੀਆਂ ਸ਼ਕਲਾਂ ਪੈਦਾ ਹੋ ਸਕਦੇ ਹਨ। ਪਰ ਮਨੁੱਖ ਪੁਰਾਣੇ ਨਾਵਾਂ ਤੇ ਸ਼ਕਲਾਂ ਨੂੰ ਜੱਫੇ ਮਾਰਦਾ ਹੈ, ਅੰਦਰਲੀ ਸੱਚਾਈ ਬਾਗੀ ਹੋ ਕੇ ਦੁਖ ਪੈਦਾ ਕਰਦੀ ਹੈ, ਭਰਾ ਨੂੰ ਭਰਾ ਨਾਲ ਲੜਾਂਦੀ ਹੈ।

ਤਬਦੀਲ ਹੋ ਸਕਣ ਵਾਲੇ ਮਨੁੱਖਾਂ ਨੂੰ ਲੜਨਾ ਨਹੀਂ ਪੈਂਦਾ, ਉਨ੍ਹਾਂ ਵਿਚ ਉਹ ਉੱਚੀ ਦਲੇਰੀ ਹੁੰਦੀ ਹੈ ਜਿਹੜੀ ਅਸੰਭਵ ਤੇ ਅਪਾਰ ਦੀ ਢੂੰਡ ਵਿਚ ਹਰ ਮਾਰਗ ਉਤੇ ਨਿਡਰ ਹੋ ਕੇ ਜਾ ਸਕਦੀ ਹੈ, ਹਰ ਪਾਸੇ ਝਾਕ ਸਕਦੀ ਹੈ,

ਹਰ ਚੀਜ਼ ਨੂੰ ਚੁੱਕ ਕੇ ਵੇਖ ਸਕਦੀ ਹੈ।

ਬੀਤੇ ਦੇ ਉਪਾਸ਼ਕ ਦੁਨੀਆ ਦੇ ਬਹੁਤੇ ਦੁਖਾਂ ਦੇ ਜ਼ਿੰਮੇਵਾਰ ਹਨ। ਇਹ ਰੱਬੀ ਹਰਕਤ ਦੇ ਕਾਇਲ ਨਹੀਂ ਹੁੰਦੇ। ਇਹ ਇਸ ਦੇ ਸਾਹਮਣੇ ਹੋ ਖਲੋਂਦੇ ਹਨ ਇਹ ਸ਼ਕਲਾਂ ਦੇ ਸ਼ਰਧਾਲੂ ਹੁੰਦੇ ਹਨ, ਇਨ੍ਹਾਂ ਨੂੰ ਸ਼ਕਲਾਂ ਦੇ ਅੰਦਰ ਲੁਕੀ ਨਿਰਾਕਾਰ ਸੱਚਾਈ ਨਾਲ ਕੋਈ ਦਿਲਚਸਪੀ ਨਹੀਂ ਹੁੰਦੀ। ਇਹ ਨਿਰਾਕਾਰ ਸਚਾਈ ਕੋਈ ਗਿਣੀ ਮਿਣੀ ਹੋਂਦ ਨਹੀਂ, ਇਹ ਇੱਕ ਰੱਬੀ ਆਦਰਸ਼ ਹੈ — ਇਸ ਆਦਰਸ਼ ਵਲ ਸਾਰਾ ਸਮਾਂ ਤੁਰਿਆ ਜਾ ਰਿਹਾ ਹੈ, ਤੇ ਇਸ ਦਾ ਹਰੇਕ ਕਦਮ ਇਸ ਆਦਰਸ਼ ਦੀ ਨੁਹਾਰ ਬਣਾ ਰਿਹਾ ਹੈ। ਜੀਕਰ ਕਿਸੇ ਕਾਮਲ ਚਿੱਤਰਕਾਰ ਦੇ ਬੁਰਸ਼ ਦੀ ਹਰ ਲਕੀਰ ਚਿੱਤਰਾਂ ਨੂੰ ਉਘਾੜਦੀ ਜਾਂਦੀ ਹੈ। ਜਦੋਂ ਅਸੀਂ ਕਿਸੇ ਚਿੱਤਰਕਾਰ ਨੂੰ ਉਹਦੇ ਚਿੱਤਰ ਕਾਰਿਆਲਾ ਵਿਚ ਕੰਮ ਕਰਦਿਆਂ ਵੇਖਦੇ ਹਾਂ, ਤਾਂ ਉਸ ਦੇ ਚਿੱਤਰ-ਫੱਟੇ ਉਤੇ ਬਣਦੀ ਤਸਵੀਰ ਬੜੀ ਸੁੰਦਰ ਜਾਪਦੀ ਹੈ। ਪਰ ਉਹ ਬੁਰਸ਼ ਮਾਰਦਾ, ਲਕੀਰਾਂ ਖਿੱਚਦਾ, ਮਿਟਾਂਦਾ; ਕਿਤੇ ਰੰਗ ਚਾੜ੍ਹਦਾ ਤੇ ਕਿਤੋਂ ਲਾਹੁੰਦਾ ਜਾਂਦਾ ਹੈ, ਤੇ ਉਹ ਤਸਵੀਰ ਜਿਹੜੀ ਸਾਨੂੰ ਮੁਕੰਮਲ ਦਿੱਸਦੀ ਸੀ ਪਲੋ ਪਲ ਹੋਰ ਦੀ ਹੋਰ ਬਣਦੀ ਜਾਂਦੀ ਹੈ।

ਬ੍ਰਹਮੰਡ ਦਾ ਜੋ ਚਿੱਤਰ ਕਈ ਹਜ਼ਾਰ ਵਰ੍ਹੇ ਪਹਿਲੋਂ ਸੀ, ਉਹ ਵੀ ਅਧੂਰਾ ਨਹੀਂ ਸੀ ਜਾਪਦਾ। ਉਸ ਵੇਲੇ ਬੁੱਧ, ਯਸੂ, ਮੁਹੰਮਦ ਸਾਹਿਬ ਤੇ ਗੁਰੂ ਨਾਨਕ ਆਦਿ ਬਜ਼ੁਰਗਾਂ ਨੇ ਜਿਹੜਾ ਅਸਲੀਅਤ ਦਾ ਰੂਪ ਦਰਸਾਇਆ, ਬੜਾ ਸੁੰਦਰ ਤੇ ਸੰਪੂਰਨ ਜਾਪਦਾ ਸੀ। ਪਰ ਰੱਬੀ ਚਿੱਤਰਕਾਰ ਦਾ ਬੁਰਸ਼ ਇੱਕ ਪਲ ਨਹੀਂ ਖਲੋਤਾ, ਨਿੱਤ ਨਵੀਆਂ ਲਕੀਰਾਂ ਇਸ ਚਿੱਤਰ ਉਤੇ ਖਿੱਚੀਆਂ ਜਾ ਰਹੀਆਂ ਹਨ, ਨਵੇਂ ਰੰਗ ਭਰੇ ਜਾ ਰਹੇ ਹਨ। ਜਿਹੜੇ ਰੰਗਾਂ ਦਾ ਮੇਲ ਅੱਜ ਸ੍ਰਿਸ਼ਟੀ ਨੂੰ ਚਿੱਤਰ ਵਿਚ ਦਿੱਸਦਾ ਹੈ, ਉਹ ਉਦੋਂ ਨਹੀਂ ਸਨ। ਪਰ ਇਹ ਚਿੱਤਰ ਬਾਵਜੂਦ ਅੱਜ ਦੀਆਂ ਸੱਤਰੰਗੀਆਂ ਪੀਂਘਾਂ ਦੇ, ਉਸ ਚਿੱਤਰ ਦੇ ਸਾਹਮਣੇ ਫਿੱਕਾ ਜਾਪੇਗਾ ਜਿਹੜਾ ਹੋਰ ਪੰਜ ਹਜ਼ਾਰ ਸਾਲਾਂ ਨੂੰ ਸਮੇਂ ਦੀ ਚਾਦਰ ਉਤੇ ਲੱਭੇਗਾ।

ਮਨੁੱਖ ਦੀ ਮੂਰਖਤਾ ਇਸ ਨੂੰ ਕੌਮਾਂ, ਨਸਲਾਂ ਤੇ ਫ਼ਿਰਕਿਆਂ ਵਿਚ ਵੰਡ ਰਹੀ ਹੈ। ਇਹ ਵੰਡੀਆਂ ਸਿਰਫ਼ ਇਸ ਲਈ ਹਨ, ਕਿ ਕੁਝ ਆਦਮੀ ਵਰਤਮਾਨ ਸ਼ਕਲਾਂ ਦੇ ਇਹੋ ਜਿਹੇ ਦਿਲਦਾਦਾ ਹੋ ਜਾਂਦੇ ਹਨ ਕਿ ਉਨ੍ਹਾਂ

ਨੂੰ ਆਪਣਾ ਮਜ਼੍ਹਬ ਬਣਾ ਲੈਂਦੇ ਹਨ। ਕੁਝ ਹੋਰ ਆਦਮੀ ਦੂਜੀਆਂ ਸ਼ਕਲਾਂ ਨੂੰ ਆਪਣਾ ਮਜ਼੍ਹਬ ਬਣਾ ਲੈਂਦੇ ਹਨ। ਇਹ ਦੋਵੇਂ ਅਸਲੀਅਤ ਨਾਲੋਂ ਅਡਰੇ ਹੋ ਜਾਂਦੇ ਹਨ। ਅਮਨ ਸਿਰਫ਼ ਅਸਲੀਅਤ ਦੀ ਸਾਂਝੀਵਾਲਤਾ ਵਿਚ ਹੈ। ਅਸਲੀਅਤ ਚਿੱਤਰਕਾਰ ਦੇ ਚਿੱਤਰ ਵਾਂਗ ਸਦਾ ਉਘੜਦੀ ਰਹਿੰਦੀ ਹੈ। ਜਿਹੜੇ ਇੱਕ ਨੁਕਤੇ ਉਤੇ ਖੜੋ ਜਾਂਦੇ ਹਨ, ਉਹ ਅਸਲੀਅਤ ਤੋਂ ਵਾਂਝੇ ਰਹਿੰਦੇ ਹਨ, ਇਸ ਲਈ ਵੰਡੇ ਜਾ ਕੇ ਲੜਨ ਭਿੜਨ ਤੇ ਮੁਕਾਬਲਿਆਂ ਲਈ ਮਜਬੂਰ ਹੋ ਜਾਂਦੇ ਹਨ। ਜਿੰਨਾ ਵੀ ਖ਼ੂਨ ਦੁਨੀਆ ਵਿਚ ਬੇ ਲੋੜਾ ਵਗ ਰਿਹਾ ਹੈ, ਉਸ ਦਾ ਕਾਰਨ ਇਹੀ ਹੈ, ਕਿ ਮਨੁੱਖਤਾ ਦੇ ਕਿਸੇ ਛੋਟੇ ਜਾਂ ਵੱਡੇ ਭਾਗ ਨੇ ਤਬਦੀਲ ਹੋਣੋਂ ਇਨਕਾਰ ਕਰ ਦਿੱਤਾ ਹੈ। ਕਈ ਮਾਪਿਆਂ ਨੂੰ ਬੱਚੇ ਕਤਲ ਕਰ ਦੇਂਦੇ ਹਨ, ਕਿਉਂਕਿ ਉਹ ਮਾਪੇ ਕਿਸੇ ਤਰ੍ਹਾਂ ਜਾਣੇ ਜਾਂ ਅਣਜਾਣੇ, ਤਬਦੀਲੀ ਦਾ ਰਾਹ ਮੱਲ ਖਲੋਤੇ ਹੁੰਦੇ ਹਨ। ਰਾਹ ਰੁਕਿਆ ਵੇਖ ਸਮਾਂ ਕੋਝੇ ਹਥਿਆਰ ਦੀ ਵਰਤੋਂ ਲਈ ਵੀ ਤਿਆਰ ਹੋ ਜਾਂਦਾ ਹੈ।

ਬੰਬਈ ਵਿਚ ਫ਼ਸਾਦ ਹੁੰਦੇ ਹਨ, ਕਾਨਪੁਰ ਵਿਚ ਕਤਲ ਹੁੰਦੇ ਹਨ, ਲਾਹੌਰ ਵਿਚ ਛੁਰੀਆਂ ਤੇ ਬੰਦੂਕਾਂ ਚਲਦੀਆਂ ਹਨ — ਕਿਉਂਕਿ ਕੁਝ ਆਦਮੀ ਝਟਕੇ-ਹਲਾਲ ਬਾਰੇ, ਮੰਦਰ-ਮਸੀਤ ਬਾਰੇ, ਗਊ-ਸੂਰ ਬਾਰੇ, ਬਾਂਗ-ਸੰਖ ਬਾਰੇ ਆਪਣੇ ਖ਼ਿਆਲ ਤਬਦੀਲ ਨਹੀਂ ਕਰ ਸਕਦੇ। ਸਮੇਂ ਨੇ ਦੇਰ ਤੋਂ ਇਨ੍ਹਾਂ ਸਭ ਚੀਜ਼ਾਂ ਦੇ ਅਰਥ ਵਟਾ ਦਿੱਤੇ ਹੋਏ ਹਨ। ਇਨ੍ਹਾਂ ਹੀ ਚੀਜ਼ਾਂ ਨੂੰ ਅਸੀਂ ਕਿਸੇ ਪਰਦੇਸ ਵਿਚ ਠੀਕ ਤਰ੍ਹਾਂ ਜਾਂਚ ਲੈਂਦੇ ਹਾਂ, ਉਥੇ ਇਨ੍ਹਾਂ ਤੋਂ ਅਸੀਂ ਨਹੀਂ ਲੜਦੇ ਕਿਉਂਕਿ ਅਸੀਂ ਤਬਦੀਲੀ ਪ੍ਰਵਾਨ ਕਰ ਲੈਂਦੇ ਹਾਂ। ਪਰ ਆਪਣੇ ਦੇਸ ਵਿਚ ਪਿੰਡਾਂ ਦੇ ਪਿੰਡ ਸਿਰਫ਼ ਇੱਕ ਮੰਦਰ ਨੂੰ ਮਸੀਤ ਸਮਝਣ ਜਾਂ ਮਸੀਤ ਨੂੰ ਮੰਦਰ ਆਖਣ, ਜਾਂ ਇੱਕ ਬਕਰੇ ਦੀ ਗਰਦਨ ਇਸ ਤਰ੍ਹਾਂ ਨਹੀਂ ਉਸ ਤਰ੍ਹਾਂ ਕੱਟੇ ਜਾਣ ਕਰਕੇ ਬਰਬਾਦ ਕੀਤੇ ਜਾਂਦੇ ਹਨ।

ਸਮਾ ਤੇ ਬੇ-ਤਰਸ ਹੈ। ਇਹ ਕਤਲ-ਆਮ ਕਰਦਾ ਰਹੇਗਾ, ਭਰਾਵਾਂ ਦੇ ਢਿੱਡ ਪੜਵਾ ਕੇ ਇਹ ਤਬਦੀਲੀ ਲਿਆਣ ਦੀ ਸਿਖਿਆ ਦੇਂਦਾ ਰਹੇਗਾ। ਅਸੀਂ ਵਿਧਵਾਵਾਂ ਬਾਰੇ ਆਪਣੇ ਖ਼ਿਆਲ ਤਬਦੀਲ ਨਹੀਂ ਕਰਦੇ, ਇਹ ਸਾਡੀਆਂ ਦੇਵੀਆਂ ਵਰਗੀਆਂ ਪੁੱਤਰੀਆਂ ਨੂੰ ਵੇਸਵਾ ਬਣਾ ਕੇ ਬਜ਼ਾਰਾਂ ਵਿਚ ਬਿਠਾ ਦੇਂਦਾ ਹੈ। ਅਸੀਂ ਭਰਾ ਨੂੰ ਅਛੂਤ ਆਖਦੇ ਹਾਂ, ਇਸ ਅਛੂਹਤਾ ਬਾਰੇ ਸਾਰੀ ਦੁਨੀਆ ਦੀਆਂ ਘਟਨਾਵਾਂ ਦੇ ਰੂਬਰੂ ਆਪਣੇ ਖ਼ਿਆਲ ਤਬਦੀਲ ਨਹੀਂ

ਕਰਦੇ — ਨਤੀਜਾ ? ਇਹ ਕਿ ਅਸੀਂ ਸਾਰੀ ਦੁਨੀਆ ਉਤੇ ਅਛੂਤ ਸਮਝੇ ਜਾਣ ਲੱਗ ਪਏ ਹਾਂ । ਦੁਨੀਆ ਵਿਚ ਅੱਜ ਸਾਡੇ ਵਰਗਾ ਗ਼ੁਲਾਮ ਕੋਈ ਹੋਰ ਮੁਲਕ ਨਹੀਂ ।

ਅਸੀਂ ਇਸਤ੍ਰੀ ਪੁਰਸ਼ ਦੇ ਮੇਲ-ਮਿਲਾਪ ਬਾਰੇ ਆਪਣੇ ਖ਼ਿਆਲ ਤਬਦੀਲ ਨਹੀਂ ਕਰਦੇ, ਵਿਆਹ ਮੰਗਣੀ ਦੀਆਂ ਸਾਡੀਆਂ ਰਸਮਾਂ ਸਦੀਆਂ ਪੁਰਾਣੀਆਂ ਹਨ — ਨਤੀਜਾ ? ਸਾਡੀ ਸਰਬ-ਵਿਆਪੀ ਘਰੋਗੀ ਬੇ-ਸੁਆਦੀ । ਸਾਡੇ ਚਿਹਰੇ ਪ੍ਰਤੱਖ ਦੱਸਦੇ ਹਨ ਕਿ ਸਾਡੀ ਜ਼ਿੰਦਗੀ ਇੱਕ ਜੰਜਾਲ ਜਿਹਾ ਹੈ । ਸੰਤੁਸ਼ਟ ਘਰੋਗੀ-ਜੀਵਨ ਦੇ ਮੂੰਹ ਦਾ ਖੇੜਾ ਕਿਸੇ ਬਾਗ਼ ਦੇ ਖੇੜੇ ਨਾਲੋਂ ਘਟ ਨਹੀਂ ਹੁੰਦਾ ।

ਸਾਡੀਆਂ ਜੇਲ੍ਹਾਂ ਉਹਨਾਂ ਇਸਤ੍ਰੀਆਂ ਮਰਦਾਂ ਨਾਲ ਭਰੀਆਂ ਪਈਆਂ ਹਨ, ਜਿਹੜੇ ਤਬਦੀਲੀ ਦੇ ਕਾਇਲ ਭਾਈਚਾਰੇ ਵਿਚ ਘਰੋਗੀ ਜ਼ਿੰਦਗੀ ਦੇ ਸ਼ਿੰਗਾਰ ਬਣ ਸਕਦੇ ਸਨ, ਪਰ ਪਥਰੀਲੀ ਭਾਈਚਾਰਕ ਮਰਿਆਦਾ ਨਾਲ ਟਕਰਾ ਕੇ ਉਹਨਾਂ ਦਾ ਅਖ਼ਲਾਕ ਚੂਰ ਚੂਰ ਹੋ ਗਿਆ ਹੈ ।

ਜਿੰਨੇ ਕਤਲ ਹੁੰਦੇ ਹਨ, ਸਭ ਸਮੇਂ ਦਾ ਰੋਸ ਹੈ । ਸਮਾਂ ਮਨੁੱਖ ਦੀ ਢੀਠਤਾਈ ਉਤੇ ਨਾਰਾਜ਼ ਹੁੰਦਾ ਹੈ, ਤਾੜਨਾ ਕਰਦਾ ਹੈ, ਜੇ ਤਾੜਨਾ ਨਾ ਮੰਨੀ ਜਾਏ ਤਾਂ ਬੜੀ ਬੇ-ਤਰਸ ਸਜ਼ਾ ਦੇਂਦਾ ਹੈ ।

ਯੂਰਪ ਦਾ ਜੰਗ ਵੀ ਸਮੇਂ ਦਾ ਰੋਸ ਹੈ । ਸਮਾਂ ਕਹਿੰਦਾ ਸੀ ਕੌਮਾਂ ਬਦਲ ਜਾਣ, ਪੁਰਾਣੇ ਮਾਲਕੀ ਦੇ ਖ਼ਿਆਲ ਤਿਆਗੇ ਜਾਣ, ਦੁਨੀਆ ਦੀ ਵਿਰਾਸਤ ਸਾਂਝੀ .ਕਰ ਦਿੱਤੀ ਜਾਏ । ਸਮਾਂ ਇਹ ਨਹੀਂ ਵੇਖਣਾ ਚਾਹੁੰਦਾ ਕਿ ਮਾਲਾ-ਮਾਲ ਦੁਨੀਆ ਵਿਚ ਕਰੋੜਾਂ ਜਿੰਦਾਂ ਮੁਥਾਜ ਤੇ ਭੁੱਖੀਆਂ ਰਹਿਣ । ਪਰ ਮਨੁੱਖ ਦੇ ਕੱਕਰ ਵਾਂਗ ਜੰਮੇ ਖ਼ਿਆਲਾਂ ਨੇ ਖ਼ੁਸ਼ਹਾਲੀ ਦੇ ਵਸੀਲਿਆਂ ਨੂੰ ਮੌਤ ਖਿਲਾਰਣ ਦੇ ਵਸੀਲੇ ਬਣਾ ਲਿਆ ਹੈ ।

ਸਮੇਂ ਨੇ ਪਰਸਪਰ ਭੇੜ ਕਰਾ ਦਿਤਾ ਹੈ । ਇਸ ਭੇੜ ਨਾਲ ਅਨੇਕਾਂ ਤਬਦੀਲੀਆਂ ਆਉਣਗੀਆਂ । ਦੁਨੀਆ ਦਾ ਹੁਲੀਆ ਬਦਲ ਜਾਏਗਾ । ਲੜਾਈ ਦੇ ਬਾਅਦ ਦੀ ਦੁਨੀਆ ਬੜੀ ਸਾਫ਼ ਤੇ ਹੋਣੀ ਭਰਪੂਰ ਤੇ ਤਿੱਖੀ ਤੁਰਨ ਤੇ ਤਬਦੀਲ ਹੋਣ ਵਾਲੀ ਹੋਵੇਗੀ ।

ਪਰ ਇਹ ਜ਼ਰੂਰੀ ਨਹੀਂ ਕਿ ਪੁਰਾਤਨਤਾ ਨੂੰ ਸਿਰਫ਼ ਕਤਲੋ-ਖ਼ੂਨ ਨਾਲ ਹੀ ਬਦਲਿਆ ਜਾਏ । ਬਿਨਾਂ ਲਹੂ-ਲੁਹਾਣ ਹੋਏ ਵੀ ਤਬਦੀਲੀ ਆ

ਸਕਦੀ ਹੈ – ਓਦੋਂ ਜਦੋਂ ਲੋਕਾਂ ਦੀ ਨਜ਼ਰ ਪੁਰਾਣੇ ਅਫ਼ਸਾਨਿਆਂ ਤੋਂ ਹਟ ਕੇ ਨਵੇਂ ਆਦਰਸ਼ਾਂ ਉਤੇ ਟਿਕ ਜਾਏ।

ਰਾਮਾਇਣ, ਮਹਾਂਭਾਰਤ, ਪੁਰਾਣੀਆਂ ਸਾਖੀਆਂ, ਗੀਤਾਂ, ਤੇ ਉਪਨਿਸ਼ਿਦਾਂ ਦੇ ਪੜ੍ਹਨ ਵਿਚ ਕੋਈ ਹਰਜ ਨਹੀਂ। ਆਪਣੀ ਵਿਰਾਸਤ ਤੋਂ ਹਰ ਮਾਲਕ ਨੂੰ ਜਾਣੂ ਹੋਣਾ ਚਾਹੀਦਾ ਹੈ। ਪਰ ਜੇ ਇਹ ਕਹਾਣੀਆਂ ਆਦਰਸ਼ ਬਣਾ ਕੇ ਪੜ੍ਹੀਆਂ ਸੁਣੀਆਂ ਜਾਣ ਤਾਂ ਨਤੀਜਾ ਉਹ ਕੌਮ ਹੋਵੇਗੀ ਜਿਸ ਵਿਚੋਂ ਉੱਨਤੀ, ਉਸਾਰੀ ਤੇ ਤਬਦੀਲੀ ਦਾ ਉਤਸ਼ਾਹ ਉਡ ਜਾਏਗਾ। ਹਿੰਦੁਸਤਾਨ ਦੀ ਹੋਣੀ ਦਾ ਖ਼ੂਨ ਇਨ੍ਹਾਂ ਪਰਚਾਰਕਾਂ ਤੇ ਧਰਮ-ਅਸਥਾਨਾਂ ਰਾਹੀਂ ਹੋ ਰਿਹਾ ਹੈ, ਜਿਹੜੇ ਸਦਾ ਪਿਛਾਂਹ ਵਲ ਤਕਾਂਦੇ ਤੇ ਬੀਤੇ ਅਫ਼ਸਾਨਿਆਂ ਨਾਲ ਭਵਿਖ ਲਈ ਸਹਿਕਦੀ ਆਤਮਾ ਨੂੰ ਪਰਚਾਂਦੇ ਹਨ।

ਮੈਨੂੰ ਇਹ ਕਹਿਣ ਵਿਚ ਕੋਈ ਝਿੱਜਕ ਨਹੀਂ; ਕਿਉਂਕਿ ਇਹ ਮੇਰਾ ਯਕੀਨ ਪੱਕਾ ਹੋ ਚੁੱਕਾ ਹੈ, ਤੇ ਮੈਂ ਆਪਣੇ ਸਮਕਾਲੀਆਂ ਨਾਲ ਇਨਸਾਫ਼ ਨਹੀਂ ਕਰਾਂਗਾ ਜੇ ਉਨ੍ਹਾਂ ਦੀ ਨਾਰਾਜ਼ਗੀ ਤੋਂ ਡਰ ਕੇ ਉਹ ਗੱਲ ਕਹਿਣੋ ਰੁਕ ਜਾਵਾਂ ਜਿਹੜੀ ਵਿਚ ਵਿਸ਼ਵਾਸ ਰਖਦਾ ਹਾਂ, ਕਿ ਉਨ੍ਹਾਂ ਦੀ ਸਿਥਲਤਾ ਉਨ੍ਹਾਂ ਦੀ ਨਾਕਾਮਯਾਬੀ ਤੇ ਗ਼ੁਲਾਮੀ ਦਾ ਮੂਲ ਕਾਰਨ ਹੈ!

ਉਹ ਕਾਰਣ ਇਹ ਬੇ-ਸਮਝਿਆ ਮਜ਼੍ਹਬੀ ਪਰਚਾਰ ਹੈ। ਸਾਡੇ ਨੜਿਨਵੇਂ ਫ਼ੀ ਸਦੀ ਧਰਮ-ਅਸਥਾਨਾਂ ਵਿਚ ਉਹ ਗੱਲਾਂ ਸਿਖਾਈਆਂ ਜਾ ਰਹੀਆਂ ਹਨ, ਜਿਹੜੀਆਂ ਦਾ ਆਦਰਸ਼ ਦੀ ਹੈਸੀਅਤ ਵਿਚ ਜ਼ਿਕਰ ਕਰਨਾ ਵੀ ਜੁਰਮ ਸਮਝਿਆ ਜਾਣਾ ਚਾਹੀਦਾ ਹੈ। ਮੰਦਰਾਂ ਵਿਚ ਪੁਰਾਤਨਤਾ ਦੀ ਪੂਜਾ ਕੀਤੀ ਜਾਂਦੀ ਹੈ, ਤਬਦੀਲੀ ਨੂੰ ਗੁਨਾਹ ਦੱਸਿਆ ਜਾਂਦਾ ਹੈ।

ਇਹ ਹਸਤੀ ਦੇ ਖ਼ਿਲਾਫ਼ ਬੱਜਰ ਗੁਨਾਹ ਹੈ, ਜਿਸ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਭਵਿਖ ਦੀ ਕਾਂਗ ਆ ਰਹੀ ਹੈ ਤੇ ਇਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਭੂਤ ਤੇ ਕਿਤੇ ਰਿਹਾ, ਵਰਤਮਾਨ ਵੀ ਹਰ ਘੜੀ ਅਲੋਪ ਹੋ ਰਿਹਾ ਹੈ। ਸਭ ਕੁਝ ਮੁੱਕ ਜਾਏਗਾ, ਭਵਿਖ ਹੀ ਸਦੀਵੀ ਹੋ ਸਕਦਾ ਹੈ।

ਇਸ ਲਈ ਆਪਣੇ ਆਪ ਨੂੰ ਤਿਆਰ ਰਖਣਾ ਚਾਹੀਦਾ ਹੈ। ਸਿਰਫ਼ ਤਿਆਰ ਮਨੁੱਖ ਹੀ ਜੀਵਨ ਦਾ ਸੁਆਦ ਲੈ ਸਕਦੇ ਤੇ ਜੀਵਨ ਨੂੰ ਸਮਝ ਸਕਦੇ ਹਨ। ਤਿਆਰ ਉਹੀ ਹੈ ਜਿਹੜਾ ਭਵਿਖ ਦੀ ਹਰੇਕ ਮੰਗ ਨਾਲ

ਸਮਝੌਤਾ ਕਰ ਸਕਦਾ ਹੈ ।

ਸ੍ਰੀ ਅਰਬਿੰਦੋ ਘੋਸ਼ ਬੜੀ ਧਾਰਮਕ ਹਸਤੀ ਸਮਝੇ ਜਾਂਦੇ ਹਨ, ਉਹ ਇਸ ਸੰਬੰਧ ਵਿਚ ਆਪਣੇ ਦੇਸ ਬਾਬਤ ਇਹ ਕਹਿੰਦੇ ਹਨ :—

"ਹਿੰਦੁਸਤਾਨ ਵਿਚ ਇਹ ਭੁਲੇਖਾ ਸਾਂਭ ਸਾਂਭ ਰਖਿਆ ਜਾਂਦਾ ਹੈ, ਕਿ ਹਿੰਦੁਸਤਾਨ ਬਦਲਿਆ ਨਹੀਂ, ਇਹ ਆਪਣੇ ਪਿਓ-ਦਾਦਿਆਂ ਦੇ ਖ਼ਿਆਲਾਂ, ਮਜ਼ੁਬਾਂ, ਰਵਾਇਤਾਂ ਤੇ ਸੰਸਥਾਵਾਂ ਉਤੇ ਪਰਪੱਕ ਹੈ, ਤੇ ਏਸ ਨੇ ਖ਼ਿਆਲ ਤੇ ਅਮਲ ਵਿਚ ਰੱਬੀ ਜਾਂ ਹੈਵਾਨੀ ਦਰਿੜ੍ਹਤਾ ਕਾਇਮ ਰਖੀ ਹੈ, ਤੇ ਇਹ ਇਕੱਲਾ ਬਦਲੀ ਦੇ ਕਾਨੂੰਨ ਤੋਂ ਸੁਤੰਤ੍ਰ ਹੈ, ਜਿਸ ਕਾਨੂੰਨ ਅਨੁਸਾਰ ਆਦਮੀ ਅਗਾਂਹ ਵਧਦਾ ਜਾਂ ਪਿਛਾਂਹ ਹਟਦਾ ਹੈ, ਪਰ ਇੱਕ ਥਾਂ ਖਲੋਤਾ ਨਹੀਂ ਰਹਿ ਸਕਦਾ ।

"ਬੀਤੇ ਜ਼ਮਾਨੇ ਦਾ ਸੜਦਾ ਤਰੱਕਦਾ ਗੰਦ ਵੀ ਏਨਾ ਪਵਿੱਤਰ ਸਮਝਿਆ ਜਾਂਦਾ ਹੈ, ਕਿ ਇਹਦੇ ਵਲ ਉਂਗਲ ਕਰਨਾ ਗੁਨਾਹ ਖ਼ਿਆਲ ਕੀਤਾ ਜਾਂਦਾ ਹੈ — ਪਰ ਅਸਲ ਵਿਚ ਏਸ ਪੁਰਾਣੇ ਗੰਦ ਨੇ ਕੁਦਰਤੀ ਜ਼ਿੰਦਗੀ ਦੇ ਸੋਮੇ ਘੁਟ ਛੱਡੇ ਤੇ ਇਹਦੇ ਪਾਣੀ ਗੰਦੇ ਕਰ ਦਿੱਤੇ ਹਨ ।"

ਇਸ ਦਾ ਸਿੱਟਾ ਇਹ ਹੋਇਆ ਕਿ ਅਸੀਂ ਬੇ-ਲੋੜੀਆਂ ਬਰੀਕੀਆਂ ਤੇ ਰਸਮਾਂ ਨਾਲ ਰੁਝੇ ਪਏ ਹਾਂ ਤੇ ਉਨ੍ਹਾਂ ਸਵਾਲਾਂ ਦੀ ਤਹਿ ਤਕ ਨਹੀਂ ਪਹੁੰਚ ਸਕਦੇ ਜਿਹੜੇ ਜ਼ਿੰਦਗੀ ਨਿਤ ਸਾਡੇ ਬੂਹਿਆਂ ਉਤੇ ਲਿਆ ਰਹੀ ਹੈ ।

ਅਗੇ ਜਾ ਕੇ ਆਰਬਿੰਦੋ ਘੋਸ਼ ਤਾੜਨਾ ਕਰਦੇ ਹਨ ਕਿ :—

"ਜੇ ਹਿੰਦੁਸਤਾਨ ਦਾ ਮਨ ਕਿਸੇ ਤਰ੍ਹਾਂ ਇਹਨਾਂ ਸੱਚੀਆਂ ਜਾਂ ਝੂਠੀਆਂ ਸਾਖੀਆਂ ਵਿਚ ਕੈਦ ਰਿਹਾ, ਤੇ ਜੇ ਇਹ ਹੁਣ ਵਾਂਗ ਨਵੀਆਂ ਲੋੜਾਂ ਨੂੰ ਇਸੇ ਤਰ੍ਹਾਂ ਹੀ ਮਿਲਦਾ ਰਿਹਾ — ਅਰਥਾਤ ਠਿਗਰ ਘਟਨਾਵਾਂ ਦੀ ਥਾਂ ਹਵਾਈ ਖ਼ਿਆਲਾਂ ਨਾਲ ਹੀ ਸੰਤੁਸ਼ਟ ਰਿਹਾ — ਤਾਂ ਆਣ ਵਾਲਾ ਹਿੰਦੁਸਤਾਨ ਸਿਰਫ਼ ਯੂਰਪ ਦੀ ਭੈੜੀ ਜਿਹੀ ਨਕਲ ਹੀ ਬਣ ਸਕੇਗਾ !"

ਇਹੀ ਹੁੰਦਾ ਅਸੀਂ ਵੇਖ ਰਹੇ ਹਾਂ । ਕੀ ਰਾਜਸੀ ਤੇ ਕੀ ਭਾਈਚਾਰਕ

ਮੁਆਮਲਿਆਂ ਸੰਬੰਧੀ ਸਾਡੇ ਖ਼ਿਆਲਾਂ ਵਿਚ ਨਾ ਕੋਈ ਮੌਲਿਕਤਾ ਹੈ ਤੇ ਨਾ ਅਸਲੀ ਤਜਰਬੇ ਦੀ ਕੋਈ ਰੌਸ਼ਨੀ ਹੈ। ਜਿਸ ਨੂੰ ਅਸੀਂ ਸੁਧਾਰ ਦਾ ਨਾਂ ਦੇ ਰਹੇ ਹਾਂ, ਉਹ ਇਕ ਬੇ-ਜਾਨ ਜਿਹੀ ਨਕਲ ਹੈ।

ਨਵੇਂ ਵਰਸ਼ ਵਿਚ ਦਾਖ਼ਲ ਹੋਣ ਸਮੇਂ ਮੈਂ ਨੌਜਵਾਨ ਹਿੰਦੁਸਤਾਨ ਨੂੰ ਸਦੀਵੀ ਤਬਦੀਲੀ ਲਈ ਤਿਆਰ ਰਹਿਣ ਤੇ ਭਵਿਖ ਵਿਚ ਆਪਣੇ ਆਦਰਸ਼ ਦੀ ਸੰਪੂਰਨਤਾ ਵੇਖਣ ਦੀ ਪ੍ਰੇਰਨਾ ਦਾ ਸੁਨੇਹਾ ਦੇਣਾ ਚਾਹੁੰਦਾ ਹਾਂ।

ਨੌਜਵਾਨ ਹਿੰਦੁਸਤਾਨ ! ਵੇਖ, ਸੋਚ ਤੇ ਨਤੀਜੇ ਕੱਢ ! ਆਪਣੇ ਆਲੇ-ਦੁਆਲੇ ਤੱਕ ! ਜਿਨ੍ਹਾਂ ਰਸਮਾਂ ਨੂੰ ਮਜ਼੍ਹਬ ਆਖਿਆ ਜਾਂਦਾ ਹੈ, ਕੀ ਅੱਜ ਤੇਰਾ ਦਿਲ ਇਨ੍ਹਾਂ ਨੂੰ ਸਚਾਈ ਨਾਲ ਸੰਬੰਧਤ ਮੰਨ ਸਕਦਾ ਹੈ ? ਤੇਰੇ ਲੱਖਾਂ ਲੋਕ ਮੰਦਰਾਂ ਦੀ ਪ੍ਰਕਰਮਾ ਵਿਚ ਫਿਰਦੇ ਰਹਿੰਦੇ ਹਨ, ਬੜੀ ਸ਼ਰਧਾ ਨਾਲ ਬੁੱਤਾਂ ਅਗੇ ਮੱਥੇ ਟੇਕਦੇ ਤੇ ਕੰਧਾਂ ਨੂੰ ਮੁੱਠੀਆਂ ਭਰਦੇ ਹਨ। ਕਈ ਕਈ ਵਾਰੀ ਦਿਨ ਵਿਚ ਸਿਜਦੇ ਕਰਦੇ ਹਨ, ਆਰਤੀਆਂ ਦੇ ਥਾਲ ਫੇਰਦੇ ਤੇ ਭਜਨ ਗਾਉਂਦੇ ਹਨ। ਬਕਰੇ, ਗਊਆਂ ਤੇ ਕਦੇ ਕਦੇ ਮਨੁੱਖ ਦੇ ਬੱਚੇ ਵੀ ਕੁਰਬਾਨ ਕਰਦੇ ਹਨ। ਉਹ ਮੰਤ੍ਰ ਬੜੇ ਭਰੋਸੇ ਨਾਲ ਪੜ੍ਹਦੇ ਹਨ, ਜਿਹੜੇ ਸੈਂਕੜੇ ਵਰ੍ਹੇ ਪਹਿਲੋਂ ਕਿਸੇ ਨੇ ਬਣਾਏ ਸਨ।

ਇਨ੍ਹਾਂ ਦੇ ਮੂੰਹਾਂ ਵਲ ਵੇਖ ! ਕਿਹੋ ਜਿਹੇ ਬੇਬਸ ਜਾਪਦੇ ਹਨ, ਫੂਕ ਫੂਕ ਪੈਰ ਧਰਦੇ ਤੇ ਸਦਾ ਆਂਹਦੇ ਹਨ, ਅਗਲੇ ਕਦਮ ਦਾ ਪਤਾ ਨਹੀਂ। ਹਰ ਹੋਣੀ ਤੋਂ ਘਭਰਾਂਦੇ ਹਨ, ਹੋਣੀ ਵਟਾਣ ਲਈ ਪ੍ਰਾਰਥਨਾਵਾਂ ਤੇ ਤਰਲੇ ਕਰਦੇ ਹਨ, ਮੁਆਫ਼ੀ ਮੰਗਦੇ ਤੇ ਗੱਲੇ ਗੱਲੇ ਪਸ਼ਚਾਤਾਪ ਕਰਦੇ ਤੇ "ਡਰੀਏ, ਡਰੀਏ" ਆਖਦੇ ਹਨ। ਬਾਲ-ਵਿਆਹ, ਵਿਧਵਾਪਣ, ਅਛੂਤਤਾ, ਗ਼ਰੀਬੀ, ਗੰਦਗੀ ਨੂੰ ਰੱਬ ਦੀ ਰਜ਼ਾ ਤੇ ਹੁਕਮ ਸਮਝਦੇ ਹਨ।

ਹੇ ਨੌਜਵਾਨ ਹਿੰਦੁਸਤਾਨ ! ਮੈਂ ਜਾਣਦਾ ਹਾਂ ਕਿ ਜੋ ਕੁਝ ਮੈਂ ਤੈਨੂੰ ਆਖਣਾ ਚਾਹੁੰਦਾ ਹਾਂ, ਉਹ ਆਖਿਆਂ ਮੇਰਾ ਸਭ ਕੁਝ ਖ਼ਤਰੇ ਵਿਚ ਪੈ ਰਿਹਾ ਹੈ, ਆਪਣੇ ਬੇਗਾਨੇ, ਤੇ ਦੋਸਤ ਦੁਸ਼ਮਣ ਬਣ ਰਹੇ ਹਨ, ਪਰ ਮੈਂ ਆਖਣੋ ਨਹੀਂ ਰਹਿ ਸਕਦਾ, ਕਿਉਂਕਿ ਮੈਂ ਜ਼ਿੰਦਗੀ ਏਸੇ ਸ਼ਰਤ ਉਤੇ ਹੀ ਪ੍ਰਵਾਨ ਕਰ ਸਕਦਾ ਹਾਂ; ਕਿ ਮੇਰੇ ਜਿਨ੍ਹਾਂ ਅਮਲਾਂ ਦਾ ਸੰਬੰਧ ਮੇਰੇ ਆਪਣੇ ਨਾਲ ਹੀ ਹੈ, ਉਨ੍ਹਾਂ ਲਈ ਮੈਨੂੰ ਕੋਈ ਰੁਕਾਵਟ ਨਾ ਹੋਵੇ।

ਮੈਂ ਤੈਨੂੰ ਇਸ ਸਾਰੇ ਗੋਰਖਧੰਦੇ ਤੋਂ ਖ਼ਬਰਦਾਰ ਕਰਨਾ ਚਾਹੁੰਦਾ

ਹਾਂ, ਜਿਸ ਵਿਚ ਤੇਰੀ ਜਵਾਨ ਆਤਮਾ ਨੂੰ ਕੈਦ ਰਖਿਆ ਜਾ ਰਿਹਾ ਹੈ। ਇਹ ਰਸਮਾਂ ਤੇ ਅਖੌਤੀ ਮਜ਼ੂਬ ਸਚਾਈਆਂ ਦਾ ਆਲ-ਜੰਜਾਲ ਤੈਨੂੰ ਵਧਣੋ ਫੁੱਲਣੋ ਰੋਕ ਰਿਹਾ ਹੈ। ਤੇਰੇ ਦੁਆਲੇ ਲਖਾਂ ਕੈਦਖ਼ਾਨੇ ਉਸਾਰੇ ਗਏ ਹਨ। ਤੈਨੂੰ ਕੈਦ ਰਖਣ ਵਾਲਿਆਂ ਨੂੰ ਬੜੇ ਵੱਡੇ ਵੱਡੇ ਖ਼ਿਤਾਬ ਦਿੱਤੇ ਗਏ ਹਨ।

ਪਰ ਮੈਂ ਅੱਜ ਤੈਨੂੰ ਇਹ ਸੰਦੇਸਾ ਦੇਣਾ ਚਾਹੁੰਦਾ ਹਾਂ, ਕਿ ਇਨ੍ਹਾਂ ਦੀ ਕੈਦ ਵਿਚੋਂ ਨਿਕਲਣ ਲਈ ਸਿਰਫ਼ ਆਪਣੀ ਸੁਤੰਤ੍ਰਤਾ ਦਾ ਐਲਾਨ ਕਰਨ ਦੀ ਹੀ ਲੋੜ ਹੈ। ਤੈਨੂੰ ਕੋਈ ਕੈਦ ਨਹੀਂ ਰਖ ਸਕਦਾ।

ਦਿਲ, ਦਿਮਾਗ਼ ਤੇ ਆਤਮਾ ਤਿੰਨੇ ਤੈਨੂੰ ਜ਼ਿੰਦਗੀ ਵਲੋਂ ਤੁਹਫ਼ੇ ਮਿਲੇ ਹਨ। ਇਹ ਤੇਰੀ ਮਲਕੀਅਤ ਹਨ। ਜਿਵੇਂ ਤੈਨੂੰ ਰੋਸ਼ਨੀ ਲੱਭੇ, ਉਸੇ ਤਰ੍ਹਾਂ ਇਨ੍ਹਾਂ ਦੀ ਵਰਤੋਂ ਕਰ। ਜੀਵਨ ਕੋਈ ਗੁੰਝਲਦਾਰ ਜਿਹੀ ਹੋਣੀ ਨਹੀਂ, ਬੜੀ ਸਾਦੀ ਤੇ ਦਿਲਚਸਪ ਘਟਨਾ ਹੈ। ਨਾ ਏਥੇ ਕੋਈ ਭੀੜੀ ਗਲੀ ਹੈ, ਤੇ ਨਾ ਅਗੇ ਹੀ ਕੋਈ ਹੈ। ਇਹ ਠੀਕ ਹੈ ਕਿ ਤੂੰ ਰੱਬ ਨਹੀਂ, ਇਹ ਵੀ ਠੀਕ ਹੈ ਕਿ ਤੇਰੀ ਹਸਤੀ ਸਮੁੰਦਰ ਵਿਚ ਇੱਕ ਕਤਰੇ ਦੀ ਤਰ੍ਹਾਂ ਹੈ, ਨਾ ਤੂੰ ਸਦਾ ਜੀਉਂਦੇ ਰਹਿਣਾ ਹੈ ਤੇ ਨਾ ਸਦਾ ਕਾਮਯਾਬ ਹੋਣ ਦਾ ਦਾਅਵਾ ਕਰ ਸਕਦਾ ਹੈਂ, ਪਰ ਇਨ੍ਹਾਂ ਦਾਅਵਿਆਂ ਦੀ ਲੋੜ ਵੀ ਕੀ ਹੈ ? ਕੀ ਲੋੜ ਹੈ ਚਿਰੰਜੀਵਤਾ ਦੀ ਤੇ ਕੀ ਲੋੜ ਹੈ ਮੁਕਤੀ ਦੀ ? ਤੇਰੇ ਲਈ ਇਹ ਹੋਣੀ ਬਹੁਤ ਕਾਫ਼ੀ ਤੇ ਬਹੁਤ ਸੁਆਦਲੀ ਹੈ ਕਿ ਤੂੰ ਇੱਕ ਸਮੁੰਦਰ ਦਾ ਕਤਰਾ ਹੈਂ। ਸਮੁੰਦਰ ਨਾਲ ਛਲਕ ਰਿਹਾ ਤੇ ਸਮੁੰਦਰ ਦੀਆਂ ਲਹਿਰਾਂ ਦਾ ਭਾਗ ਹੈਂ। ਹੋਰ ਤੈਨੂੰ ਕੀ ਚਾਹੀਦਾ ਹੈ ?

ਸਭ ਤੌਖਲੇ ਹਟਾ ਦੇ, ਸਭ ਡਰ ਲਾਹ ਦੇ, ਸਭ ਖ਼ੁਸ਼ਾਮਦਾਂ ਛੱਡ ਦੇ ! ਦਿਲ ਖੋਲ੍ਹ ਕੇ ਜ਼ਿੰਦਗੀ ਦੀ ਰੌ ਨਾਲ ਤੁਰ, ਤੇ ਖੇੜਾ ਪੈਦਾ ਕਰ। ਜ਼ਿੰਦਗੀ ਦੇ ਕਾਨੂੰਨਾਂ ਨੂੰ ਸਮਝ, ਧਰਤੀ ਦੀ ਵਾਕਫ਼ੀਅਤ ਹਾਸਲ ਕਰ, ਆਪਣੇ ਅੰਦਰਲੀਆਂ ਤਾਕਤਾਂ ਨੂੰ ਵਧਾ ਕੇ ਆਪਣੇ ਕਾਬੂ ਵਿਚ ਲਿਆ, ਤਜਰਬੇ ਕਰ, ਉਸਾਰੀ ਛੁਹ, ਸੁਚੱਜਾ ਬਣ, ਸਾਂਝਾ ਹੋ, ਸੁਹਣਾ ਅਤੇ ਮਿੱਠਾ ਬੋਲ। ਮਰਨੋ ਉਹੀ ਡਰਦਾ ਹੈ, ਜਿਹੜਾ ਅਜੇ ਕੁਝ ਬਣਿਆ ਨਹੀਂ, ਜਾਂ ਜਿਸ ਕੁਝ ਵੇਖਿਆ ਨਹੀਂ। ਪੱਕਾ ਹੋਇਆ ਫਲ ਹੋਰ ਬਹੁਤਾ ਚਿਰ ਟਹਿਣੀ ਨਾਲ ਲਟਕਣਾ ਨਹੀਂ ਚਾਹੁੰਦਾ — ਸਗੋਂ ਝੜਣ ਦਾ ਸਮਾਂ ਉਡੀਕਦਾ ਹੈ।

ਜਿਹੜੇ ਤੈਨੂੰ ਅੱਖਾਂ ਖੋਲ੍ਹ ਕੇ ਵੇਖਣੋਂ ਵਰਜਦੇ ਹਨ, ਤੈਨੂੰ ਮਜਬੂਰ ਕਰਦੇ ਹਨ, ਕਿ ਔਹ ਨਾ ਪੜ੍ਹ, ਔਹ ਨਾ ਖਾ, ਔਹ ਨਾ ਪਹਿਨ, ਉਸ ਨਾਲ ਨਾ ਲੱਗ— ਉਹ ਆਪ ਗੁਮਰਾਹ ਹਨ ਤੇ ਤੈਨੂੰ ਗੁਮਰਾਹ ਕਰਦੇ ਹਨ। ਤੇਰਾ ਦੋਸਤ ਉਹੀ ਹੈ, ਜਿਹੜਾ ਤੈਨੂੰ ਆਪਣੇ ਫ਼ੈਸਲੇ ਕਰਨ ਦੀ ਤਾਕਤ ਹਾਸਲ ਕਰਨ ਲਈ ਤਜਰਬਿਆਂ ਵਿਚੋਂ ਲੰਘਾਂਦਾ ਹੈ, ਤੇ ਕਿਸੇ ਕਦਮ ਉਤੇ ਵੀ ਤੇਰੀ ਸੁਤੰਤ੍ਰਤਾ ਨੂੰ ਸ਼ੰਕੇ ਵਿਚ ਨਹੀਂ ਪਾਂਦਾ।

ਨੌਜਵਾਨ ਹਿੰਦੁਸਤਾਨ ਨੂੰ ਅੱਜ ਮੈਂ ਇਹ ਗੱਲ ਦ੍ਰਿੜ੍ਹ ਕਰਾਣਾ ਚਾਹੁੰਦਾ ਹਾਂ ਕਿ ਹਰ ਕਿਸੇ ਦੀ ਖ਼ਲਾਸੀ ਇਸ ਯਕੀਨ ਵਿਚ ਹੈ, ਕਿ ਸਮਾਂ ਜ਼ਿੰਦਗੀ ਨੂੰ ਕਿਸੇ ਅਗੇਰੀ ਮੰਜ਼ਲ ਵਲ ਲਿਜਾ ਰਿਹਾ ਹੈ। ਇਸ ਮੰਜ਼ਲ ਦੇ ਰਾਹ ਵਿਚ ਨਿੱਤ ਨਵੇਂ ਪੜਾਅ ਤੇ ਨਵੇਂ ਮਾਰਗ ਆਉਂਦੇ ਰਹਿਣਗੇ। ਕਈ ਇਹੋ ਜਿਹੀਆਂ ਥਾਵਾਂ ਉਤੇ ਇਹੋ ਜਿਹੇ ਮੌਕੇ ਵੀ ਆਉਣਗੇ ਜਿਹੜੇ ਕਦੇ ਸਾਰੀ ਪਿਛਲੀ ਵਾਟ ਵਿਚ ਕਿਆਸ ਵਿਚ ਵੀ ਨਹੀਂ ਲਿਆਂਦੇ ਗਏ। ਇਨ੍ਹਾਂ ਲਈ ਰਾਹ-ਨੁਮਾਈ ਪਿਛਲੀ ਕਿਸੇ ਘਟਨਾ ਵਿਚੋਂ ਨਹੀਂ ਮਿਲ ਸਕੇਗੀ। ਜੋ ਬੀਤ ਚੁੱਕਾ ਹੈ, ਉਹ ਸਾਨੂੰ ਬੜੀ ਸੀਮਤ ਜਿਹੀ ਸਹਾਇਤਾ ਦੇ ਸਕਦਾ ਹੈ। ਸਾਨੂੰ ਮੌਕੇ ਮੁਤਾਬਕ ਕਿਤੇ ਨਵੇਂ ਫ਼ੈਸਲੇ ਕਰਨ ਦੀ ਤਾਕਤ ਪ੍ਰਾਪਤ ਹੋਣੀ ਚਾਹੀਦੀ ਹੈ।

ਜਦੋਂ ਮਨੁੱਖ ਜਾਤੀ ਏਡੀ ਤਕੜੀ ਹੋ ਜਾਵੇਗੀ ਕਿ ਉਹ ਪਿੱਛੇ ਦੀ ਥਾਂ ਅਗਾਂਹ ਤੱਕਿਆ ਕਰੇਗੀ, ਤਾਂ ਇਸ ਦੀ ਉੱਨਤੀ ਦੀ ਰਫ਼ਤਾਰ ਬਹੁਤ ਤਿੱਖੀ ਹੋ ਜਾਏਗੀ। ਅੱਜ ਅਸੀਂ ਤੁਰਦੇ ਤੇ ਅਗਾਂਹ ਹਾਂ, ਪਰ ਤੱਕਦੇ ਪਿਛਾਂਹ ਹਾਂ। ਇਹੀ ਸਾਡੇ ਠੇਡਿਆਂ ਠੋਕਰਾਂ ਦਾ ਕਾਰਣ ਹੈ।

ਬੀਤੇ ਵਿਚ ਕੋਈ ਜਾਦੂ ਨਹੀਂ। ਤੁਹਾਡੀ ਹੋਣੀ ਅਗੇ ਹੈ। ਤੁਸੀਂ ਜੇ ਜ਼ਰਾ ਨਿਰਪੱਖ ਤੇ ਸੁਤੰਤ੍ਰ ਹੋ ਕੇ ਸੋਚੋ ਤਾਂ ਤੁਹਾਨੂੰ ਯਕੀਨ ਹੋ ਜਾਏਗਾ, ਕਿ ਬੀਤੇ ਵਿਚੋਂ ਤੁਸੀਂ ਕੋਈ ਆਦਰਸ਼ ਨਹੀਂ ਲੱਭ ਸਕਦੇ। ਰਾਮ-ਰਾਜ ਨੂੰ ਅਸੀਂ ਬੜਾ ਚੰਗਾ ਸਮਝਦੇ ਹਾਂ, ਹਰ ਸਾਲ ਦੁਸਹਿਰਾ ਮਨਾਂਦੇ ਹਾਂ — ਪਰ ਕੀ ਅਸੀਂ ਇਹੋ ਜਿਹੇ ਬਨਬਾਸ, ਧੋਬੀ ਦੇ ਤਾਹਨੇ ਤੇ ਸੀਤਾ ਵਰਗੀ ਇਸਤ੍ਰੀ ਨੂੰ ਘਰੋਂ ਕੱਢ ਦੇਣਾ, ਦਸ਼ਰਥ ਵਰਗੀ ਕਮਜ਼ੋਰੀ, ਇੱਕ ਇਸਤ੍ਰੀ ਦੀ ਚੇਤੇ ਕਰਾਈ ਗੱਲ ਤੋਂ ਰਾਮ ਵਰਗੇ ਪੁੱਤਰ ਨੂੰ ਦੇਸ-ਨਿਕਾਲਾ — ਕੀ ਇਹਨਾਂ 'ਚੋਂ ਕਿਸੇ ਨੂੰ ਵੀ ਅਸੀਂ ਆਦਰਸ਼ ਬਣਾ ਸਕਦੇ ਹਾਂ? ਜਿੰਨੀਆਂ ਸਾਖੀਆਂ ਅਸੀਂ ਪੜ੍ਹਦੇ ਹਾਂ,

ਸਤਿਕਾਰ ਨਾਲ ਸੁਣਦੇ ਹਾਂ ਤੇ ਉਨ੍ਹਾਂ ਨੂੰ ਧਰਮ ਦਾ ਅੰਗ ਸਮਝਦੇ ਹਾਂ —— ਜੇ ਕਦੇ ਆਪਣੇ ਅੱਜ ਦੇ ਅਖ਼ਲਾਕੀ ਤੇ ਦਿਮਾਗ਼ੀ ਮਿਆਰ ਉਤੇ ਨਾਪੀਏ ਪਰਖੀਏ, ਤਾਂ ਸਭ ਕੁਝ ਬੱਚਿਆਂ ਦਾ ਜੀਵਨ ਨਜ਼ਰ ਆਉਂਦਾ ਹੈ। ਅੱਜ ਅਖ਼ਲਾਕੀ ਤੇ ਰੂਹਾਨੀ ਜ਼ਿੰਦਗੀ ਦੀਆਂ ਇਹੋ ਜਿਹੀਆਂ ਮਿਸਾਲਾਂ ਜ਼ਿੰਦਗੀ ਵਿਚ ਮਿਲਦੀਆਂ ਹਨ, ਕਿ ਬੀਤੇ ਦੇ ਮੁਕਾਬਲੇ ਵਿਚ ਪਹਾੜ ਦਿੱਸਦੀਆਂ ਹਨ। ਮਨੁੱਖ ਵਿਚ ਆਪਣੇ ਆਦਰਸ਼ ਤੋਂ ਕੁਰਬਾਨ ਹੋਣ, ਮਨੁੱਖ ਜਾਤੀ ਦੀ ਸੇਵਾ ਲਈ ਆਪਣਾ ਸਭ ਕੁਝ ਵਾਰਨ ਦੀ ਜੋ ਸ਼ਕਤੀ ਅੱਜ ਹੈ ਉਹ ਪਹਿਲੋਂ ਕਦੇ ਨਹੀਂ ਸੀ।

ਰੱਬ ਦੀ ਜਿਹੜੀ ਕਲਪਨਾ ਅੱਜ ਹੈ, ਉਹ ਬੀਤੇ ਦੀ ਕਲਪਨਾ ਨਾਲੋਂ ਕਈ ਦਰਜੇ ਉੱਚੀ ਹੈ। ਅੱਜ ਦਾ ਰੱਬ ਬੜਾ ਸਾਂਝਾ ਤੇ ਸੁਹਣਾ ਹੈ। ਬੀਤੇ ਦਾ ਰੱਬ ਕੌਮਾਂ ਕੌਮਾਂ ਦਾ ਆਪਣਾ ਸੀ, ਪੂਜਾ ਮੰਗਦਾ ਤੇ ਕੁਰਬਾਨੀਆਂ ਚਾਹੁੰਦਾ ਸੀ, ਨਾਰਾਜ਼ ਹੁੰਦਾ, ਕਹਿਰ ਲਿਆਉਂਦਾ, ਨਰਕਾਂ ਵਿਚ ਸੁੱਟਦਾ ਸੀ। ਉਸ ਦੇ ਕਹਿਰ ਦਾ ਹਰੇਕ ਧਾਰਮਿਕ ਪੁਸਤਕ ਵਿਚ ਜ਼ਿਕਰ ਹੈ। ਪਰ ਅੱਜ ਦੇ ਰੱਬ ਦੇ ਬ੍ਰਹਿਮੰਡ ਵਿਚ ਕੋਈ ਨਰਕ ਨਹੀਂ, ਕੋਈ ਕਹਿਰ ਨਹੀਂ, ਕੋਈ ਗ਼ਜ਼ਬ ਜਾਂ ਬਦਲਾ ਨਹੀਂ, ਨਾ ਖ਼ੁਸ਼ਾਮਦ ਦੀ ਮੰਗ ਹੈ।

ਅੱਜ ਦਾ ਰੱਬ ਸਮੁੱਚਾ ਬ੍ਰਹਿਮੰਡ ਹੈ। ਤੂੰ, ਮੈਂ ਤੇ ਸਾਰੇ ਧਰਤੀ ਅਸਮਾਨ ਉਸੇ ਦਾ ਸਰੀਰ ਹਨ, ਤੇ ਜਿਹੜੀ ਇਸ ਵਿਚ ਹਰਕਤ ਹੈ, ਉਹ ਉਸ ਦੀ ਰੂਹ ਹੈ। ਇਸ ਨਾਲੋਂ ਨਾ ਕੁਝ ਨਿੱਖੜ ਸਕਦਾ ਹੈ, ਨਾ ਇਸ ਵਿਚ ਪਾਇਆ ਜਾ ਸਕਦਾ ਹੈ, ਨਾ ਇਹ ਕਿਸੇ ਭਾਗ ਨਾਲ ਉਚੇਚੀ ਦੋਸਤੀ ਕਰਦਾ ਹੈ, ਨਾ ਇਹ ਕਿਸੇ ਨਾਲ ਦੁਸ਼ਮਣੀ ਕਰ ਸਕਦਾ ਹੈ। ਚੰਗੇ ਮੰਦੇ ਸਭ ਭਾਗ ਇਸ ਦੀ ਹੋਂਦ ਹਨ, ਤੇ ਕਾਨੂੰਨ ਅਨੁਸਾਰ ਪ੍ਰਗਟ ਤੇ ਅਲੋਪ ਹੁੰਦੇ ਰਹਿੰਦੇ ਹਨ। ਕੋਈ ਨਰਕ ਨਹੀਂ, ਕਹਿਰ ਨਹੀਂ, ਕੋਈ ਸਜ਼ਾ ਨਹੀਂ।

ਆਪਣੇ ਦੁਆਲੇ ਜ਼ਿੰਦਗੀ ਦੇ ਕਾਨੂੰਨਾਂ ਨੂੰ ਸਮਝਣਾ ਰੱਬ ਨੂੰ ਪ੍ਰਾਪਤ ਕਰਨਾ ਹੈ। ਜਿਸ ਮਰਦ ਜਾਂ ਇਸਤ੍ਰੀ ਨੇ ਆਪਣਾ ਜੀਵਨ ਜ਼ਿੰਦਗੀ ਦੀ ਰੌ ਨਾਲ ਇੱਕ-ਸੁਰ ਕਰ ਲਿਆ ਹੈ, ਉਸ ਨੇ ਰੱਬ ਨੂੰ ਪਾ ਲਿਆ ਹੈ, ਅਰਥਾਤ ਅਸਲੀਅਤ ਦੀ ਟੋਹ ਲਾ ਲਈ ਹੈ। ਅਸਲੀਅਤ ਨੂੰ ਲੱਭ ਕੋਈ ਨਹੀਂ ਸਕਦਾ, ਸਿਰਫ ਅਸਲੀਅਤ ਦੀ ਅਮੁੱਕ ਕਤਾਰ ਨਾਲ ਸਿਧਿਆਂ ਹੋ ਜਾਣਾ ਹੀ ਸਭ ਰੜਕਾਂ ਦੂਰ ਕਰ ਦੇਂਦਾ ਹੈ। ਸਮਝੋ ਅਸਲੀਅਤ ਇੱਕ

ਲੰਮੀ ਸਾਰੀ ਫ਼ੌਜੀ ਕਤਾਰ ਹੈ, ਜਿਸ ਦੇ ਸੱਜੇ ਖੱਬੇ ਅਨੇਕਾਂ ਸਿਪਾਹੀ ਸਿੱਧੇ ਖਲੋਤੇ ਹਨ। ਸਿਰਾ ਨਹੀਂ ਦਿੱਸਦਾ। ਪਰ ਜਿਹੜਾ ਮਨੁੱਖ ਇਸ ਕਤਾਰ ਵਿਚ ਨਹੀਂ, ਉਹ ਭਟਕ ਰਿਹਾ ਹੈ। ਉਹ ਔਖਾ ਹੈ, ਉਸ ਦਾ ਕਦਮ ਨਾਲ ਨਹੀਂ ਰਲਦਾ, ਉਸ ਨੂੰ ਸਾਂਝੀਵਾਲਤਾ ਦਾ ਕਰਾਰ ਨਹੀਂ ਜਿਸ ਘੜੀ ਉਹ ਨਾਲ ਰਲ ਜਾਂਦਾ ਹੈ, ਕਤਾਰ ਵਿਚ ਖਲੋਂਦਾ ਹੈ, ਉਸ ਦੀ ਚਿੰਤਾ ਮੁੱਕ ਜਾਂਦੀ ਹੈ, ਤੋਰ ਸੁਖਾਲੀ ਹੋ ਜਾਂਦੀ ਹੈ। ਅਸਲੀਅਤ ਦਾ ਸਿਰਾ ਨਾ ਅਗੇ ਦਿੱਸਦਾ ਸੀ; ਨਾ ਹੁਣ ਦਿੱਸਦਾ ਹੈ। ਪਰ ਹੁਣ ਉਹ ਜ਼ਿੰਦਗੀ ਨਾਲ ਇੱਕ-ਸੁਰ ਹੋਣ ਦੀ ਤਸੱਲੀ ਵਿਚ ਖ਼ੁਸ਼ ਹੋ ਸਕਦਾ ਹੈ।

ਨੌਵਜਾਨ ਹਿੰਦੋਸਤਾਨ ! ਦਲੇਰ ਹੋ ਕੇ ਜ਼ਿੰਦਗੀ ਦੇ ਕਾਨੂੰਨ ਨੂੰ ਸਮਝ। ਬੀਤੇ ਜਾਦੂ ਬੇਸ਼ਕ ਸਿਰੋਂ ਝਾੜ ਦੇ। ਜੋ ਹੋ ਚੁੱਕਿਆ ਹੈ, ਉਸ ਦੀ ਕਦਰ ਕਰ, ਉਸ ਦੇ ਤਜਰਬੇ ਦੀ ਰੌਸ਼ਨੀ ਵਿਚ ਆਪਣੀਆਂ ਤਜਵੀਜ਼ਾਂ ਬਣਾ, ਪਰ ਸਦਾ ਵਡੇਰੀ, ਉਚੇਰੀ ਹੋਣੀ ਨੂੰ ਆਦਰਸ਼ ਸੋਚ, ਜੇ ਤੇਰਾ ਵਰਤਮਾਨ ਬੀਤੇ ਨਾਲੋਂ ਉਚੇਰਾ ਨਹੀਂ, ਤਾਂ ਤੂੰ ਕਾਮਯਾਬ ਨਹੀਂ। ਇਸ ਲਈ ਤੇਰਾ ਆਦਰਸ਼ ਹਮੇਸ਼ਾਂ ਬੀਤੇ ਨਾਲੋਂ ਵਡੇਰਾ ਹੋਣਾ ਚਾਹੀਦਾ ਹੈ।

ਕਿਸੇ ਰਸਮ, ਕਿਸੇ ਸਿਧਾਂਤ, ਕਿਸੇ ਤਅੱਸਬ ਵਿਚ ਆਪਣੇ ਆਪ ਨੂੰ ਕੈਦ ਨਾ ਹੋਣ ਦੇ। ਆਪਣਾ ਮਨ ਖੁੱਲ੍ਹਾ ਰਖ, ਕਿਸੇ ਨੂੰ ਇਹ ਹੱਕ ਨਾ ਦੇ, ਕਿ ਉਹ ਤੇਰੇ ਲਈ ਫ਼ੈਸਲਾ ਕਰਿਆ ਕਰੇ, ਤੇਰੀਆਂ ਦੋਸਤੀਆਂ, ਸ਼ਾਦੀਆਂ, ਦੁਸ਼ਮਣੀਆਂ, ਨਾ-ਮਿਲਵਰਤਣੀਆਂ ਦੇ ਹੁਕਮ ਘਲਿਆ ਕਰੇ।

ਸੁਤੰਤ੍ਰ ਹੋ ਕੇ ਤੂੰ ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਿਆ ਕਰ। ਜਦੋਂ ਤੂੰ ਇਸ ਤਰ੍ਹਾਂ ਕਰ ਸਕੇਂਗਾ, ਤੂੰ ਆਜ਼ਾਦ ਤੇ ਖ਼ੁਸ਼ਹਾਲ ਹੋ ਜਾਏਂਗਾ, ਤੇਰੀ ਧਰਤੀ ਤੋਂ ਗ਼ਰੀਬੀ ਤੇ ਗ਼ੁਲਾਮੀ ਉਡ ਜਾਣਗੀਆਂ, ਝਗੜੇ ਫ਼ਸਾਦ ਹਟ ਜਾਣਗੇ, ਤੇਰੇ ਵਿਚ ਏਕਤਾ ਤੇ ਪ੍ਰੇਮ ਹੋਵੇਗਾ, ਈਰਖਾ ਦੂਰ ਹੋ ਜਾਏਗੀ, ਸਿਥਲਤਾ ਉਡ ਜਾਏਗੀ — ਤੇਰਾ ਸਾਰੀ ਦੁਨੀਆ ਉਤੇ ਸਤਿਕਾਰ ਕੀਤਾ ਜਾਏਗਾ।

[ 1940

8

# ਨਵੇਂ ਸਾਲ ਦੀ ਨਵੀਂ ਧੜਕਣ

ਹੁੰਦੀ ਤਾਂ ਹਰ ਘੜੀ ਨਵੀਂ ਹੈ। ਹਰ ਦਿਨ ਹੋਣੀ ਦਾ ਨਵਾਂ ਦ੍ਰਿਸ਼ ਸਾਹਮਣੇ ਲਿਆਉਂਦਾ ਹੈ। ਪਿਛਲੇ ਮਹੀਨੇ ਜਿਥੇ ਕੋਈ ਸੀ, ਉਥੇ ਉਹ ਇਸ ਮਹੀਨੇ ਕਦਾਚਿਤ ਨਹੀਂ ਜਾ ਸਕਦਾ।

ਪਰ ਨਵਾਂ ਸਾਲ ਜ਼ਿੰਦਗੀ ਦੀ ਪੌੜੀ ਉਤੇ ਗਲਿਆਰੇ ਦੀ ਵਿਸ਼ੇਸ਼ਤਾ ਰਖਦਾ ਹੈ। ਰਫ਼ਤਾਰ ਤਾਂ ਏਥੇ ਵੀ ਨਹੀਂ ਰੁਕਦੀ, ਪਰ ਥੋੜੀ ਦੇਰ ਲਈ ਪਿਛਲੀ ਚੜ੍ਹਾਈ ਵਾਸਤੇ ਨਵੀਂ ਤਿਆਰੀ ਦਾ ਹੁਲਾਰਾ ਪੈਰਾਂ ਵਿਚ ਮਹਿਸੂਸ ਹੁੰਦਾ ਹੈ, ਤੇ ਨਵੇਂ ਇਰਾਦੇ ਦਿਲ ਦਿਮਾਗ਼ ਵਿਚ ਧੜਕਦੇ ਹਨ, ਤੇ ਕੁਝ ਚਿਰ ਲਈ ਰਫ਼ਤਾਰ ਤਿੱਖੀ ਹੋ ਜਾਂਦੀ ਹੈ।

ਜਿਹੜੇ ਨਵੇਂ ਇਰਾਦਿਆਂ ਨੇ ਮੇਰੇ ਵਿਚ ਨਵਾਂ ਲਹੂ ਸਰਕਾਇਆ, ਉਹ ਮੈਂ ਸਾਲ ਦੇ ਨਵੇਂ ਦਿਨ ਉਤੇ ਆਪਣੇ ਪਾਠਕਾਂ ਨਾਲ ਸਾਂਝਿਆਂ ਕਰਨ ਦੀ ਖ਼ੁਸ਼ੀ ਲੈਣਾ ਚਾਹੁੰਦਾ ਹਾਂ।

## ਮੇਰੀਆਂ ਦੋ ਪ੍ਰਾਰਥਨਾਵਾਂ

ਸਭ ਤੋਂ ਪਹਿਲਾਂ ਮੇਰੀ ਇਹ ਪ੍ਰਾਰਥਨਾ ਹੈ, ਕਿ ਜਿਹੜਾ ਕਸ਼ਟ ਦੋ

ਸਾਲਾਂ ਤੋਂ ਸਾਰੀ ਦੁਨੀਆ ਉਤੇ ਖਿਲਰਦਾ ਜਾ ਰਿਹਾ ਹੈ, ਉਹ ਇਸ ਵਰ੍ਹੇ ਘਟਣਾ ਸ਼ੁਰੂ ਹੋ ਜਾਏ। ਤੂਫ਼ਾਨ ਦੀ ਤੇਜ਼ੀ ਨਾਲ ਘਿਰਣਾ-ਅਗਨੀ ਮੁਲਕੋ-ਮੁਲਕ ਮਚਦੀ ਆ ਰਹੀ ਹੈ, ਅਨੇਕਾਂ ਬੱਚੇ ਯਤੀਮ ਹੋ ਗਏ ਹਨ, ਅਨੇਕਾਂ ਦਿਲ ਸੁੰਨੇ ਤੇ ਅਨੇਕਾਂ ਖ਼ਾਨਦਾਨ ਤਬਾਹ ਹੋ ਗਏ ਹਨ। ਕਈਆਂ ਮੁਲਕਾਂ ਵਿਚ ਆਜ਼ਾਦੀ ਦਾ ਈਸ਼ਵਰਯ ਗ਼ੁਲਾਮੀ ਦੇ ਸਹਿਮ ਵਿਚ ਬਦਲ ਗਿਆ ਹੈ।

## ਇਹ ਕਸ਼ਟ ਘਟੇ ਇਹ ਅਗਨੀ ਠੰਢੀ ਹੋਵੇ।

ਇਹ ਮੇਰੀ ਪ੍ਰਾਰਥਨਾ ਕਿਸੇ ਅਸਮਾਨੀ ਦੇਵ ਅਗੇ ਨਹੀਂ, ਮਨੁੱਖਤਾ ਅਗੇ ਹੈ। ਮੇਰਾ ਇਹ ਬਿਲਕੁਲ ਵਿਸ਼ਵਾਸ ਨਹੀਂ ਕਿ ਇਹ ਘਿਰਣਾ ਤੇ ਵੱਢ-ਟੁੱਕ ਕੋਈ ਰੱਬੀ ਕ੍ਰਿਤ ਹੈ — ਸਿਰਫ਼ ਮਨੁੱਖ ਦਾ ਰੋਸ਼ਨੀ ਲਈ ਬੇ-ਸਮਝ ਖਿੱਚ ਖਿਚਾਅ ਹੈ।

ਮਨੁੱਖ ਦੀ ਸਮਝ ਅਗੇ ਮੇਰੀ ਇਹ ਪ੍ਰਾਰਥਨਾ ਹੈ।

ਦੂਜੀ ਮੇਰੀ ਪ੍ਰਾਰਥਨਾ ਇਹ ਹੈ, ਕਿ ਸਾਡੇ ਵਿਚੋਂ ਹਰ ਕਿਸੇ ਨੂੰ ਇਹ ਵਿਸ਼ੇਸ਼ਤਾ ਪ੍ਰਾਪਤ ਹੋ ਸਕੇ, ਕਿ ਉਸ ਨੇ ਦੁਨੀਆ ਦੇ ਕਸ਼ਟਾਂ ਵਿਚ ਵਾਧਾ ਕਰਨ ਦੀ ਥਾਂ ਕੁਝ ਨਾ ਕੁਝ ਕਸ਼ਟ ਘਟਾਇਆ ਹੈ।

ਦੁਨੀਆ ਦੇ ਕਸ਼ਟ ਉਹੀ ਹਨ, ਜਿਹੜੇ ਮੈਂ, ਤੁਸਾਂ ਤੇ ਹੋਰਨਾਂ ਨੇ ਆਪਣੀ ਗ਼ਲਤ-ਫ਼ਹਿਮੀ, ਖ਼ੁਦ-ਪਸੰਦੀ ਤੇ ਨਫ਼ੇ ਦੀ ਤ੍ਰਿਸ਼ਨਾ ਨਾਲ ਪੈਦਾ ਕੀਤੇ ਹਨ।

ਮੈਂ ਆਪਣੇ ਪਾਠਕਾਂ ਨੂੰ ਆਪਣੀ ਪ੍ਰਾਰਥਨਾ ਵਿਚ ਸ਼ਾਮਲ ਕਰਨਾ ਚਾਹੁੰਦਾ ਹਾਂ ਕਿ ਇਸ ਸਾਲ ਅਸੀਂ ਘਟ ਤੋਂ ਘਟ ਦੁਨੀਆ ਉਤੋਂ ਓਨੇ ਕਸ਼ਟ ਦਾ ਭਾਰ ਘਟਾ ਦੇਈਏ ਜਿੰਨਾ ਸਾਡੇ ਜ਼ਰੀਏ ਪੈ ਸਕਦਾ ਹੈ। ਇੱਕ ਸ਼ਿਕਾਇਤ ਦਿਲ ਵਿਚ ਘੁਟ ਲਈਏ, ਇਕ ਰੁਸੇਵਾਂ ਰੋਕ ਲਈਏ, ਇਕ ਤਾਹਨਾ, ਇਕ ਕਠੋਰ ਸ਼ਬਦ ਬੁੱਲ੍ਹਾਂ ਵਿਚ ਆਇਆ ਪੀ ਜਾਈਏ, ਇੱਕ ਤਿਊੜੀ ਮੱਥੇ ਤੋਂ ਸਾਫ਼ ਕਰ ਲਈਏ।

ਇਸ ਤੋਂ ਵਧੀਕ ਜੇ ਹੋ ਸਕੇ ਤਾਂ, ਘੱਟ ਤੋਂ ਘੱਟ, ਇੱਕ ਗੁਆਂਢੀ, ਨੌਕਰ, ਮਾਲਕ ਜਾਂ ਕਿਸੇ ਸੰਬੰਧੀ ਦੀ ਇੱਕ ਸ਼ਿਕਾਇਤ ਦੂਰ ਕਰ ਦੇਈਏ, ਇੱਕ ਡਰ ਮੁੱਕਾ ਦੇਈਏ, ਇੱਕ ਰੰਜ ਹਟਾ ਦੇਈਏ।

ਅਸੀਂ ਕਈ ਵਾਰੀ ਸੋਚਦੇ ਹਾਂ ਕਿ ਵਿਸ਼ਾਲ ਦੁਨੀਆ ਦੇ ਵਿਸ਼ਾਲ

ਕਸ਼ਟ ਵਿਚ ਸਾਜੀ ਇਕੱਲਿਆਂ ਦੀ ਕੋਸ਼ਿਸ਼ ਕਿਨਾ ਕੁ ਫਰਕ ਪਾ ਸਕੇਗੀ। ਪਰ ਜੇ ਤੁਸੀਂ ਤੇ ਮੈਂ ਤੇ ਸਾਡੇ ਵਰਗੇ ਅਨੇਕਾਂ ਦਿਲ ਉਪਰਾਲਾ ਕਰਨ ਦਾ ਪ੍ਰਣ ਕਰ ਲੈਣ, ਤਾਂ ਦੁਨੀਆ ਦਾ ਕਸ਼ਟ ਅੱਧਾ ਰਹਿ ਜਾਏ।

ਤੁਹਾਡੇ ਤੇ ਮੇਰੇ ਦਿਲ ਵਿਚੋਂ ਪ੍ਰਾਰਥਨਾ ਉੱਠੀ ਹੈ — ਪਰ ਤੁਸੀਂ ਤੇ ਮੈਂ ਦੁਨੀਆ ਦੇ ਅਤਿ ਚੰਗੇ ਦਿਲਾਂ ਵਿਚੋਂ ਨਹੀਂ। ਸਾਥੋਂ ਚੰਗੇਰੇ ਜ਼ਰੂਰ ਅਨੇਕਾਂ ਦਿਲ ਦੁਨੀਆ ਦੇ ਹਰ ਮੁਲਕ ਵਿਚ ਵਧੇਰੇ ਤਰਸ ਤੇ ਦਰਦ ਨਾਲ ਧੜਕ ਰਹੇ ਹਨ। ਉਨ੍ਹਾਂ ਵਿਚ ਵੀ ਇਹ ਪ੍ਰਣ ਸਾਥੋਂ ਵਧੇਰੇ ਉਤਸ਼ਾਹ ਨਾਲ ਪੱਕਾ ਕੀਤਾ ਜਾ ਸਕਦਾ ਹੈ।

ਗਿਣੋ ਤਾਂ ਸਹੀ, ਦੁਨੀਆ ਕੇਡੀ ਹੌਲੀ ਹੋ ਜਾਏ। ਜੇ ਸਿਰਫ਼ ਤੁਸੀਂ ਤੇ ਮੈਂ ਤੇ ਸਾਡੇ ਵਰਗੇ ਆਪਣਾ ਇੱਕ ਗਿਲਾ ਰੋਕ ਕੇ ਦੂਜੇ ਦਾ ਇੱਕ ਗਿਲਾ ਦੂਰ ਕਰਨ ਦਾ ਇਰਾਦਾ ਕਰ ਲੈਣ।

ਨਵੇਂ ਸਾਲ ਦੀਆਂ ਖ਼ੁਸ਼ੀਆਂ ਤੇ ਵਧਾਈਆਂ ਮੇਰੇ ਪਾਠਕਾਂ ਨੇ ਢੇਰ ਦੀਆਂ ਲੈ ਦੇ ਲਈਆਂ ਹੋਣਗੀਆਂ — ਮੈਂ ਉਪਰਲੀਆਂ ਦੋ ਪ੍ਰਾਰਥਨਾਵਾਂ ਦੀ ਜ਼ਿੰਮੇਵਾਰੀ ਇਸ ਨਵੇਂ ਸਾਲ ਦੇ ਮੌਕੇ ਉਤੇ ਉਨ੍ਹਾਂ ਨੂੰ ਭੇਟਾ ਕਰਦਾ ਹਾਂ।

ਜਿਹੜੀਆਂ ਚਾਰ ਨਵੇਰੀਆਂ ਰੀਝਾਂ, ਇਰਾਦਿਆਂ ਦੀ ਸੂਰਤ ਬਣ ਕੇ ਨਵੇਂ ਸਾਲ ਦੀ ਪਹਿਲੀ ਸਵੇਰ ਵਿਚੋਂ ਮੇਰੇ ਲਈ ਲਿਸ਼ਕੀਆਂ ਹਨ, ਉਹ ਇਹ ਹਨ :

1. ਵਡੇਰੀ ਸ਼ਖ਼ਸੀਅਤ।
2. ਵਡੇਰਾ ਪਿੰਡ।
3. ਵਡੇਰਾ ਹਿੰਦੁਸਤਾਨ।
4. ਵਡੇਰੀ ਮਨੁੱਖਤਾ।

## ਵਡੇਰੀ ਸ਼ਖ਼ਸੀਅਤ

**ਕਿਸੇ ਕੌਮ ਨੂੰ ਜੇ ਵੱਡਿਆਂ ਕਰਨਾ ਹੋਵੇ ਤਾਂ ਉਸ ਦੇ ਮੈਂਬਰਾਂ ਦੀ ਸ਼ਖ਼ਸੀਅਤ ਵੱਡੀ ਕਰਨੀ ਚਾਹੀਦੀ ਹੈ। ਸਾਡੀ ਕੌਮ, ਸਾਡਾ ਮੁਲਕ ਤਾਂ ਹੀ ਵੱਡੇ ਹੋ ਸਕਦੇ ਹਨ, ਜੇ ਅਸੀਂ ਵੱਡੇ ਹੋਈਏ। ਇਸ ਲਈ ਜਿਹੜਾ ਕੋਈ ਆਪਣੀ ਸ਼ਖ਼ਸੀਅਤ ਵਿਚ ਵਾਧਾ ਕਰਦਾ ਹੈ, ਉਹ ਆਪਣੀ ਕੌਮ ਨੂੰ ਵਡਿਆਂਦਾ ਹੈ।**

ਸ਼ਖ਼ਸੀਅਤ ਦੇ ਤਿੰਨ ਭਾਗ ਹਨ — ਸਰੀਰ, ਦਿਮਾਗ਼ ਤੇ ਆਤਮਾ।

ਇਸ ਵਰ੍ਹੇ ਪੂਰਾ ਜਤਨ ਕਰਕੇ ਆਪਣੀ ਸਰੀਰ-ਕਲਾ ਨੂੰ ਮਜ਼ਬੂਤ ਤੇ ਅਰੋਗ ਬਣਾਇਆ ਜਾਏ। ਚੰਗੀਆਂ, ਲਾਭਦਾਇਕ ਆਦਤਾਂ ਪਾਈਆਂ ਜਾਣ। ਸਵੇਰੇ ਉਠਣਾ, ਛੇਤੀ ਤਿਆਰ ਹੋਣਾ, ਬਾਕਾਇਦਾ ਵਰਜ਼ਿਸ਼, ਅਸ਼ਨਾਨ ਕਰਨਾ, ਮੁਨਾਸਬ ਤੇ ਸਾਦਾ ਖ਼ੁਰਾਕ ਖਾਣਾ ਤੇ ਪੁਸ਼ਾਕ ਪਹਿਨਣਾ, ਮਿਹਨਤ ਕਰਨਾ, ਵੇਲੇ ਸਿਰ ਆਰਾਮ ਕਰਨਾ, ਦਿਲ ਨੂੰ ਪਰਚਿਆ ਰਖਣਾ, ਖੇਡਣਾ, ਮਿਲ ਬਹਿਣਾ, ਹੱਸਣਾ, ਪਿਆਰ ਕਰਨਾ, ਕੰਮ ਆਉਣਾ, ਅਧਿਐਨ ਕਰਨਾ — ਇਹ ਰੋਜ਼ਾਨਾ ਜ਼ਿੰਦਗੀ ਦਾ ਪ੍ਰੋਗਰਾਮ ਹੋਵੇ, ਜਿਸ ਨੂੰ ਕਰੜੀ ਸ੍ਵੈ-ਮਰਿਆਦਾ ਨਾਲ ਨਿਭਾਇਆ ਜਾਏ।

ਚੰਗੀਆਂ ਆਦਤਾਂ ਜ਼ਿੰਦਗੀ ਦੀ ਵੱਡੀ ਅਮੀਰੀ ਹਨ। ਤਾਜ਼ੇ ਪਾਣੀ ਨਾਲ ਨਹਾਉਣ ਦੀ ਆਦਤ ਦੀ ਕੀਮਤ ਜੇ ਜੋੜੀ ਜਾਏ ਤਾਂ ਸੱਠ ਵਰ੍ਹੇ ਦੀ ਉਮਰ ਤਕ, ਘਟ ਤੋਂ ਘਟ, ਪੰਜ ਸੌ ਰੁਪਈਆ ਹੋ ਜਾਂਦੀ ਹੈ। ਸਾਦਾ ਖ਼ੁਰਾਕ ਤੇ ਪੁਸ਼ਾਕ ਦਾ ਵਾਧਾ ਸਾਰੀ ਉਮਰ ਵਿਚ ਇੱਕ ਚੋਖੀ ਰਕਮ ਹੁੰਦੀ ਹੈ। ਵਰਤਣ ਦੀਆਂ ਚੀਜ਼ਾਂ ਨੂੰ ਸਫ਼ਾਈ ਤੇ ਸਾਂਭ ਨਾਲ ਰਖਣਾ ਇੱਕ ਪਰਵਾਰ ਲਈ ਅਮੀਰੀ ਤੇ ਗ਼ਰੀਬੀ ਦਾ ਫ਼ਰਕ ਪਾ ਸਕਦਾ ਹੈ।

ਆਪਣੇ ਬੱਚਿਆਂ ਨੂੰ ਕਠਨ ਜੀਵਨ ਦਾ ਆਦੀ ਬਣਾਇਆ ਜਾਏ। ਯੂਰਪੀਅਨ ਕੌਮਾਂ ਦੀ ਮਜ਼ਬੂਤੀ ਦਾ ਰਾਜ਼ ਉਹਨਾਂ ਦੇ ਨਵੇਂ ਕਾਨੂੰਨ ਹਨ, ਜਿਨ੍ਹਾਂ ਦੁਆਰਾ ਹਰ ਕਿਸਮ ਦੀ ਆਰਾਮ-ਤਲਬੀ ਜੁਰਮ ਕਰਾਰ ਦਿੱਤੀ ਗਈ ਹੈ। ਕਾਲਜਾਂ ਦੇ ਵਿਦਿਆਰਥੀਆਂ ਲਈ ਸੂਰਜ ਤੋਂ ਪਹਿਲਾਂ ਉਠਣਾ, ਠੰਡੇ ਪਾਣੀ ਨਾਲ ਨਹਾਉਣਾ ਤੇ ਦੌੜਨਾ ਲਾਜ਼ਮੀ ਬਣਾ ਦਿੱਤਾ ਗਿਆ ਹੈ।

ਦੂਜਿਆਂ ਦੀ ਸੇਵਾ ਤੇ ਸੁਖ-ਅਸਾਨੀ ਦੇ ਮੁਥਾਜ ਮਰਦ ਇਸਤ੍ਰੀ ਨਾਲੋਂ ਤਰਸ-ਯੋਗ ਦ੍ਰਿਸ਼ ਹੋਰ ਘਟ ਹੀ ਹੋਵੇਗਾ।

ਮਜ਼ਬੂਤ, ਖ਼ੁਦ-ਮੁਖ਼ਤਾਰ ਤੇ ਖ਼ੁਸ਼ ਸ਼ਖ਼ਸੀਅਤ ਸਾਡਾ ਇਸ ਵਰ੍ਹੇ ਨਿਸ਼ਾਨਾ ਰਹੇ।

ਦਿਮਾਗ਼ੀ ਮਜ਼ਬੂਤੀ ਦਾ ਵੀ ਸਾਡੀ ਖ਼ੁਸ਼ੀ ਨਾਲ ਕੋਈ ਘਟ ਸੰਬੰਧ ਨਹੀਂ। ਦਿਮਾਗ਼ੀ ਤਾਕਤ ਦਾ ਅਸਰ ਸਰੀਰ ਤੇ ਆਤਮਾ ਦੋਹਾਂ ਉਤੇ ਪੈਂਦਾ ਹੈ। ਜਿਸ ਨੇ ਆਪਣੀਆਂ ਦਿਮਾਗ਼ੀ ਤਾਕਤਾਂ ਨੂੰ ਵਧਾਇਆ ਨਹੀਂ, ਉਸ ਦੀ ਸ਼ਖ਼ਸੀਅਤ ਚੰਗੇ ਸਰੀਰ ਦੇ ਬਾਵਜੂਦ/ਵੀ ਇੱਕ ਥਾਂ ਪਹੁੰਚ ਕੇ ਰੁਕ

ਜਾਏਗੀ ।

ਦਿਮਾਗੀ ਮਜ਼ਬੂਤੀ ਲਈ ਅਧਿਐਨ ਦੀ ਲੋੜ ਹੈ । ਦਿਮਾਗੀ ਅਭਿਆਸ ਵੀ ਏਨਾ ਜ਼ਰੂਰੀ ਹੈ ਜਿੰਨੀ ਸਰੀਰਕ ਵਰਜ਼ਿਸ਼ । ਲੱਗਪੱਗ ਹਰ ਵਿਸ਼ੇ ਉਤੇ ਅਧਿਐਨ ਕੀਤਾ ਜਾਏ — ਬਹੁਤਾ ਨਹੀਂ, ਥੋੜਾ ਹੀ ਸਹੀ । ਹਿਸਾਬ, ਇਤਿਹਾਸ, ਭੂਗੋਲ, ਤਾਰਾ-ਵਿਗਿਆਨ, ਧਰਤ-ਵਿਗਿਆਨ, ਜਿਸ ਕਾਸੇ ਦਾ ਸੰਕੇਤ ਆਲੇ-ਦੁਆਲੇ ਵਿਚੋਂ ਮਿਲੇ, ਉਸ ਬਾਬਤ ਥੋੜੀ ਬਹੁਤ ਵਾਕਫ਼ੀਅਤ ਹਾਸਲ ਕੀਤੀ ਜਾਏ । ਉਹ ਵਕੀਲ ਅਧੂਰਾ ਹੈ ਜਿਸ ਨੂੰ ਇੰਜੀਨੀਅਰੀ ਦਾ ਕੁਝ ਨਾ ਕੁਝ ਗਿਆਨ ਨਹੀਂ, ਤੇ ਉਹ ਇੰਜੀਨੀਅਰ ਪੂਰਾ ਨਹੀਂ, ਜਿਸ ਨੂੰ ਦਲੀਲ ਦੇ ਹੁਨਰ ਤੋਂ ਪੂਰਨ ਨਾਵਾਕਫ਼ੀ ਹੈ ।

ਹਰ ਪਹਿਲੂ ਵਿਚ ਦਿਲਚਸਪੀ ਵਧਦੀ ਜਾਏ । ਆਪਣੇ ਪੇਸ਼ੇ ਤੋਂ ਵੱਖਰੇ ਗੁਣ ਵੀ ਪ੍ਰਾਪਤ ਕੀਤੇ ਜਾਣ, ਅਖ਼ਬਾਰ ਪੜ੍ਹੀ ਜਾਏ, ਚੰਗੀਆਂ ਫ਼ਿਲਮਾਂ ਤੇ ਨਾਟਕ ਵੇਖੇ ਜਾਣ । ਦਿਮਾਗ਼ੀ ਮਜ਼ਬੂਤੀ ਵਲ ਆਮ ਤੌਰ ਉਤੇ ਖ਼ਿਆਲ ਨਾ ਹੋਣ ਕਰਕੇ ਜ਼ਿੰਦਗੀ ਦੇ ਬਹੁਤੇ ਕੰਮ ਬੇਲੋੜੇ ਕੀਤੇ ਜਾ ਰਹੇ ਹਨ । ਰੇਲ-ਗੱਡੀਆਂ ਵਿਚ ਭੀੜ ਅੱਧੀ ਰਹਿ ਜਾਏ, ਜੇ ਸਾਡੇ ਦਿਮਾਗ਼ ਮਜ਼ਬੂਤ ਹੋਣ । ਅਧਿਓਂ ਬਹੁਤੇ ਮੁਸਾਫ਼ਰ ਬੇ-ਅਰਥ ਮਾਤਮ-ਪੁਰਸੀ, ਮੁੰਡਨ, ਧਮਾਨ, ਮੇਲ, ਜੰਝ, ਤੀਰਥ, ਮਰਨ-ਮੇਲਾ ਆਦਿ ਕੰਮਾਂ ਉਤੇ ਜਾ ਰਹੇ ਹੁੰਦੇ ਹਨ । ਜਿਹੜਾ ਕੋਈ ਪੂਰੀ ਦਿਮਾਗ਼ੀ ਤਾਕਤ ਦਾ ਮਾਲਕ ਹੈ, ਉਹ ਕਿਸੇ ਨਿਸਫ਼ਲ ਕੰਮ ਕਰਨ ਲਈ ਮਜਬੂਰ ਨਹੀਂ ਹੁੰਦਾ ।

ਨਿਕੰਮੀਆਂ ਰਸਮਾਂ ਦੇ ਵਿਰੁਧ ਮੁੱਦਤ ਤੋਂ ਪਰਚਾਰ ਹੋ ਰਿਹਾ ਹੈ, ਕਿਉਂ ਬਹੁਤਾ ਅਸਰ ਨਹੀਂ ਹੁੰਦਾ ? ਕਿਉਂਕਿ ਬਹੁਤੇ ਦਿਮਾਗ਼ ਕੰਮਜ਼ੋਰ ਹਨ । ਇਹ ਕਦੇ ਵੀ ਪੂਰੇ ਜੋਬਨ ਵਿਚ ਨਹੀਂ ਆਏ ।

ਦਿਮਾਗ਼ੀ ਮਜ਼ਬੂਤੀ ਹੀ ਕਿਸੇ ਕੌਮ ਜਾਂ ਮੁਲਕ ਵਿਚੋਂ ਜਿੰਨ, ਚੁੜੇਲਾਂ, ਵਹਿਮ, ਬੀਮਾਰੀਆਂ ਦੀ ਪੂਜਾ, ਮੰਤਰ, ਟੂਣੇ, ਮਜ਼ਬੀ ਤਅੱਸਬ ਦੂਰ ਕਰ ਸਕਦੀ ਹੈ । ਦਿਮਾਗ਼ ਦੀ ਮਜ਼ਬੂਤੀ ਚਿਹਰੇ ਦੇ ਨਕਸ਼ਾਂ ਨੂੰ ਰੌਸ਼ਨ ਤੇ ਦ੍ਰਿੜ੍ਹ ਕਰਦੀ ਹੈ ।

ਸਰੀਰ ਤੇ ਦਿਮਾਗ਼ ਦੇ ਬਾਅਦ ਆਤਮਕ ਹੁਚੀਆਂ ਨੂੰ ਸੰਭਾਲਣ ਦੀ ਲੋੜ ਹੈ । ਕਈ ਆਦਮੀ ਸਰੀਰਕ ਤੇ ਦਿਮਾਗ਼ੀ ਪੱਖਾਂ ਤੋਂ ਬੜੇ ਮੁਕੰਮਲ ਹੁੰਦਿਆਂ ਹੋਇਆਂ ਵੀ ਜੇਲ੍ਹਾਂ ਭੁਗਤਣ ਤੇ ਨਾਕਾਮਯਾਬ ਰਹਿਣ ਲਈ ਮਜਬੂਰ

ਦਿੱਸਦੇ ਹਨ। ਸਿਰਫ਼ ਇਸ ਲਈ ਕਿ ਆਤਮਕ ਰੁਚੀਆਂ ਬੇ-ਲਗ਼ਾਮ ਰਹਿਣ ਕਰ ਕੇ ਬੇ-ਕਾਬੂ ਹੋ ਗਈਆਂ ਹਨ। ਝੂਠ, ਚੋਰੀ, ਧੋਖਾ, ਬਦਦਿਆਨਤੀ, ਈਰਖਾ, ਪ੍ਰਕ੍ਰਿਤੀ ਵਿਚ ਧਸ ਗਏ ਹਨ।

ਮੇਰਾ ਤਜਰਬਾ ਇਹ ਹੈ, ਕਿ ਉਪਰਲੇ ਔਗੁਣਾ ਲਈ ਮਨੁੱਖ-ਮਨ ਵਿਚ ਸੁਭਾਵਕ ਖਿੱਚ ਹੁੰਦੀ ਹੈ; ਤੇ ਇਹ ਖਿੱਚ ਲਗਾਤਾਰ ਜਤਨ ਨਾਲ ਹੀ ਦੂਰ ਕੀਤੀ ਜਾ ਸਕਦੀ ਹੈ। ਇਸ ਜਤਨ ਵਿਚ ਕਿਸੇ ਨੂੰ ਵੀ ਇੱਕਦੱਮ ਕਾਮਯਾਬੀ ਪ੍ਰਾਪਤ ਨਹੀਂ ਹੁੰਦੀ। ਸਰੀਰਕ ਵਰਜ਼ਿਸ਼ ਦੀ ਤਰ੍ਹਾਂ ਆਤਮਕ ਵਰਜ਼ਿਸ਼ ਵਿਚ ਵੀ ਨਿਪੁੰਨਤਾ ਕਈ ਨਾਕਾਮਯਾਬ ਕੋਸ਼ਿਸ਼ਾਂ ਬਾਅਦ ਹੀ ਮਿਲ ਸਕਦੀ ਹੈ। ਕਈ ਵਰ੍ਹਿਆਂ ਦੀ ਕੋਸ਼ਿਸ਼ ਦੇ ਬਾਅਦ ਵੀ ਝੂਠ ਬੋਲਣ ਦੀ ਤਰਗ਼ੀਬ ਮਨ ਵਿਚ ਲੁਕੀ ਰਹਿੰਦੀ ਹੈ। ਦਿਮਾਗ਼ੀ ਤੌਰ ਉਤੇ ਈਰਖਾ ਦੇ ਵਿਰੁਧ ਕਾਇਲ ਹੋਣ ਬਾਅਦ ਵੀ ਈਰਖਾ ਮਨੋਂ ਨਹੀਂ ਨਿਕਲਦੀ। ਇਸ ਨੂੰ ਕੱਢਣ ਲਈ ਸਾਲਾਂ ਦੀ ਆਤਮਕ ਕੋਸ਼ਿਸ਼ ਦਰਕਾਰ ਹੈ।

ਇਸ ਕੋਸ਼ਿਸ਼ ਦਾ ਇੱਕ ਚੰਗਾ ਜ਼ਰੀਆ ਸਾਲਾਨਾ ਪ੍ਰਣ-ਪੁਸਤਕ ਹੈ, ਜਿਸ ਵਿਚ ਹਰ ਬੀਤੇ ਵਰ੍ਹੇ ਦੀ ਪਰਖ ਪੜਚੋਲ ਕਰ ਕੇ ਨਵੇਂ ਸਾਲ ਲਈ ਪ੍ਰਣ ਅੰਕਿਤ ਕੀਤੇ ਜਾਣ। ਹਰ ਮਹੀਨੇ ਆਪਣੇ ਪ੍ਰੋਗਰਾਮ ਬਾਬਤ ਰਾਇ ਲਿਖੀ ਜਾਏ, ਹਰ ਰੋਜ਼ ਰਾਤ ਨੂੰ ਪੰਜ ਮਿੰਟਾਂ ਵਿਚ ਉਠਣ, ਸੌਣ, ਵਰਜ਼ਿਸ਼, ਅਧਿਐਨ, ਝੂਠ, ਈਮਾਨਦਾਰੀ, ਸਿਹਤ, ਸੁਪਨੇ, ਦੂਜਿਆਂ ਦੀ ਦਿਲ-ਆਜ਼ਾਰੀ, ਈਰਖਾ ਆਦਿ ਬਾਬਤ ਬੜੀ ਸੰਖਿਪਤ ਜਿਹੀ ਰਿਪੋਰਟ ਲਿਖੀ ਜਾਏ ਤੇ ਆਪਣੀ ਤਾੜਨਾ ਲਈ ਆਪਣੇ ਆਪ ਨੂੰ ਹੁਕਮ ਦਿੱਤੇ ਜਾਣ।

ਜਿਹੜਾ ਕੋਈ ਸਿਰਫ ਛੇ ਮਹੀਨੇ ਪ੍ਰਣ-ਪੁਸਤਕ ਰੋਜ਼ਾਨਾ ਬਿਨਾ-ਨਾਗ਼ਾ ਭਰ ਸਕੇ, ਉਸ ਨੂੰ ਆਪਣੇ ਵਿਚ ਪ੍ਰਤੱਖ ਫ਼ਰਕ ਮਹਿਸੂਸ ਹੋਣ ਲੱਗ ਪਏਗਾ, ਉਸ ਦੇ ਅੰਦਰ ਸ੍ਵੈ-ਪੂਰਨਤਾ ਦਾ ਖ਼ੁਮਾਰ ਜਿਹਾ ਜਾਪੇਗਾ ਤੇ ਲੰਘਦੇ ਜਾਂਦੇ ਕਈ ਵਾਰੀ ਦੁਬਾਰਾ ਉਸ ਵੱਲ ਤੱਕਿਆ ਕਰਨਗੇ।

ਸ੍ਵੈ-ਸੰਕੇਤ ਦੇ ਕੁਝ ਸ਼ਬਦ ਯਾਦ ਕਰਕੇ ਰੋਜ਼ਾਨਾ ਸੌਣ ਤੇ ਉਠਣ ਲੱਗਿਆਂ ਮਨ ਹੀ ਮਨ ਵਿਚ ਦੁਹਰਾਏ ਜਾਣ, ਤੇ ਜੇ ਕੋਲ ਕੋਈ ਨਾ ਹੋਵੇ ਤਾਂ ਬੁੱਲ੍ਹਾਂ ਵਿਚ ਉੱਚੇ ਆਖੇ ਜਾਣ। ਇਹ ਆਦਤ ਕਾਇਆਂ ਪਲਟ ਸਕਦੀ ਹੈ।

# ਵਡੇਰਾ ਪਿੰਡ

ਸਾਡੀ ਬਹੁਤੀ ਆਬਾਦੀ ਪਿੰਡਾਂ ਵਿਚ ਹੈ। ਇਸ ਲਈ ਮੈਂ ਸ਼ਹਿਰ ਦਾ ਜ਼ਿਕਰ ਨਹੀਂ ਕੀਤਾ।

ਆਪਣੇ ਪਿੰਡਾਂ ਦਾ ਮਾਣ ਹੋਵੇ। ਉਸ ਦੀ ਗ਼ੈਰਤ ਨੂੰ ਕੋਈ ਉੱਚਾ ਦਰਜਾ ਨਹੀਂ ਦਿਤਾ ਜਾ ਸਕਦਾ ਜਿਹੜਾ ਆਪਣੇ ਪਿੰਡਾਂ ਦੀ ਨਿੰਦਾ ਕਰ ਜਾਂ ਸੁਣ ਸਕੇ। ਨਿੰਦਾ ਨਾ ਸੁਣ ਸਕਣ ਤੋਂ ਭਾਵ ਇਹ ਨਹੀਂ ਕਿ ਜਿਹੜਾ ਕੋਈ ਨਿੰਦਾ ਕਰੇ ਉਸ ਨਾਲ ਲੜਾਈ ਮੁੱਲ ਲਈ ਜਾਏ। ਸਗੋਂ ਇਹ ਹੈ ਕਿ ਆਪਣੇ ਪਿੰਡਾਂ ਦੀ ਨਿੰਦਾ ਨੂੰ ਆਪਣੀ ਨਿੰਦਾ ਸਮਝਿਆ ਜਾਏ, ਤੇ ਇਸ ਨੂੰ ਨਿੰਦਣਯੋਗ ਨਾ ਬਣਨ ਦਿੱਤਾ ਜਾਏ।

ਕਈਆਂ ਪਿੰਡਾਂ ਦੀ ਬਦਨਾਮੀ ਇਹੋ ਜਿਹੀ ਹੋ ਜਾਂਦੀ ਹੈ, ਕਿ ਉਥੋਂ ਦੇ ਵਸਨੀਕਾਂ ਨਾਲ ਲੋਕ ਲੈਣ ਦੇਣ ਨਹੀਂ ਕਰਦੇ, ਜਾਂ ਉਹਨਾਂ ਨਾਲ ਕੋਈ ਵਾਹ ਨਹੀਂ ਪਾਂਦੇ। ਕਈ ਇਲਾਕੇ ਬਦਨਾਮ ਹੋ ਜਾਂਦੇ ਹਨ। ਇਹਨਾਂ ਵਿਚ ਅਨੇਕਾਂ ਚੰਗੇ ਆਦਮੀ ਵੀ ਹੁੰਦੇ ਹਨ, ਪਰ ਉਹਨਾ ਸਭਨਾਂ ਨੂੰ ਇਸ ਕਰਕੇ ਨੁਕਸਾਨ ਪਹੁੰਚਦਾ ਹੈ, ਕਿ ਕਈ ਬੇ-ਗ਼ੈਰਤ ਤੇ ਖ਼ੁਦ-ਗਰਜ਼ ਬੰਦਿਆਂ ਨੇ ਆਪਣੇ ਪਿੰਡ ਦੀ ਸ਼ੁਹਰਤ ਨੂੰ ਮੁਖ ਨਹੀਂ ਰਖਿਆ।

ਹਰ ਕੋਈ ਆਪਣੇ ਘਰ ਦਾ ਦੁਆਲਾ ਇਸ ਲਈ ਵੀ ਸਾਫ਼ ਰਖੇ ਕਿ ਉਸ ਦੇ ਪਿੰਡ ਨੂੰ ਕੋਈ ਗੰਦਾ ਨਾ ਆਖੇ। ਆਪਣਾ ਵਿਹਾਰ ਦੂਜੇ ਪਿੰਡਾਂ ਵਾਲਿਆਂ ਨਾਲ ਇਸ ਲਈ ਵੀ ਚੰਗਾ ਰਖੇ, ਕਿ ਉਸਦੇ ਪਿੰਡ ਦੀ ਸ਼ੁਹਰਤ ਉਤੇ ਧੱਬਾ ਨਾ ਆ ਜਾਏ। ਬਹਾਦਰੀ ਵਿਖਾਏ, ਕਿ ਕੋਈ ਉਸ ਦੇ ਪਿੰਡ ਨੂੰ ਡਰਪੋਕਾਂ ਦਾ ਪਿੰਡ ਨਾ ਆਖੇ। ਸਾਂਝੀਆਂ ਇਮਾਰਤਾਂ ਵਿਚ ਆਪਣਾ ਗੰਦ ਨਾ ਖਿਲਾਰੇ। ਆਪਣੇ ਪਿੰਡਾਂ ਦੇ ਡਾਕਖ਼ਾਨੇ, ਸਕੂਲ, ਹਸਪਤਾਲ, ਪੰਚਾਇਤ-ਘਰ, ਹੁਜਰੇ ਨੂੰ ਖੁੱਲ੍ਹ-ਦਿਲੀ ਨਾਲ ਚੰਦਾ ਦੇਵੇ, ਤੇ ਸਾਫ਼ ਰਖਣ ਵਿਚ ਸਹਾਇਤਾ ਕਰੇ।

ਆਪਣੇ ਗਰਾਈਆਂ ਨੂੰ ਚੰਗਿਆ ਬਣਨ ਵਿਚ ਮਦਦ ਦੇਵੇ, ਉਹਨਾਂ ਦੀ ਤੰਦਰੁਸਤੀ ਤੇ ਅਮੀਰੀ ਵਧਾਏ, ਆਪਣੀ ਅਕਲ ਦਾ ਲਾਭ ਉਨ੍ਹਾਂ ਨੂੰ ਦੇਵੇ। ਸਾਰੇ ਪਿੰਡ ਦੀ ਖ਼ੁਸ਼ਹਾਲੀ ਵਿਚ ਹੀ ਆਪਣੀ ਖ਼ੁਸ਼ਹਾਲੀ ਜਾਣੇ।

ਸਾਰੇ ਪਿੰਡ ਨੂੰ ਸਾਫ਼ ਰਖਣਾ ਏਡਾ ਔਖਾ ਨਹੀਂ ਜੇਡਾ ਪਹਿਲੋਂ ਕਿਸੇ ਨੂੰ ਜਾਪੇਗਾ ਸਿਰਫ਼ ਆਪਣੇ ਘਰ ਤੇ ਆਪਣੀ ਗਲੀ ਦਾ ਓਨਾ ਭਾਗ ਜਿੰਨਾ ਆਪਣੇ ਘਰ ਅਗੋਂ ਲੰਘਦਾ ਹੈ ਸਾਫ਼ ਕੀਤਿਆਂ ਸਾਰਾ ਪਿੰਡ ਸਾਫ਼ ਹੋ ਜਾਂਦਾ

ਹੈ। ਅਮਰੀਕਾ ਦੇ ਕਈ ਕਸਬਿਆਂ ਤੇ ਪਿੰਡਾਂ ਵਿਚ ਕਮੇਟੀ ਦਾ ਇਹ ਕਾਨੂੰਨ ਹੈ ਕਿ ਜਦੋਂ ਬਰਫ਼ ਪੈ ਹਟੇ ਤਾਂ ਆਪਣੇ ਘਰ ਦੇ ਸਾਹਮਣੇ ਗਲੀ ਦਾ ਭਾਗ ਹਰ ਕੋਈ ਹੂੰਜ ਬਣਾ ਕੇ ਰਖੇ । ਇਹ ਕਾਨੂੰਨ ਇਸ ਲਈ ਹੈ ਕਿ ਬਰਫ਼ ਕਦੇ ਕਦੇ ਪੈਂਦੀ ਹੈ, ਇਸ ਦੀ ਸਫ਼ਾਈ ਲਈ ਸਾਰੇ ਸਾਲ ਲਈ ਕਰਮਚਾਰੀ ਰਖੇ ਜਾਂਦੇ ਹਨ। ਤੇ ਜੇ ਗਲੀ ਅਗੋਂ ਬਰਫ਼ ਹੂੰਜੀ ਨਾ ਜਾਏ, ਤਾਂ ਉਹ ਜੰਮ ਕੇ ਏਨੀ ਤਿਲਕਣੀ ਹੋ ਜਾਂਦੀ ਹੈ ਕਿ ਰਾਹੀ ਡਿੱਗ ਪੈਂਦੇ ਹਨ। ਜਿਸ ਘਰ ਅੱਗੇ ਡਿਗੇ, ਉਸ ਉਤੇ ਹਰਜਾਨੇ ਦਾ ਦਾਅਵਾ ਹੋ ਸਕਦਾ ਹੈ।

ਹਫ਼ਤੇ ਵਿਚ ਜਾਂ ਦੋ ਹਫ਼ਤਿਆਂ ਵਿਚ ਇੱਕ ਦਿਨ ਨੀਯਤ ਕੀਤਾ ਜਾਏ ਜਦੋਂ ਆਪਣੇ ਘਰ ਦਾ ਆਲਾ-ਦੁਆਲਾ ਸਾਫ਼ ਕੀਤਾ ਜਾਏ। ਪੰਚਾਇਤ ਜਾਂ ਹੋਰ ਜ਼ਿੰਮੇਵਾਰ ਨੁਮਾਇੰਦੇ ਇਸ ਦਿਨ ਸਭ ਦੀ ਸਫ਼ਾਈ ਵੇਖਣ।

ਏਸੇ ਤਰ੍ਹਾਂ ਇਕੱਲੇ ਇਕੱਲੇ ਜਤਨ ਨਾਲ ਸਾਰਾ ਪਿੰਡ ਸਤਿਕਾਰ ਦਾ ਪਾਤਰ ਬਣ ਸਕਦਾ ਹੈ। ਇਸ ਸਤਿਕਾਰ ਦੀ ਵਪਾਰਕ ਕੀਮਤ ਵੀ ਬਹੁਤ ਹੁੰਦੀ ਹੈ। ਸਫ਼ਾਈ ਜ਼ਿੰਦਗੀ ਵਿਚ ਯੋਗ ਦਿਲਚਸਪੀ ਦੀ ਸੂਚਕ ਹੈ, ਇਸ ਲਈ ਦੂਜੇ ਦੇ ਦਿਲ ਵਿਚ ਵਿਸ਼ਵਾਸ ਪੈਦਾ ਕਰਦੀ ਹੈ, ਵਿਸ਼ਵਾਸ ਵਿਹਾਰ ਕਾਰ ਦੀ ਨੀਂਹ ਹੈ।

ਵਡੇਰਾ ਪਿੰਡ ਜਿਸ ਕਿਸੇ ਦਾ ਆਦਰਸ਼ ਨਹੀਂ, ਉਹ ਉਸ ਪਿੰਡ ਦੀ ਵਸੋਂ ਹੋਣ ਦੇ ਲਾਇਕ ਨਹੀਂ। ਇਹ ਆਦਰਸ਼ ਅਨੇਕਾਂ ਨਿੱਜੀ ਖ਼ੂਬਸੂਰਤੀਆਂ ਵੀ ਪੈਦਾ ਕਰਦਾ ਹੈ।

## ਵਡੇਰਾ ਹਿੰਦੁਸਤਾਨ

ਜਿਸ ਤਰ੍ਹਾਂ ਪਿੰਡ ਦੀ ਸ਼ੁਹਰਤ ਦਾ ਅਸਰ ਵਿਅੱਕਤੀਗਤ ਉਤੇ ਪੈਂਦਾ ਹੈ, ਉਸੇ ਤਰ੍ਹਾਂ ਮੁਲਕ ਦੀ ਸ਼ੁਹਰਤ ਦਾ ਅਸਰ ਸਾਰੇ ਨਿੱਜੀ ਤੇ ਪੇਂਡੂ ਜੀਵਨ ਉਤੇ ਪੈਂਦਾ ਹੈ। ਜਿਹੜੇ ਲੋਕ ਬਾਹਰ ਮੁਲਕਾਂ ਵਿਚ ਫਿਰ ਆਏ ਹਨ, ਉਹਨਾਂ ਨੂੰ ਇਸ ਸਚਿਆਈ ਦਾ ਚੰਗਾ ਗਿਆਨ ਹੋਵੇਗਾ। ਜਦੋਂ ਪਰਦੇਸ ਵਿਚ ਮਕਾਨ ਕਰਾਏ ਲੈਣਾ ਹੋਵੇ, ਹੋਟਲ ਵਿਚ ਠਹਿਰਣਾ ਹੋਵੇ, ਜਾਂ ਨੌਕਰੀ ਮੰਗਣੀ ਹੋਵੇ, ਤਾਂ ਆਦਮੀ ਦਾ ਅਨੁਮਾਨ ਉਸ ਦੇ ਨਿੱਜੀ ਪ੍ਰਭਾਵ ਤੋਂ ਨਹੀਂ ਲਾਇਆ ਜਾਂਦਾ, ਬਲਕਿ ਉਸ ਦੇ ਮੁਲਕ ਦੀ ਆਮ ਸ਼ੁਹਰਤ ਤੋਂ। ਕਈ ਥਾਈਂ ਮੈਨੂੰ ਇਸ ਲਈ ਰਹਿਣ ਵਾਸਤੇ ਥਾਂ ਨਹੀਂ ਮਿਲੀ, ਕਿ ਉਥੇ ਹਿੰਦੁਸਤਾਨੀਆਂ

ਦੀ ਸ਼ੁਹਰਤ ਚੰਗੀ ਨਹੀਂ ਸੀ। ਜਿਸ "ਕਰਾਏ ਲਈ ਖ਼ਾਲੀ" ਸੂਚਨਾ ਨੂੰ ਪੜ੍ਹ ਕੇ ਮੈਂ ਦਰਵਾਜ਼ਾ ਖੜਕਾਂਦਾ ਸਾਂ, ਉਸ ਘਰ ਦੀ ਸੁਆਣੀ ਮੈਨੂੰ ਵੇਖ ਕੇ ਝਟ ਕਹਿ ਦੇਂਦੀ ਸੀ ਕਿ "ਅਫ਼ਸੋਸ, ਹੁਣੇ ਹੀ ਮੇਰਾ ਮਕਾਨ ਲੱਗ ਗਿਆ ਹੈ", ਪਰ ਕਿਸੇ ਹੋਰ ਦੇਸ ਦੇ ਆਦਮੀ ਲਈ ਉਹ ਖ਼ਾਲੀ ਹੁੰਦਾ ਸੀ।

ਪਰਦੇਸਾਂ ਵਿਚ ਮੈਂ ਇਹ ਵੇਖਿਆ ਕਿ ਹਰ ਦੇਸ ਦਾ ਇੱਕ ਖ਼ਾਸ ਮਿਆਰ ਕਾਇਮ ਹੋ ਗਿਆ ਹੁੰਦਾ ਹੈ। ਆਪ ਭਾਵੇਂ ਕੇਡੇ ਹੀ ਉਚੇ ਹੋਵੋ, ਤੁਹਾਨੂੰ ਇਸ ਮਿਆਰ ਤੋਂ ਚੰਗੇਰਾ ਸਲੂਕ ਲੈਣਾ ਮੁਸ਼ਕਲ ਹੋ ਜਾਂਦਾ ਹੈ। ਇਹੀ ਕਾਰਣ ਹੈ ਕਿ ਟੈਗੋਰ ਵਰਗੀਆਂ ਹਸਤੀਆਂ ਦਾ ਵੀ ਅਨਜਾਣੇ ਕਈ ਥਾਈਂ ਨਿਰਾਦਰ ਹੋ ਜਾਂਦਾ ਰਿਹਾ ਹੈ। ਇੱਕ ਵਾਰੀ ਉਹਨਾਂ ਏਡਾ ਮਹਿਸੂਸ ਕੀਤਾ ਸੀ. ਕਿ ਬਜਾਏ ਆਪਣਾ ਆਪ ਦੱਸ ਕੇ ਆਦਰ ਲੈਣ ਦੇ ਉਹ ਉਸ ਮੁਲਕ ਵਿਚ ਦਾਖ਼ਲ ਹੀ ਨਹੀਂ ਸਨ ਹੋਏ, ਤੇ ਦਰਵਾਜ਼ਿਆਂ ਤਕ ਪਹੁੰਚੇ ਮੁੜ ਆਏ ਸਨ।

ਇੱਕ ਵਾਰੀ ਕਿਸੇ ਮੁਲਕ ਵਿਚ ਨਿਯੁਕਤ ਅੰਗਰੇਜ਼ੀ ਸਫ਼ੀਰ ਦੇ ਦਿੱਤੇ ਕਿਸੇ ਬਿਆਨ ਉਤੇ ਬੜਾ ਝਗੜਾ ਛਿੜ ਗਿਆ। ਸਫ਼ੀਰ ਨੂੰ ਸਫ਼ਾਈ ਲਈ ਆਗਿਆ ਕੀਤੀ ਗਈ। ਉਸ ਨੇ ਆਪਣੇ ਬਿਆਨ ਦੀ ਪੁਸ਼ਟੀ ਲਈ ਇਹੀ ਵੱਡੀ ਪੱਤ੍ਰਤਾ ਪੇਸ਼ ਕੀਤੀ, ਕਿ ਕਦੇ ਕੋਈ ਅੰਗਰੇਜ਼ ਝੂਠ ਨਹੀਂ ਬੋਲਦਾ। ਉਸ ਨੂੰ ਯਾਦ ਕਰਾਇਆ ਗਿਆ ਕਿ ਉਸ ਦੇ ਦੇਸ ਵਿਚ ਕਈਆਂ ਦੇ ਝੂਠ ਕਚਹਿਰੀਆਂ ਵਿਚ ਸਾਬਤ ਹੁੰਦੇ ਤੇ ਉਹਨਾਂ ਲਈ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਹੋਰ ਵੀ ਵਿਹਾਰ-ਕਾਰ ਵਿਚ ਉਸ ਦਾ ਦੇਸ ਬਿਲਕੁਲ ਸੁੱਚਾ ਨਹੀਂ ਆਖਿਆ ਜਾ ਸਕਦਾ। ਉਸ ਸਫ਼ੀਰ ਨੇ ਇਹ ਸਭ ਕੁਝ ਮੰਨਿਆ: "ਹਾਂ, ਠੀਕ ਮੇਰੇ ਦੇਸ ਵਿਚ ਲੋਕ ਝੂਠ ਵੀ ਬੋਲਦੇ ਹਨ, ਪਰ ਮੇਰਾ ਦਾਅਵਾ ਇਹ ਹੈ, ਕਿ ਕੋਈ ਅੰਗਰੇਜ਼ ਪਰਦੇਸ ਅੰਦਰ ਪ੍ਰਤਿਨਿਧ ਦੀ ਹੈਸੀਅਤ ਵਿਚ ਝੂਠ ਨਹੀਂ ਬੋਲੇਗਾ, ਕਿਉਂਕਿ ਉਹ ਕਿਸੇ ਹਾਲਤ ਵਿਚ ਵੀ ਆਪਣੇ ਮੁਲਕ ਨੂੰ ਪਰਦੇਸੀਆਂ ਦੀ ਅੱਖ ਵਿਚ ਨੀਵਾਂ ਹੋਇਆ ਨਹੀਂ ਸਹਾਰ ਸਕਦਾ--ਇਹ ਬਰਤਾਨਵੀ ਖ਼ਾਸਾ ਹੈ......।"

ਇਹ ਯਾਦ ਰਹੇ ਕਿ ਪਰਦੇਸ ਵਿਚ ਜਿੰਨੇ ਕੰਮ ਤੁਸੀਂ ਕਰਦੇ ਹੋ, ਉਹ ਨਿੱਜੀ ਹੈਸੀਅਤ ਵਿਚ ਨਹੀਂ, ਮੁਲਕੀ ਹੈਸੀਅਤ ਵਿਚ ਕੀਤੇ ਗਿਣੇ ਜਾਂਦੇ ਹਨ।

ਅਮਰੀਕਾ ਵਿਚ ਮੈਂ ਇੱਕ ਬੁੱਢੀ ਅਮੀਰ ਇਸਤ੍ਰੀ ਦੇ ਘਰ ਇੱਕ ਘੰਟਾ ਰੋਜ਼ਾਨਾ ਕੰਮ ਕਰਨ ਦੇ ਬਦਲੇ ਮੁਫ਼ਤ ਰਿਹਾਇਸ਼ ਰਖਦਾ ਸਾਂ। ਮੇਰਾ ਇਕਰਾਰ ਛੇ ਮਹੀਨੇ ਇਸ ਤਰ੍ਹਾਂ ਕੰਮ ਕਰਨ ਦਾ ਸੀ। ਪਰ ਦੂਜੇ ਮਹੀਨੇ ਹੀ ਮੈਂ ਉਸ ਇਸਤ੍ਰੀ ਦੇ ਸਖ਼ਤ ਸੁਭਾ ਤੋਂ ਏਨਾ ਜ਼ਿੱਚ ਹੋਇਆ ਕਿ ਮੈਂ ਉਹ ਕੰਮ ਛੱਡਣਾ ਚਾਹਿਆ। ਮੇਰਾ ਖ਼ਿਆਲ ਸੀ ਉਹ ਮੈਨੂੰ ਝਟ ਛੁੱਟੀ ਦੇ ਦੇਵੇਗੀ, ਕਿਉਂਕਿ ਉਹ ਮੇਰੇ ਹਰ ਕੰਮ ਉਤੇ ਨਾਰਾਜ਼ਗੀ ਪ੍ਰਗਟ ਕਰਿਆ ਕਰਦੀ ਸੀ। ਪਰ ਉਸ ਨੇ ਇਹ ਉੱਤਰ ਦਿੱਤਾ : "ਚੰਗਾ, ਤੂੰ ਜੇ ਸਮੇਂ ਤੋਂ ਪਹਿਲਾਂ ਜਾਣਾ ਚਾਹੁੰਦਾ ਹੈਂ ਤਾਂ ਚਲਾ ਜਾ, ਪਰ ਇਹ ਮੈਂ ਤੈਨੂੰ ਦੱਸ ਦਿਆਂ, ਕਿ ਮੈਂ ਫੇਰ ਕਿਸੇ ਹਿੰਦੁਸਤਾਨੀ ਨੂੰ ਆਪਣੇ ਘਰ ਥਾਂ ਨਹੀਂ ਦੇਣੀ।" ਇਸ ਡਰਾਵੇ ਦਾ ਮੇਰੇ ਉਤੇ ਬੜਾ ਅਸਰ ਹੋਇਆ। ਮੈਂ ਕੰਮ ਦਾ ਲੋੜਵੰਦ ਸਾਂ, ਕਿਉਂਕਿ ਇਸ ਤਰ੍ਹਾਂ ਮਿਹਨਤ ਕਰ ਕੇ ਹੀ ਪੜ੍ਹਾਈ ਲਈ ਖ਼ਰਚ ਪੂਰਾ ਕਰਦਾ ਸਾਂ, ਹੋਰ ਵੀ ਕਈ ਹਿੰਦੁਸਤਾਨੀਆਂ ਨੂੰ ਮੇਰੇ ਵਾਂਗ ਲੋੜ ਪੈਂਦੀ ਰਹੇਗੀ। ਉਹ ਸ਼ਾਇਦ ਮੇਰੇ ਨਾਲੋਂ ਚੰਗੇ ਕੰਮ ਨਾਲ ਇਹਨਾਂ ਲੋਕਾਂ ਨੂੰ ਖ਼ੁਸ਼ ਕਰ ਸਕਣ — ਤਾਂ ਵੀ ਉਹਨਾਂ ਨੂੰ ਕੰਮ ਮਿਲਣਾ ਮੁਸ਼ਕਲ ਹੋ ਜਾਏਗਾ। ਇਹ ਇਸਤ੍ਰੀ ਮੇਰੇ ਵਿਸ਼ਵ-ਵਿਦਿਆਲੇ ਨੂੰ ਵੀ ਹਿੰਦੁਸਤਾਨੀਆਂ ਬਾਰੇ ਆਪਣੀ ਰਾਇ ਲਿਖ ਦੇਵੇਗੀ–ਕਿਉਂਕਿ ਉਹ ਜਗ੍ਹਾ ਮੈਨੂੰ ਮੇਰੇ ਵਿਸ਼ਵ-ਵਿਦਿਆਲੇ ਦੀ ਰਾਹੀਂ ਮਿਲੀ ਸੀ...... । ਮੇਰੇ ਲਈ ਉਥੇ ਰਹਿਣਾ ਨਰਕ ਬਰਾਬਰ ਜਾਪਣ ਲੱਗ ਪਿਆ ਸੀ, ਪਰ ਤਾਂ ਵੀ ਮੈਂ ਉਥੋਂ ਚਲੇ ਜਾਣਾ ਮਨਜ਼ੂਰ ਨਾ ਕੀਤਾ, ਤੇ ਛੇ ਮਹੀਨੇ ਬੜੀ ਔਖਿਆਈ ਵਿਚ ਤੇ ਆਪਣੀ ਤਰਫ਼ੋਂ ਉਸ ਇਸਤ੍ਰੀ ਨੂੰ ਖ਼ੁਸ਼ ਕਰਨ ਦੀ ਪੂਰੀ ਕੋਸ਼ਿਸ਼ ਵਿਚ ਨਿਭਾਏ।

ਜਿਹੜੇ ਮੁਲਕਾਂ ਦਾ ਸਤਿਕਾਰ ਦੁਨੀਆ ਵਿਚ ਹੈ, ਉਨ੍ਹਾਂ ਦੇ ਬੰਦੇ ਪਰਦੇਸ ਵਿਚ ਇਸ ਸਤਿਕਾਰ ਦਾ ਲਾਭ ਤਾਂ ਹੀ ਉਠਾ ਸਕਦੇ ਹਨ, ਜੇ ਉਹ ਆਪਣੀ ਕਿਸੇ ਹਰਕਤ ਨਾਲ ਇਸ ਸਤਿਕਾਰ ਨੂੰ ਚੋਟ ਨਾ ਲੱਗਣ ਦੇਣ।

ਵਡੇਰਾ ਹਿੰਦੁਸਤਾਨ ! ਜੇ ਇਹ ਵੱਡਾ ਨਹੀਂ, ਤਾਂ ਸਾਡਾ ਪਿੰਡ ਵੀ ਵੱਡਾ ਨਹੀਂ ਰਹਿ ਸਕੇਗਾ, ਨਾ ਸਾਡੀ ਜ਼ਾਤ ਵਿਚ ਕੋਈ ਉੱਚੀ ਵਡਿਆਈ ਆ ਸਕੇਗੀ। ਮੁਲਕ ਦੇ ਵੱਡੇ ਹੋਣ ਨਾਲ ਹੀ ਨਿੱਜੀ ਵਡਿੱਤਣ ਦੇ ਅਵਸਰ ਮਿਲ ਸਕਦੇ ਹਨ। ਵੱਡੇ ਮੁਲਕਾਂ ਵਿਚ ਹੀ ਵੱਡੇ ਇੰਜੀਨੀਅਰ, ਵੱਡੇ

ਸਾਇੰਸਦਾਨ, ਵੱਡੇ ਸਿਆਸਤਦਾਨ ਤੇ ਵੱਡੇ ਲਿਖਾਰੀ ਪੈਦਾ ਹੋ ਸਕਦੇ ਹਨ। ਜਿਸ ਮੁਲਕ ਦਾ ਭਾਈਚਾਰਕ ਜੀਵਨ ਖ਼ਾਲੀ ਤੇ ਗ਼ਰੀਬ ਜਿਹਾ ਹੈ, ਉਸ ਵਿਚ ਕੋਈ ਅਮੀਰ ਤੇ ਡੂੰਘਾ ਸਾਹਿਤ ਪੈਦਾ ਨਹੀਂ ਹੋ ਸਕਦਾ। ਵੱਡੀਆਂ ਈਜਾਦਾਂ ਵੱਡੇ ਜੀਵਨ ਵਿਚੋਂ ਨਿਕਲਦੀਆਂ ਹਨ। ਵੱਡੀ ਜ਼ਿੰਦਗੀ ਵੱਡੇ ਖ਼ਿਆਲ ਉਪਜਾਂਦੀ ਹੈ, ਵੱਡੇ ਜਿਗਰਿਆਂ ਤੇ ਵੱਡੀਆਂ ਬਹਾਦਰੀਆਂ ਨੂੰ ਜਨਮ ਦੇਂਦੀ ਹੈ।

ਜੇ ਤੁਸੀਂ ਅਨਪੜ੍ਹ ਜਾਂ ਘਟ ਪੜ੍ਹੇ ਹੋ, ਤਾਂ ਉਪਰਲੇ ਆਦਰਸ਼ ਨਾਲ ਪ੍ਰੇਰਤ ਹੋਕੇ ਅੱਜ ਤੋਂ ਹੀ ਆਪਣੀ ਘਾਟ ਪੂਰੀ ਕਰਨ ਦੇ ਜਤਨ ਵਿਚ ਰੁਝ ਜਾਵੋ। ਤੇ ਜੇ ਚੰਗੇ ਪੜ੍ਹੇ ਤੇ ਸਿਆਣੇ ਤਜਰਬੇਕਾਰ ਹੋ, ਤਾਂ ਨਿਸਚੇ ਕਰ ਲਵੋ ਕਿ ਜਦ ਤਕ ਤੁਸੀਂ ਆਪਣੇ ਮੁਲਕ ਨੂੰ ਕਾਫ਼ੀ ਉੱਚਾ ਨਹੀਂ ਕਰ ਲੈਂਦੇ, ਤੁਹਾਡੀ ਲਿਆਕਤ ਦਾ ਮੁੱਲ ਨਹੀਂ ਪੈ ਸਕੇਗਾ। ਅਨੇਕਾਂ ਲਿਖਾਰੀ ਇਸ ਦੇਸ ਵਿਚ ਵੀ ਹਨ ਜਿਹੜੇ ਕਿਪਲਿੰਗ, ਮੈਟਰਲਿੰਕ, ਅਨਾਤੋਲ ਫ਼ਰਾਂਸ, ਵੈਲਜ਼, ਸਿੰਕਲੇਅਰ ਜਿੰਨੀ ਕਾਮਯਾਬੀ ਹਾਸਲ ਕਰ ਸਕਦੇ ਹਨ। ਸਿਰਫ਼ ਘਾਟ ਇਹ ਹੈ, ਕਿ ਜਿਹੜੀ ਬੋਲੀ ਵਿਚ ਉਹਨਾਂ ਨੂੰ ਮੁਹਾਰਤ ਹੈ, ਉਸ ਬੋਲੀ ਦੇ ਬੋਲਣ ਵਾਲਿਆਂ ਦੀ ਮਾਨਸਿਕ ਅਵਸਥਾ ਬਹੁਤ ਉੱਚੀ ਨਹੀਂ ਹੈ, ਇਸ ਲਈ ਉਹਨਾਂ ਨੂੰ ਕਈ ਵਾਰੀ ਕਦਰ ਨਹੀਂ ਮਿਲ ਸਕਦੀ।

ਵੱਡੀ ਕਦਰ ਦੇ ਚਾਹਵਾਨਾਂ ਦਾ ਪਹਿਲਾ ਫ਼ਰਜ਼ ਇਹ ਹੈ, ਕਿ ਉਹ ਕਦਰਦਾਨ ਪੈਦਾ ਕਰਨ ਤੇ ਕਦਰਦਾਨ ਪੈਦਾ ਕਰਨ ਦਾ ਵਸੀਲਾ ਇੱਕੋ ਹੈ : ਆਪਣੇ ਦੇਸ ਨੂੰ ਵੱਡਿਆਂ ਕਰਨਾ। ਇਹ ਠੀਕ ਹੈ, ਕਿ ਅੱਜ ਕੋਸ਼ਿਸ਼ ਕਰਨ ਵਾਲੇ ਨੂੰ ਆਪਣੇ ਜੀਵਨ ਵਿਚ ਆਪਣਾ ਮਨੋਰਥ ਨਾ ਮਿਲ ਸਕੇ, ਪਰ ਉਸ ਦੀ ਸੰਤਾਨ ਜਾਂ ਉਸ ਦੇ ਬਾਅਦ ਆਉਣ ਵਾਲੀਆਂ ਉਸ ਵਰਗੀਆਂ ਆਤਮਾਵਾਂ ਨੂੰ ਉਸ ਦੀਆਂ ਕੋਸ਼ਿਸ਼ਾਂ ਦਾ ਫਲ ਮਿਲੇਗਾ।

ਅੱਜ ਦਾ ਹਿੰਦੁਸਤਾਨ ਗ਼ਰੀਬ ਹੈ, ਅਨਪੜ੍ਹ ਹੈ, ਗ਼ੁਲਾਮ ਹੈ, ਰੋਗੀ ਹੈ, ਨਾਖ਼ੁਸ਼ ਹੈ। ਵਡੇਰੇ ਹਿੰਦੁਸਤਾਨ ਦਾ ਆਦਰਸ਼ ਰੱਖਣ ਵਾਲੇ ਆਪਣੀ ਅਕਲ, ਆਪਣੀ ਤਾਕਤ, ਆਪਣੇ ਵਸੀਲੇ; ਆਪਣੇ ਤਜਰਬੇ ਇੱਕ ਮਹਾਨ ਜਹਾਦ ਲਈ ਇਕੱਠੇ ਕਰਨ। ਮੁਲਕੀ ਜੀਵਨ ਨੂੰ ਇੱਕ ਸਿਆਣੀ ਤਰਤੀਬ ਦੇ ਕੇ ਆਪਣੀਆਂ ਵਿਕਾਸ ਲੋੜੀਂਦੀਆਂ ਆਤਮਾਵਾਂ ਲਈ ਇੱਕ ਵਿਸ਼ਾਲ ਦਾਇਰਾ ਪੈਦਾ ਕਰਨ। ਅੱਜ ਹਿੰਦੁਸਤਾਨੀ ਲਿਆਕਤ ਲਈ ਦਾਇਰਾ ਬੜਾ ਤੰਗ

ਹੈ। ਇਹੀ ਕਾਰਨ ਹੈ ਕਿ ਸਾਡੇ ਮੁਲਕ ਵਿਚ ਪਹਿਲੀ ਸ਼੍ਰੇਣੀ ਦੇ ਮਰਦ ਇਸਤ੍ਰੀਆਂ ਬੜੀ ਘੱਟ ਗਿਣਤੀ ਵਿਚ ਪੈਦਾ ਹੋ ਰਹੇ ਹਨ। ਇੱਕ ਗਾਂਧੀ, ਇੱਕ ਟੈਗੋਰ, ਇੱਕ ਅਬਦੁਲ ਗਫ਼ਾਰ ਖਾਂ ਇੱਕ ਨਹਿਰੂ ਮੁਲਕ ਦੀ ਔਸਤ ਸੱਭਿਅਤਾ ਦੀ ਸਤਹ ਬਹੁਤ ਉੱਚੀ ਨਹੀਂ ਕਰ ਸਕਦੇ।

ਲੋੜ ਹੈ ਕਿ ਪਿੰਡਾਂ ਵਿਚ ਵਸਦੇ ਹਿੰਦੁਸਤਾਨ ਦੇ ਜੀਵਨ ਵਿਚ ਵਿਦਿਅਕ, ਭਾਈਚਾਰਕ ਤੇ ਆਰਥਕ ਇਨਕਲਾਬ ਲਿਆਂਦਾ ਜਾਵੇ।

## ਵਡੇਰੀ ਮਨੁਖਤਾ

ਜੇ ਆਪਣਾ ਮੁਲਕ ਵੱਡਾ ਬਣ ਜਾਏ, ਪਰ ਮਨੁੱਖਤਾ ਦੀ ਆਤਮਕ ਸਤਹ ਬਹੁਤ ਉੱਚੀ ਨਾ ਕੀਤੀ ਜਾਏ, ਤਾਂ ਵੀ ਕਿਸੇ ਪੱਕੇ ਅਮਨ ਦੀ ਆਸ ਨਹੀਂ ਰੱਖੀ ਜਾ ਸਕਦੀ। ਯੂਰਪੀਅਨ ਮੁਲਕਾਂ ਨੇ ਜ਼ਾਤੀ ਤੌਰ ਉਤੇ ਬੜੀ ਤਰੱਕੀ ਪ੍ਰਾਪਤ ਕਰ ਲਈ ਸੀ, ਪਰ ਪਿਛਲੀ ਚੌਥਾਈ ਸਦੀ ਵਿਚ ਉਹਨਾਂ ਦੋ ਵਾਰੀ ਦੁਨੀਆ ਨੂੰ ਨਰਕ ਦਾ ਰੂਪ ਬਣਾ ਦਿੱਤਾ ਹੈ।

ਇਸ ਲਈ ਹਰੇਕ ਉੱਨਤੀ-ਇੱਛਕ ਆਤਮਾ ਨੂੰ ਆਪਣਾ ਇਹ ਧਰਮ ਮਹਿਸੂਸ ਹੋਣਾ ਚਾਹੀਦਾ ਹੈ ਕਿ ਸਮੁੱਚੀ ਦੁਨੀਆ ਦੇ ਅਖ਼ਲਾਕ ਨੂੰ ਉੱਚਾ ਕਰਨ ਲਈ ਜੋ ਕੁਝ ਉਸ ਕੋਲੋਂ ਹੋ ਸਕਦਾ ਹੈ, ਕਰੇ। ਇਨਸਾਫ਼, ਸਚਾਈ, ਵਫ਼ਾਦਾਰੀ ਤੇ ਪ੍ਰਸੰਸਾ ਦੀਆਂ ਖ਼ੂਬੀਆਂ ਆਪਣੇ ਗੁਆਂਢੀਆਂ ਨਾਲ ਕਿਸੇ ਤਰ੍ਹਾਂ ਵੀ ਸੰਬੰਧਤ ਆਤਮਾਵਾਂ ਵਿਚ ਪੈਦਾ ਕਰਨੀਆਂ ਜੀਵਨ-ਮਨੋਰਥ ਦਾ ਭਾਗ ਖ਼ਿਆਲ ਕੀਤਾ ਜਾਵੇ।

ਕਈ ਆਤਮਾਵਾਂ ਦੁਨੀਆ ਵਿਚ ਇਹੋ ਜਿਹੀਆਂ ਹਨ ਜਿਹੜੀਆਂ ਕਿਸੇ ਕੋਲੋਂ ਕੋਈ ਰਿਆਇਤ ਨਹੀਂ ਚਾਹੁੰਦੀਆਂ। ਉਹ ਸਿਰਫ਼ ਇਹ ਮੰਗਦੀਆਂ ਹਨ ਕਿ ਉਹਨਾਂ ਉਤੇ ਬੇ-ਇਨਸਾਫ਼ੀ ਨਾ ਕੀਤੀ ਜਾਏ। ਇਸ ਲਈ ਹਰ ਵਿਕਾਸ ਹੋਈ ਆਤਮਾ ਇਹ ਜਤਨ ਕਰੇ ਕਿ ਉਸ ਦੇ ਦੁਆਲੇ ਕਿਸੇ ਉਤੇ ਧੱਕਾ ਜਾਂ ਬੇ-ਇਨਸਾਫ਼ੀ ਨਾ ਹੋਵੇ, ਕਿਸੇ ਦੀ ਜ਼ਿੰਦਗੀ ਵਿਚ ਅਯੋਗ ਦਖ਼ਲ ਨਾ ਦਿੱਤਾ ਜਾਏ। ਉਹ ਦੁਨੀਆ ਹਰ ਕਿਸੇ ਲਈ ਸਵਰਗ ਜਾਪੇਗੀ — ਭਾਵੇਂ ਉਹ ਬਹੁਤੀ ਅਮੀਰ ਨਾ ਵੀ ਹੋਵੇ — ਜਿਸ ਵਿਚ ਹਰ ਕੋਈ ਆਪਣੀ ਜ਼ਿੰਦਗੀ ਬਿਨਾਂ ਰੋਕ ਰੁਕਾਵਟ ਆਪਣੀ ਪ੍ਰਕ੍ਰਿਤੀ ਅਨੁਸਾਰ ਜੀਉਂ ਸਕਦਾ ਹੋਵੇ।

ਕਿਸੇ ਮੁਲਕ ਦਾ ਅਮਨ ਸੁਰੱਖਿਅਤ ਨਹੀਂ, ਭਾਵੇਂ ਉਹ ਮੁਲਕ ਕੇਡਾ ਹੀ ਧਾਰਮਿਕ ਤੇ ਅਹਿੰਸਾ ਦਾ ਉਪਾਸ਼ਕ ਹੋਵੇ, ਜੇ ਸਾਰੀ ਦੁਨੀਆ ਵਿਚ ਅਮਨ ਦੀ ਲਗਨ ਪੱਕੀ ਨਹੀਂ ਕੀਤੀ ਜਾ ਸਕੀ । ਜਦ ਤਕ ਇੱਕ ਮੁਲਕ ਵੀ ਕਿਸੇ ਦੂਜੇ ਮੁਲਕ ਦੇ ਅਧੀਨ ਰੱਖਿਆ ਜਾਂਦਾ ਹੈ, ਕਿਸੇ ਵੀ ਮੁਲਕ ਦੀ ਆਜ਼ਾਦੀ ਯਕੀਨੀ ਨਹੀਂ । ਅੱਜ ਸਾਰੇ ਆਜ਼ਾਦ ਮੁਲਕ ਗ਼ੁਲਾਮੀ ਦੇ ਸਹਿੰਸੇ ਵਿਚ ਫਸ ਗਏ ਹਨ । ਇਸ ਅਜੋਕੀ ਸਰਬ-ਘਾਤਕ ਅਵਸਥਾ ਦਾ ਇਲਾਜ ਫ਼ੌਜੀ ਮਜ਼ਬੂਤੀ ਨਹੀਂ । ਭਾਵੇਂ ਇਸ ਵੇਲੇ ਸਿਵਾਏ ਫ਼ੌਜੀ ਮਜ਼ਬੂਤੀ ਦੇ ਹੋਰ ਉਪਾਅ ਨਹੀਂ ਦਿੱਸਦਾ — ਪਰ ਅਸਲੀ ਇਲਾਜ ਇਹ ਹੈ, ਕਿ ਹਰੇਕ ਸੋਚ ਵਿਚਾਰ ਵਾਲਾ ਮਨੁੱਖ, ਲਿਖਾਰੀ, ਪ੍ਰੋਫੈਸਰ, ਸਾਇੰਸਦਾਨ, ਕਲਾਕਾਰ, ਅਧਿਆਪਕ, ਵਕਤਾ — ਦੁਨੀਆ ਵਿਚ ਸਾਂਝੇ ਸੁਖ ਦੇ ਫ਼ਲਸਫੇ ਦਾ ਪਰਚਾਰ ਕਰੇ । ਜਿਹੜਾ ਕੋਈ ਆਦਮੀ, ਮਜ਼੍ਹਬ ਜਾਂ ਫ਼ਿਰਕਾ ਵਖੇਵਿਆਂ ਉਤੇ ਜ਼ੋਰ ਦੇਵੇ, ਉਸ ਦਾ ਵਿਰੋਧ ਕਰਨਾ ਆਪਣਾ ਫ਼ਰਜ਼ ਸਮਝੇ । ਜਿੰਨੀ ਬੁਰਾਈ ਇਸ ਵੇਲੇ ਸਾਨੂੰ ਘੇਰੀ ਬੈਠੀ ਹੈ, ਉਹਨਾਂ ਭਲੇ ਜਾਪਦੇ ਬਜ਼ੁਰਗਾਂ ਦੀ ਤੁਫ਼ੈਲ ਹੈ ਜਿਨ੍ਹਾਂ ਮਨੁੱਖ ਨੂੰ ਮਨੁੱਖ ਨਾਲੋਂ ਵੱਖ ਕਰਨ ਵਾਲਾ ਉਪਦੇਸ਼ ਦਿੱਤਾ । ਜਿਸ ਉਪਦੇਸ਼ ਦਾ ਸਦਕਾ ਹਿੰਦੂ, ਮੁਸਲਮਾਨ, ਸਿੱਖ, ਈਸਾਈ ਆਦਿ ਆਪਣੇ ਆਪ ਨੂੰ ਰੱਬ-ਪ੍ਰਵਾਨ ਤੇ ਦੂਜਿਆਂ ਨੂੰ ਮਲੇਛ, ਕਾਫ਼ਰ, ਮਨ-ਮੁਖ ਤੇ "ਹੀਦਨ" ਖ਼ਿਆਲ ਕਰਦੇ ਹਨ । ਪਾਕਿਸਤਾਨ, ਹਿੰਦੂ-ਸਥਾਨ ਤੇ "ਰਾਜ ਕਰੇਗਾ ਖ਼ਾਲਸਾ" ਵਾਲੀਆਂ ਮੁਹਿੰਮਾਂ ਭਾਵੇਂ ਕਿਤੇ ਥੋੜੇ ਚਿਰ ਲਈ ਮਨੁੱਖਤਾ ਦੇ ਇੱਕ ਭਾਗ ਵਿਚ ਕੁਝ ਸੁਧਾਰ ਤੇ ਉੱਨਤੀ ਲੈ ਆਉਂਦੀਆਂ ਹਨ, ਪਰ ਓੜਕ ਪਰਸਪਰ ਘ੍ਰਿਣਾਵਾਂ ਦੀ ਅਗਨੀ ਵਿਚ ਸਭ ਨੂੰ ਭਸਮ ਕਰ ਦੇਂਦੀਆਂ ਹਨ । ਅਨੇਕਾਂ ਕੌਮਾਂ ਤੇ ਅਨੇਕਾਂ ਬਾਦਸ਼ਾਹ ਨਿੱਜੀ ਵਧੀਆਪਨ ਦੇ ਬਰਬਾਦੀ ਕਰ ਦੇਣ ਵਾਲੇ ਉਤਸ਼ਾਹ ਵਿਚ ਭਖ ਕੇ ਸੁਆਹ ਹੋ ਗਏ ਹਨ ।

ਹਰੇਕ ਚੰਗੀ ਆਤਮਾ ਦਾ ਫ਼ਰਜ਼ ਹੈ ਕਿ ਉਹ ਇਸ ਉਤਸ਼ਾਹ ਨੂੰ ਆਪਣੇ ਸਾਰੇ ਤ੍ਰਾਣ ਨਾਲ ਰੋਕੇ । ਕੋਈ ਵੀ ਵਿਸ਼ੇਸ਼ ਨਹੀਂ, ਨਾ ਕੋਈ ਆਦਮੀ ਤੇ ਨਾ ਕੋਈ ਕੌਮ । ਸਭ ਇੱਕੋ ਲੜੀ ਦੇ ਮਣਕੇ ਹਨ । ਇਹ ਦੁਨੀਆ ਇੱਕ ਚੀਜ਼ ਹੈ, ਇਹ ਬ੍ਰਹਮੰਡ ਇੱਕ-ਰੂਹ ਹੈ । ਮਾਦਾ ਤੇ ਸ਼ਕਤੀ ਇੱਕੋ ਏਕਤਾ ਦੇ ਭਾਗ ਹਨ । ਕੋਈ ਚੋਣਵਾਂ ਨਹੀਂ, ਤੇ ਨਾ ਕੋਈ ਅਛੂਤ ਹੈ । ਜਿਹੜਾ ਕੋਈ ਇਹਨਾ ਭਰਮਾਂ ਨੂੰ ਮਜ਼੍ਹਬ ਸਮਝਦਾ ਹੈ, ਉਸ ਦੀਆਂ ਅੱਖਾਂ ਵਿਚ ਮਾਨੋ ਅਜੇ

ਸਚਾਈ ਦੇ ਸੂਰਜ ਦੀ ਕੋਈ ਕਿਰਨ ਵੀ ਨਹੀਂ ਪਈ ।

ਅੰਤ ਵਿਚ ਮੈਂ ਆਪਣੇ ਸੁਨੇਹੇ ਨੂੰ ਸੰਖਿਪਤ ਸ਼ਬਦਾਂ ਵਿਚ ਫੇਰ ਦੁਹਰਾਣ ਦੀ ਆਗਿਆ ਮੰਗਦਾ ਹਾਂ। ਇਹ ਸੁਨੇਹਾ ਕੋਈ ਉਪਦੇਸ਼ ਨਹੀਂ, ਨਵੇਂ ਸਾਲ ਦੀ ਨਵੀਨਤਾ ਨਾਲ ਪ੍ਰੇਰੇ ਅੰਤ੍ਰੀਵ ਇਰਾਦਿਆਂ ਦਾ ਉੱਚੀ ਜਿਹੀ ਬੋਲੇ ਜਾਣਾ ਹੈ ।

ਆਪਣੇ ਸਰੀਰ ਨੂੰ ਬੜੀ ਇਹਤਿਆਤ ਨਾਲ ਆਪਣੇ ਰੋਜ਼ਾਨਾ ਫ਼ਰਜ਼ਾਂ ਲਈ ਚੰਗੀ ਮਸ਼ੀਨ ਵਾਂਗ ਸਦਾ ਤਿਆਰ-ਬਰ-ਤਿਆਰ ਰਖਿਆ ਜਾਏ । ਦਿਮਾਗ਼ੀ ਤੌਰ ਉਤੇ ਆਪਣੇ ਆਪ ਨੂੰ ਮਜ਼ਬੂਤ ਬਣਾਇਆ ਜਾਏ, ਬਕਾਇਦਾ ਲੇਖਾ ਰਖ ਕੇ ਚੰਗੀਆਂ ਆਦਤਾਂ ਪਾਈਆਂ ਤੇ ਮੰਦੀਆਂ ਹਟਾਈਆਂ ਜਾਣ ।

ਆਪਣੇ ਮਹੱਲੇ, ਪਿੰਡ, ਸ਼ਹਿਰ ਦਾ ਮਾਣ ਕੀਤਾ ਜਾਏ, ਤੇ ਇਹਨਾਂ ਨੂੰ ਮਾਣ-ਯੋਗ ਬਣਾਨ ਵਿਚ ਜੋ ਕੁਝ ਹੋ ਸਕੇ, ਧਰਮ ਸਮਝ ਕੇ ਕੀਤਾ ਜਾਏ ।

ਆਪਣੇ ਮੁਲਕ ਦਾ ਕਦੇ ਅਪਮਾਨ ਆਪਣੀ ਕਿਸੇ ਹਰਕਤ ਨਾਲ ਨਾ ਹੋਣ ਦਿੱਤਾ ਜਾਏ । ਆਪਣੇ ਮੁਲਕ ਲਈ ਚੰਗੀ ਸ਼ੁਹਰਤ ਪੈਦਾ ਕਰਨ ਵਿਚ ਹਿੱਸਾ ਲਿਆ ਜਾਏ ਤੇ ਆਪਣੇ ਮੁਲਕ ਦੀ ਖ਼ੁਸ਼ਹਾਲੀ ਨੂੰ ਜੀਵਨ-ਮਨੋਰਥ ਵਿਚ ਸ਼ਾਮਲ ਕੀਤਾ ਜਾਏ ।

ਤੇ ਇਹ ਸਭ ਕੁਝ ਇਸ ਲਈ ਕਿ ਬੜੀ ਚੰਗੀ ਮਨੁੱਖਤਾ ਇਸ ਦੁਨੀਆ ਉਤੇ ਵਸਦੀ ਦਿੱਸੇ, ਜਿਸ ਵਿਚ ਉਹ ਸਾਰੇ ਸਰੀਰਕ ਤੇ ਆਤਮਕ ਅਵਸਰ ਹੋਣ, ਜਿਨ੍ਹਾਂ ਰਾਹੀਂ ਸੀਮਤ ਏਕਤਾ ਨਾਲ ਆਪਣਾ ਸੰਬੰਧ ਪਛਾਣ ਕੇ ਸਦੀਵੀ ਤਸੱਲੀ ਪ੍ਰਾਪਤ ਕਰ ਸਕਦੀ ਹੈ ।

[ 1942

9

# ਸੂਰਜ ਦਾ ਸੁਪਨਾ

## ਪੁਰਾਣੇ ਸਾਲ ਦੀਆਂ ਮੁੱਕਦੀਆਂ ਘੜੀਆਂ 'ਚੋਂ ਨਵਾਂ ਪਹੁ-ਫੁਟਾਲਾ

ਅੱਧ ਦਸੰਬਰ ਦੀ ਇੱਕ ਰਾਤ ਨੂੰ ਮੈਂ ਸ੍ਰੀ ਸੰਕਰਾਚਾਰਯ (ਡਾਕਟਰ ਕੁਰਟਕੋਟੀ) ਦੇ ਖ਼ਿਆਲ ਵਰਤਮਾਨ ਦੁਨੀਆ ਬਾਬਤ, "ਮਾਡਰਨ ਰੀਵੀਊ" ਰਸਾਲੇ ਵਿਚੋਂ ਪੜ੍ਹ ਰਿਹਾ ਸਾਂ ।

"ਵਰਤਮਾਨ ਦੁਨੀਆ, ਜੀਕਰ ਅਸੀਂ ਦੇਖ ਰਹੇ ਹਾਂ, ਬੜੀ ਗੁੰਝਲਦਾਰ ਤੇ ਵਿਪ੍ਰੀਤ ਹੈ, ਸਾਡੇ ਸਾਹਮਣੇ ਅਕਲ ਚਕਰਾਣ ਵਾਲੀਆਂ ਕੋਝੀਆਂ ਘਟਨਾਵਾਂ ਤੇ ਮੁਸੀਬਤਾਂ ਬੇਅੰਤ ਹਨ । ਪਰ ਇਹਨਾਂ ਦਾ ਡੂੰਘਾ ਅਧਿਐਨ ਦੱਸਦਾ ਹੈ ਕਿ ਦੁਨੀਆ ਨੂੰ ਬਹੁਤੀਆਂ ਬੀਮਾਰੀਆਂ ਨਹੀਂ, ਸਿਰਫ਼ ਇੱਕੋ ਵੱਡਾ ਰੋਗ ਹੈ । ਇਹ ਹੈ ਗ਼ਰੀਬੀ — ਮਨ, ਮਾਦੇ ਤੇ ਵਸੀਲਿਆਂ ਦੀ ਗ਼ਰੀਬੀ । ਜ਼ਿੰਦਗੀ ਦੇ ਹਰ ਪਹਿਲੂ ਉਤੇ ਹਰ ਕਿਸਮ ਦੀ ਨੰਗੀ ਠੁਰਕਦੀ ਗ਼ਰੀਬੀ : ਖ਼ੁਰਾਕ ਦੀ ਘਾਟ, ਕੰਮ ਦੀ ਅਣਹੋਂਦ, ਸਮਝ ਤੇ ਵਿਸ਼ਵਾਸ ਦੀ ਥੁੜ, ਅਕਲ ਦੀ ਕਮਜ਼ੋਰੀ, ਸਾਥ ਦੀ ਭੁੱਖ, ਤਰਸ ਦਾ ਕਾਲ ।...... ਇਸ ਹਾਲਤ ਵਿਚੋਂ ਸ਼ੁਭ-ਇੱਛਾ ਤੇ ਅਮਨ ਪੈਦਾ ਕਰਨ ਲਈ ਮਜ਼੍ਹਬ ਈਜਾਦ ਕੀਤਾ ਗਿਆ ਸੀ, ਪਰ ਇਹ ਮਜ਼੍ਹਬ ਹੌਲੀ ਹੌਲੀ ਜੱਥੇਬੰਦ ਕੀਤਾ ਗਿਆ, ਤੇ ਹੁਣ ਇਹ ਮਨੁੱਖੀ ਟੱਬਰ ਨੂੰ ਪਾਟਿਆ ਰਖਣ ਦਾ ਮੁੱਢਲਾ

ਕਾਰਣ ਬਣ ਚੁੱਕਾ ਹੈ, ਇਹ ਮਨੁੱਖਾਂ ਵਿਚ ਨਫ਼ਰਤ ਤੇ ਖਿੱਚਾ-ਖਿੱਚੀ ਪੈਦਾ ਕਰਨ ਦਾ ਅਮੁੱਕ ਸੋਮਾ ਹੈ। ਭਰਾਤ੍ਰੀ ਭਾਵ ਪੈਦਾ ਕਰਨ ਦੀ ਥਾਂ ਇਸ ਨੇ ਲੜਾਈ, ਪਾਖੰਡ, ਤੇ ਨਵ-ਧਰਮੀ ਬਣਾਏ ਜਾਣ ਨੂੰ ਜਨਮ ਦਿੱਤਾ ਹੈ...... ਸਾਡੀ ਦੁਨੀਆ ਦਾ ਮੁਖ-ਚਿੰਨ੍ਹ ਇੱਕ ਦੇ ਲਾਭ ਦਾ ਦੂਜੇ ਦੇ ਲਾਭ ਨਾਲ ਵਿਪ੍ਰੀਤ ਹੋਣਾ ਹੈ......"

ਦੁਨੀਆ ਦੀ ਇਹ ਤਸਵੀਰ ਦਿਲ-ਤੋੜਵੀਂ ਹੈ, ਪਰ ਕੋਈ ਭੁਲੇਖਾ ਨਹੀਂ। ਕਿੰਨਾ ਚਿਰ ਮੈਂ ਮੰਦਰਾਂ, ਮਜ਼੍ਹਬਾਂ, ਰਸਮਾਂ, ਸਰਕਾਰਾਂ, ਗ੍ਰੰਥਾਂ ਬਾਬਤ ਨਿਰਾਸ ਜਿਹਾ ਸੋਚਦਾ ਰਿਹਾ। ਆਪਣੀ ਇਹ ਦੁਨੀਆ ਰਹਿਣ ਲਈ ਚੰਗੀ ਥਾਂ ਨਾ ਜਾਪੀ। ਇਹਨਾਂ ਖ਼ਿਆਲਾਂ ਦੀ ਰੌ ਨੂੰ ਬਦਲਣ ਲਈ ਮੈਂ ਐਚ. ਜੀ. ਵੈਲਜ਼ ਦੀ ਕਿਤਾਬ, "ਜੀਵਨ ਦੀ ਸਾਇੰਸ" ਫੜੀ। ਇਸ ਦੇ ਅਖ਼ੀਰਲੇ ਕਾਂਡ ਵਿਚ "ਜ਼ਿੰਦਗੀ ਕਾਬੂ ਵਿਚ" ਤੇ "ਇੱਕ ਸਾਂਝੇ ਮਨੁੱਖੀ ਮਨ ਦੀ ਸੰਭਾਵਨਾ" ਦੇ ਸਿਰਲੇਖ ਨਜ਼ਰ ਆਏ। ਮੈਂ ਬੜੀ ਦਿਲਚਸਪੀ ਨਾਲ ਪੜ੍ਹੇ। ਉਪਰਲੀ ਤਸਵੀਰ ਦੀਆਂ ਧੁੰਦਲੀਆਂ ਲਕੀਰਾਂ ਨੂੰ ਕਿਸੇ ਸੁਨਹਿਰੀ ਚਾਨਣ ਵਿਚ ਰੋਸ਼ਨ ਕੀਤਾ ਹੋਇਆ ਸੀ। ਜੋ ਕੁਝ ਪਹਿਲਾਂ ਗੁੰਝਲਦਾਰ ਦਿੱਸਦਾ ਸੀ, ਉਸ ਨੇ ਬੜੇ ਸਾਫ਼ ਨਕਸ਼ ਧਾਰਨ ਕਰ ਲਏ ਸਨ।

"ਜਿਉਂ ਜਿਉਂ ਮਨੁੱਖ ਦੀ ਅਕਲ ਵਧਦੀ ਜਾਂਦੀ ਹੈ, ਉਸ ਦਾ ਕਿਆਸ ਬ੍ਰਹਮੰਡ ਬਾਬਤ ਚੌੜਾ ਹੁੰਦਾ ਜਾਂਦਾ ਹੈ, ਤੇ ਉਸ ਲਈ ਸ਼ਖ਼ਸੀ ਜੀਵਨ ਦਾ ਆਦਰਸ਼ ਬਿਲਕੁਲ ਨਾ-ਮਨਜ਼ੂਰ ਹੁੰਦਾ ਜਾਂਦਾ ਹੈ, ਤੇ ਉਸ ਨੂੰ ਕਿਸੇ ਸਾਂਝੇ ਮਨੁੱਖ-ਮਨ ਦੀ ਸੰਭਾਵਨਾ ਜਾਪਣ ਲੱਗ ਪੈਂਦੀ ਹੈ। ਇੱਕ ਤੋਂ ਪਰਵਾਰ, ਪਰਵਾਰ ਤੋਂ ਕਬੀਲਾ, ਕਬੀਲੇ ਤੋਂ ਕੌਮ ਤੇ ਕੌਮ ਤੋਂ ਗੋਰਖਧੰਦੇ ਵਿਚੋਂ ਲੰਘ ਕੇ ਉਸ ਨੂੰ ਲੋਕਾਈ ਏਕਤਾ ਮਹਿਸੂਸ ਹੋਣ ਲੱਗ ਪੈਂਦੀ ਹੈ।......

"ਇਸ ਵੇਲੇ ਜਾਪਦਾ ਹੈ ਮਨੁੱਖ ਸਾਂਝੀ ਮਨੁੱਖਤਾ ਵਿਚ ਪ੍ਰੋਤੇ ਜਾਣ ਲਈ ਤਿਆਰ ਹੋ ਰਿਹਾ ਹੈ। ਇਸ ਸਾਂਝੀ ਮਨੁੱਖਤਾ ਦਾ ਗਿਆਨ ਤੇ ਯਾਦਦਾਸ਼ਤ ਸਾਰੀ ਸਾਇੰਸ ਤੇ ਸਾਰਾ ਇਤਿਹਾਸ ਹੋਣਗੇ, ਤੇ ਇਹ ਸਰਬਵਿਆਪਕ ਜੀਵਨ-ਇੱਛਾ ਨੂੰ ਇਕੱਠਿਆਂ ਕਰ ਕੇ ਤਰੱਕੀ ਦਾ ਸਾਂਝਾ

ਮਨੋਰਥ ਪੈਦਾ ਕਰਨਗੇ। ਖ਼ਿਆਲ ਤੇ ਇੱਛਾ ਦੀ ਇਸ ਉਪਜਾਊ ਇਕੱਤ੍ਰਤਾ ਉਤੇ ਵਿਅੱਕਤੀਆਂ ਆਪਣੇ ਸ਼ਖ਼ਸੀ ਜੀਵਨ ਨੂੰ ਬਹੁਤ ਅਮੀਰ ਬਣਾ ਸਕਣਗੀਆਂ। ਮਨੁੱਖ ਦੀਆਂ ਦਿਮਾਗੀ ਤਾਕਤਾਂ ਦੇ ਲਗਾਤਾਰ ਵਾਧੇ ਉਤੇ ਮਨੁੱਖ ਦੀ ਹੋਣੀ ਦੀ ਪ੍ਰਫੁਲਤਾ ਨਿਰਭਰ ਹੈ, ਜਦੋਂ ਇਹ ਚੇਤਨ ਹੋ ਕੇ ਨਾ ਸਿਰਫ਼ ਆਪਣੀ ਤਕਦੀਰ ਬਲਕਿ ਇਸ ਧਰਤੀ ਉਤੇ ਪੈਦਾ ਹੋਣ ਵਾਲੇ ਸਾਰੇ ਜੀਵਾਂ ਦੀਆਂ ਤਕਦੀਰਾਂ ਦਾ ਆਗੂ ਬਣੇਗਾ।

"ਸੋਚੋ, ਆਦਮੀ ਨੇ ਬੂਟਿਆਂ ਨਾਲ ਕੀ ਕੁਝ ਕਰਨਾ ਸਿਖ ਲਿਆ ਹੈ। ਇੱਕ ਘੜੀ ਲਈ "ਪਿਉਂਦ" ਦਾ ਖ਼ਿਆਲ ਕਰੋ। ਇੱਕ ਬੂਟੇ ਦੀ ਛੋਟੀ ਜਿਹੀ ਟਹਿਣੀ ਦੂਜੇ ਬੂਟੇ ਨਾਲ ਜੋੜੀ ਜਾਂਦੀ ਹੈ। ਉਹ ਚੀਜ਼ ਪੈਦਾ ਹੋ ਜਾਂਦੀ ਹੈ ਜੋ ਅਗੇ ਜ਼ਿੰਦਗੀ ਵਿਚ ਹੈ ਨਹੀਂ ਸੀ। ਇਹ ਬਿਲਕੁਲ ਸੰਭਵ ਹੈ ਕਿ ਆਦਮੀ ਜੀਵਾਂ ਨਾਲ ਵੀ ਇਸੇ ਤਰ੍ਹਾਂ ਕਰ ਸਕੇਗਾ। ਜਾਨਵਰਾਂ ਦੀਆਂ ਨਸਲਾਂ ਇਸ ਨੇ ਬੜੀਆਂ ਵਧੀਆ ਬਣਾ ਲਈਆਂ ਹਨ। ਆਦਮੀ ਨੇ ਫ਼ੌਲਾਦ ਦੀ ਸਖ਼ਤੀ ਨੂੰ ਜਿੱਤ ਲਿਆ ਹੈ, ਇਹ ਇਸ ਨੂੰ ਕੱਟਦਾ ਹੈ, ਮਰੋੜਦਾ ਹੈ, ਜੋੜਦਾ ਹੈ ਜੀਕਰ ਇਸ ਦਾ ਦਿਲ ਕਰਦਾ ਹੈ।

"ਇਹ ਪ੍ਰਤੱਖ ਹੈ ਕਿ ਆਦਮੀ ਨਵੀਆਂ ਤਾਕਤਾਂ ਤੇ ਨਵਿਆਂ ਦ੍ਰਿਸ਼ਾਂ ਦਾ ਮਾਲਕ ਬਣਦਾ ਜਾ ਰਿਹਾ ਹੈ। ਏਥੋਂ ਤਕ ਕਿ ਸਾਡਾ ਕਿਆਸ ਕਦੇ ਕਦੇ ਇਸ ਦੀਆਂ ਜਿੱਤਾਂ ਨੂੰ ਵਿਚਾਰ ਕੇ ਥੱਕ ਜਾਂਦਾ ਹੈ।

"ਤੇ ਇਹ ਸਵਾਲ ਉੱਠਦਾ ਹੈ: ਕੀ ਆਉਣ ਵਾਲੇ ਯੁੱਗਾਂ ਵਿਚ ਸ਼ਖ਼ਸੀ ਜੀਵਨ ਏਡਾ ਖ਼ੁਸ਼ ਤੇ ਉਤਸਾਹਤ ਰਹਿ ਸਕੇਗਾ ਜੇਡਾ ਇਹ ਅੱਜਕੱਲ ਆਸ ਕੀਤਾ ਜਾ ਸਕਦਾ ਹੈ? ਇਹ ਠੀਕ ਹੈ ਕਿ ਅਗਲੇ ਯੁੱਗਾਂ ਵਿਚ ਸ਼ਖ਼ਸੀ ਜ਼ਿੰਦਗੀ ਨੂੰ ਨਿੱਜੀ ਜ਼ਿੰਦਗੀ ਦੇ ਅਧੀਨ ਰੱਖਿਆ ਜਾਏਗਾ, ਪਰ ਇਸ ਅਧੀਨਤਾ ਦਾ ਮਤਲਬ ਕੁਰਬਾਨੀ ਨਹੀਂ। ਸ਼ਖ਼ਸੀ ਜ਼ਿੰਦਗੀ 'ਕੁਲ' ਦਾ ਇੱਕ ਭਾਗ ਰਹਿ ਕੇ ਬਹੁਤ ਅਮੀਰ ਹੋ ਸਕਦੀ ਹੈ — ਆਪੀਂ 'ਕੁਲ' ਬਣ ਕੇ ਇਹ ਏਡੀ ਅਮੀਰ ਨਹੀਂ ਹੋ ਸਕਦੀ। 'ਕੁਲ' ਆਪਣੇ ਹਿੱਸਿਆਂ ਨੂੰ ਉਤਸਾਹਤ ਕਰਦਾ ਤੇ ਤਾਕਤ ਦੇਂਦਾ ਹੈ। ਸਾਡੀ ਸੰਤਾਨ ਦੇ ਹਿੱਸੇ ਵਿਚ ਉਹ ਜੀਵਨ-ਤਜਰਬੇ ਆਉਣਗੇ ਜਿਹੜੇ ਅਸੀਂ ਅੱਜ ਖ਼ਿਆਲ ਤਕ ਨਹੀਂ ਕਰ ਸਕਦੇ; ਜਜ਼ਬਾਤ ਦੀ ਉਹ ਡੂੰਘਾਈ ਤੇ ਖ਼ੁਸ਼ੀ ਦੀ ਉਹ ਪੂਰਨਤਾ

ਜਿਹੜੀ ਸਾਡਾ ਹੁਣ ਭਾਗ ਨਹੀਂ ।

"ਤੇ ਇਹ ਸਾਰੇ ਮਹਾਨ ਤਜਰਬੇ ਤੇ ਖ਼ੁਸ਼ੀਆਂ ਇੱਕ ਤਰ੍ਹਾਂ ਨਾਲ ਸਾਡੇ ਹੀ ਹੋਣਗੇ, ਉਹ ਸਾਡੇ ਹੀ ਤਜਰਬਿਆਂ ਦੀ ਤੇ ਸਾਡੀ ਖ਼ੁਸ਼ੀ ਦੀ ਪੂਰਨਤਾ ਹੋਵੇਗੀ, ਕਿਉਂਕਿ ਅਸੀਂ ਜ਼ਿੰਦਗੀ ਦੇ ਚੇਤੰਨ ਵਾਧੇ ਦੇ ਭਾਗ ਹਾਂ, ਤੇ ਇਸ ਵਾਧੇ ਦੀ ਅਖ਼ੀਰਲੀ ਹੱਦ ਕੋਈ ਨਹੀਂ ਦੱਸ ਸਕਦਾ ।"

ਇਸ ਕਿਤਾਬ ਦੇ ਮੈਂ ਕਈ ਵਰਕੇ ਪੜ੍ਹੇ । ਮੈਨੂੰ ਜਾਪਿਆ ਜੀਕਰ ਮੈਂ ਕਿਸੇ ਮੁਨਾਰੇ ਉਤੇ ਚੜ੍ਹ ਰਿਹਾ ਸਾਂ । ਹੇਠਲੀ ਛੱਤ ਬਿਲਕੁਲ ਹਨੇਰੀ ਸੀ, ਹੱਥ ਪਸਾਰਿਆਂ ਦਿੱਸਦਾ ਨਹੀਂ ਸੀ ਤੇ ਸਾਹ ਬੜੀ ਮੁਸ਼ਕਲ ਨਾਲ ਆਉਂਦਾ ਸੀ, ਜਿਉਂ ਜਿਉਂ ਉੱਚਾ ਚੜ੍ਹਦਾ ਸਾਂ, ਤਿਉਂ ਤਿਉਂ ਕੁਝ ਕੁਝ ਚਾਨਣ ਹੁੰਦਾ ਜਾਂਦਾ ਸੀ, ਓੜਕ ਉਪਰਲੀ ਮੰਜ਼ਲ ਤੋਂ ਮੈਨੂੰ ਬੜਾ ਸੁਹਣਾ ਦ੍ਰਿਸ਼ ਦਿੱਸਿਆ, ਤੇ ਏਡੀ ਨਿਰਮਲ ਪੌਣ ਦੇ ਫਰਾਟੇ ਆਏ, ਕਿ ਮੈਂ ਬਾਰ ਬਾਰ ਕਈ ਡੂੰਘੇ ਸਾਹ ਲਏ । ਇਸ ਖੁੱਲ੍ਹੇ ਚਾਨਣ ਵਿਚ ਤੇ ਇਸ ਉਚਾਈ ਉਤੋਂ ਸਭ ਕੁਝ ਸ਼ਾਨਦਾਰ ਦਿੱਸਿਆ — ਕੰਗਾਲ-ਕੋਠੀਆਂ, ਪੈਲੀਆਂ ਤੇ ਡਿੰਗੇ ਬੰਨੇ, ਰੂੜੀਆਂ ਦੇ ਢੇਰ, ਟੋਏ, ਟਿੱਬੇ, ਬੰਜਰ ਤੇ ਜ਼ਰਖੇਜ਼ ਧਰਤੀਆਂ — ਸਭ ਇੱਕ ਅਦਭੁੱਤ ਵੰਨਗੀ ਵਿਚ ਉਣੇ ਗੁੰਦੇ ਨਮੂਨੇ ਸਨ ।

ਮੈਂ ਕਿਤਾਬ ਬੰਦ ਕਰ ਦਿੱਤੀ । ਸੌਣ ਲਈ ਉਪਰ ਚਲਾ ਗਿਆ । (ਅਜੇ ਤਕ ਇਸ ਸਿਆਲੇ ਮੈਂ ਕੋਠੇ ਉਤੇ ਖੁੱਲ੍ਹੇ ਆਕਾਸ਼ ਹੇਠਾਂ ਹੀ ਸੌਣ ਦਾ ਤਜਰਬਾ ਕਰ ਰਿਹਾ ਸਾਂ) । ਰਾਤ ਹਨੇਰੀ ਸੀ । ਬਿਸਤਰੇ ਵਿਚ ਸਿੱਧਾ ਪਿਆ ਮੈਂ ਸਿਤਾਰਿਆਂ ਵਲ ਤੱਕ ਰਿਹਾ ਸਾਂ । ਮੇਰੇ ਸਾਹਮਣੇ ਇੱਕ ਬੜਾ ਰੋਸ਼ਨ ਸਿਆਰਾ ਲਟ ਲਟ ਕਰ ਰਿਹਾ ਸੀ, ਤੇ ਉਸਦੇ ਰੂਬਰੂ ਤਾਰੇ ਬੜੇ ਮੱਧਮ ਦਿੱਸ ਰਹੇ ਸਨ ।

ਪਰ ਮੈਨੂੰ ਕੁਝ ਚੰਗੀ ਨੀਂਦ ਨਹੀਂ ਸੀ ਆ ਰਹੀ । ਮੈਂ ਕਈ ਵਾਰੀ ਪਾਸੇ ਪਰਤੇ ਹੋਣਗੇ । ਫੇਰ ਮੇਰੀ ਜਾਗ ਖੁੱਲ੍ਹ ਗਈ । ਖੂਹ ਦੀ 'ਰੂੰ-ਰੂੰ' ਸੁਣਾਈ ਦਿੱਤੀ । ਸਾਡੀ ਕੋਠੀ ਦੇ ਨੇੜੇ ਹੀ ਪੈਲੀਆਂ ਹਨ । ਉਹਨਾਂ ਵਿਚ ਜੁੱਤੇ ਬੈਲਾਂ ਦੇ ਗਲੀਂ ਘੁੰਗਰੂ ਛਣਕ ਰਹੇ ਸਨ । ਪਾਰਲੀ ਸੜਕ ਉਤੇ ਤੁਰਦੇ ਚੌਕੀਦਾਰ ਦੇ ਪੈਰ ਸੁਣਾਈ ਦੇ ਰਹੇ ਸਨ ।

ਹੁਣ ਮੈਂ ਪੂਰਾ ਸੁਜਾਨ ਹੋ ਗਿਆ ਸਾਂ, ਮੈਂ ਅੱਖਾਂ ਖੋਲ੍ਹ ਲਈਆਂ । ਸਿਤਾਰੇ, ਅੰਗੀਠੀ ਵਿਚ ਪਏ ਕੋਲਿਆਂ ਵਾਂਗ ਮੱਘ ਰਹੇ ਸਨ । ਇਹਨਾਂ ਦੇ

ਚਾਨਣ ਤੋਂ ਮੈਨੂੰ ਚਾਨਣੀ ਰਾਤ ਦਾ ਭੁਲੇਖਾ ਪਿਆ, ਪਰ ਚੰਨ ਕੋਈ ਨਹੀਂ ਸੀ। ਚਿੱਟੀਆਂ ਕੋਠੀਆਂ ਸਾਫ਼ ਦਿੱਸ ਰਹੀਆਂ ਸਨ। ਹੇਠਾਂ, ਪੈਲੀ ਦੇ ਬੰਨੇ ਪਾਣੀ ਲਾਂਦੇ ਕਾਮੇ ਦਾ ਝਾਉਲਾ ਵੀ ਨੀਝ ਲਾਇਆਂ ਪੈਂਦਾ ਸੀ। ਮੈਂ ਮਨ ਵਿਚ ਆਖਿਆ, "ਰਾਤੀਂ ਸਾਰੀ ਦੁਨੀਆ ਸੌਂ ਨਹੀਂ ਜਾਂਦੀ।" ਉਸ ਵੇਲੇ ਨਾਲ ਦੀ ਕੋਠੀ 'ਚੋਂ ਕੋਈ ਲੰਘ ਕੇ ਦੂਜੀ ਵਲ ਜਾ ਰਿਹਾ ਸੀ। ਮੈਂ ਘੋਖ ਕੇ ਵੇਖਿਆ। ਪੁਸ਼ਾਕ ਜ਼ਨਾਨਾ ਸੀ। ਮੈਂ ਜਾਣਦਾ ਸਾਂ ਉਹ ਕੌਣ ਸੀ। ਦਿਨੇ ਮੈਂ ਉਸ ਨੂੰ ਵੇਖ ਕੇ ਹਮੇਸ਼ਾਂ ਖ਼ੁਸ਼ ਹੋਇਆ ਕਰਦਾ ਸਾਂ, ਕਿਉਂਕਿ ਦਿਨੇ ਉਸ ਦਾ ਚਿਹਰਾ ਮੈਨੂੰ ਬੜਾ ਚੇਤੰਨ ਤੇ ਚਾਨਣਾ ਮਾਲੂਮ ਹੁੰਦਾ ਸੀ। ਉਹ ਚੌਕੀਦਾਰ ਦੀ ਵਾਜ ਉਤੇ ਖਲੋ ਗਈ। ਚੌਕੀਦਾਰ ਤੇ ਇਸਤ੍ਰੀ ਦੇ ਚਿਹਰੇ ਦੇ ਰੰਗਾਂ ਵਿਚ ਹੁਣ ਕੋਈ ਫ਼ਰਕ ਨਹੀਂ ਸੀ ਦਿੱਸਦਾ — ਦੋਵੇਂ ਧੁੰਦਲੀਆਂ ਜਿਹੀਆਂ ਸੂਰਤਾਂ ਸਨ। ਇਸਤ੍ਰੀ ਨੇ ਦੱਸਿਆ, ਉਹ ਨਾਲ ਦੀ ਕੋਠੀਓਂ ਅੰਮ੍ਰਿਤਧਾਰਾ ਲੈਣ ਚਲੀ ਸੀ, ਕਿਉਂਕਿ ਉਸ ਦੇ ਪਤੀ ਨੂੰ ਅਚਾਨਕ ਪੇਟ ਵਿਚ ਪੀੜ ਹੋਣ ਲੱਗ ਪਈ ਸੀ।

ਫੇਰ ਚੁੱਪ-ਚਾਂ ਹੋ ਗਈ। ਮੈਂ ਸਿਰਹਾਣਿਓਂ ਉਚਾਵੀਂ ਘੜੀ ਚੁੱਕ ਕੇ ਵੇਖੀ। ਉਸ ਦੀਆਂ ਰੇਡੀਅਮ ਰੰਗੀਆਂ ਸੂਈਆਂ ਮਾੜੀਆਂ ਜਿਹੀਆਂ ਲਿਸ਼ਕ-ਦੀਆਂ ਸਨ। ਅਜੇ ਚਾਰ ਨਹੀਂ ਸਨ ਵਜੇ। ਮੈਂ ਕੋਸ਼ਿਸ਼ ਕੀਤੀ ਕਿ ਸੌਂ ਜਾਵਾਂ। ਨੀਂਦ ਮੈਨੂੰ ਖਿਝਾਂਦੀ ਰਹੀ। ਮੈਂ ਰਾਤ ਕੋਲੋਂ ਅੱਕ ਗਿਆ। ਬੜਾ ਦਿਲ ਕਰੇ, ਦਿਨ ਚੜ੍ਹ ਜਾਵੇ। ਦਿਨ ਦੀ ਸਾਰੀ ਤਸਵੀਰ ਅੱਖਾਂ ਵਿਚ ਫਿਰਨ ਲੱਗ ਪਈ। ਇਹ ਕੋਠੀਆਂ ਜਿਹੜੀਆਂ ਹੁਣ ਧੁੰਦਲੇ ਪਰਛਾਵੇਂ ਬਣ ਕੇ ਬੰਦ ਖਲੋਤੀਆਂ ਸਨ, ਦਿਨੇ ਇਹ ਮੇਰੇ ਲਈ ਖੁੱਲ੍ਹੀਆਂ ਹੁੰਦੀਆਂ ਹਨ। ਮੈਂ ਚਾਹਾਂ ਤਾਂ ਦਿਨੇ ਹਰ ਕੋਠੀ ਦੇ ਅੰਦਰ ਜਾ ਸਕਦਾ ਹਾਂ। ਹੁਣ ਇਹਨਾਂ ਦੇ ਅੰਦਰ ਜ਼ਿੰਦਗੀ ਸੁੱਤੀ ਪਈ ਹੈ, ਜੇ ਜਾਗਦੀ ਹੈ, ਤਾਂ ਮੇਰੇ ਲਈ ਬੰਦ ਹੈ। ਉਹ ਸੂਰਤ ਜਿਸ ਦਾ ਰੰਗ ਹੁਣ ਚੌਕੀਦਾਰ ਤੇ ਖੇਤਾਂ ਨੂੰ ਪਾਣੀ ਲਾਣ ਵਾਲੇ ਨਾਲੋਂ ਜ਼ਰਾ ਵੀ ਵਖਰਾ ਨਹੀਂ ਦਿੱਸਦਾ, ਚੜ੍ਹੇ ਸੂਰਜ ਦੀ ਰੌਸ਼ਨੀ ਵਿਚ ਸੋਨੇ ਨੂੰ ਮਾਤ ਪਾਂਦਾ ਹੈ।

ਮੇਰਾ ਜੀਅ ਸੂਰਜ ਲਈ ਕਾਹਲਾ ਪੈ ਗਿਆ।

ਮੈਨੂੰ ਜਾਪਣ ਲੱਗਾ ਜੀਕਰ ਉਹ ਅਸਮਾਨ ਇੱਕ ਵਿਸ਼ਾਲ ਕਾਲੀ ਕੋਠੜੀ ਸੀ, ਜਿਸ ਦੀ ਛੱਤ ਵਿਚ ਅਣਗਿਣਤ ਛੇਕ ਸਨ, ਇਹਨਾਂ ਛੇਕਾਂ

ਵਿਚੋਂ ਕਿਸੇ ਦੁਰਾਡੇ ਲੁਕੇ ਸੂਰਜ ਦਾ ਚਾਨਣਾ ਛਣ ਛਣ ਕੇ ਆਉਂਦਾ ਸੀ। ਇਹ ਤਾਰੇ ਨਹੀਂ ਸਨ — ਇਹ ਤਾਂ ਕਾਲੀ ਛੱਤ ਵਿਚ ਛੇਕ ਸਨ — ਓਹ — ਓਹ — ਏਸੇ ਹਸਰਤ ਵਿਚ ਮੇਰੀਆਂ ਅੱਖਾਂ ਮੀਟੀਆਂ ਗਈਆਂ। ਮੈਨੂੰ ਅਨੁਭਵ ਹੋਇਆ, ਮੈਂ ਇੱਕ ਘਣੇ ਜੰਗਲ•ਵਿਚ ਸਾਂ। ਬੜੇ ਹੀ ਉੱਚੇ ਦਰਖ਼ਤ ਸਨ। ਇੱਕ ਦੀਆਂ ਸ਼ਾਖਾਂ ਉਪਰੋਂ ਦੂਜੇ ਦੀਆਂ ਸ਼ਾਖਾਂ ਨਾਲ ਜੁੜੀਆਂ ਹੋਈਆਂ ਸਨ। ਹੇਠਾਂ ਦਰਖ਼ਤ ਕਟ ਕੇ ਕਈ ਥਾਵਾਂ ਸਾਫ਼ ਕੀਤੀਆਂ ਹੋਈਆਂ ਸਨ। ਇਹਨਾਂ ਥਾਵਾਂ ਉਤੇ ਆਬਾਦੀ ਸੀ। ਲੋਕ ਵਸਦੇ ਸਨ, ਪਰ ਸੂਰਤਾਂ ਹੀ ਦਿੱਸਦੇ ਸਨ, ਕਿਸੇ ਦੀਆਂ ਅੱਖਾਂ ਸਾਫ਼ ਨਹੀਂ ਸਨ ਲਿਸ਼ਕਦੀਆਂ। ਕਈ ਥਾਵਾਂ ਤੋਂ ਆਕਾਸ਼ ਲੱਭਦਾ ਸੀ, ਪਰ ਦਰਖ਼ਤ ਬਹੁਤ ਉਚੇ ਹੋਣ ਕਰਕੇ ਚਾਨਣਾ ਜ਼ਮੀਨ ਤਕ ਨਹੀਂ ਸੀ ਪਹੁੰਚਦਾ। ਇਹ ਆਕਾਸ਼ ਬੱਦਲ ਜਿਹਾ ਜਾਪਦਾ ਸੀ। ਦਰਖ਼ਤਾਂ ਦੇ ਪੱਤਿਆਂ ਵਿਚੋਂ ਚਿੱਟਾ ਚਿੱਟਾ ਐਉਂ ਦਿੱਸਦਾ ਸੀ ਜੀਕਰ ਅਸਮਾਨ ਉਤੇ ਤਾਰੇ।

ਕਹਿੰਦੇ ਹਨ, ਕੋਈ ਬੜਾ ਬਹਾਦਰ ਸੈਂਕੜੇ ਵਰ੍ਹੇ ਹੋਏ ਕਿਸੇ ਦਰਖ਼ਤ ਦੀ ਸਿਖਰ ਉਤੇ ਚੜ੍ਹ ਗਿਆ ਤੇ ਹੇਠਾਂ ਆ ਕੇ ਕਹਿੰਦਾ ਸੀ, ਉਪਰ ਸੂਰਜ ਹੈ, ਬੜਾ ਰੋਸ਼ਨ, ਬੜਾ ਸੁਨਿਹਰੀ। ਇਸ ਸੂਰਜ ਦੀ ਯਾਦ ਵਿਚ ਲੋਕਾਂ ਇੱਕ ਮੰਦਰ ਬਣਾਇਆ ਸੀ, ਇਸ ਦੀ ਪੂਜਾ ਹੋਣ ਲੱਗ ਪਈ, ਇਸ ਦੀ ਹਸਤੀ ਬਾਰੇ ਕਈ ਭਾਸ਼ਣ ਹੋਇਆ ਕਰਦੇ ਸਨ। ਕੋਈ ਇਸ ਸੂਰਜ ਨੂੰ ਗੋਲ ਤੇ ਕੋਈ ਚੌੜਾ ਤੇ ਕੋਈ ਨਿਰਾਕਾਰ ਆਖਦਾ ਸੀ। ਫੇਰ ਕਈ ਮੰਦਰ ਬਣ ਗਏ— ਕੋਈ ਗੋਲ ਸੂਰਜ ਦਾ, ਕੋਈ ਚੌੜੇ ਦਾ, ਕੋਈ ਨਿਰਾਕਾਰ ਦਾ। ਇਹਨਾਂ ਮੰਦਰਾਂ ਤੋਂ ਲੜਾਈਆਂ ਵੀ ਹੁੰਦੀਆਂ ਸਨ।

ਦਰਖ਼ਤਾਂ ਦੇ ਉਪਰੋਂ ਕਈ ਤਰ੍ਹਾਂ ਦੇ ਫੁੱਲ ਵੀ ਡਿੱਗਦੇ ਸਨ, ਇਹ ਫੁੱਲ ਬਹੁਤ ਉੱਚੀਆਂ ਟਾਹਣੀਆਂ ਉਤੇ ਸੂਰਜ ਵਾਲੇ ਪਾਸੇ ਲੱਗਦੇ ਹੋਣਗੇ — ਕਿਸੇ ਲੱਗੇ ਹੋਏ ਵੇਖੇ ਨਹੀਂ ਸਨ। ਪਰ ਜਦੋਂ ਹੇਠਾਂ ਡਿੱਗਦੇ ਤਾਂ ਲੋਕ ਇਕੱਠੇ ਕਰ ਕੇ ਕਿੰਨਾ ਚਿਰ ਸਾਂਭ ਰਖਦੇ ਸਨ। ਪਹਿਲਾਂ ਇਹਨਾਂ ਵਿਚ ਖ਼ੁਸ਼ਬੋ ਹੁੰਦੀ, ਫੇਰ ਇਹ ਜੰਗਲ ਦੇ ਹਨੇਰੇ ਵਿਚ ਕੁਮਲਾ ਜਾਂਦੇ। ਇਹ ਫੁੱਲ ਜਦੋਂ ਧਰਤੀ ਉਤੇ ਡਿੱਗਦੇ ਤਾਂ ਇਹਨਾਂ ਦੀਆਂ ਪੰਖੜੀਆਂ ਮੀਟੀਆਂ ਹੋਈਆਂ ਹੁੰਦੀਆਂ — ਪਰ ਆਖਿਆ ਜਾਂਦਾ ਸੀ, ਕਿ ਸੂਰਜ ਵਾਲੇ ਪਾਸੇ ਇਹ ਦਰਖ਼ਤਾਂ ਨਾਲ ਖਿੜੇ ਰਹਿੰਦੇ ਹਨ, ਪਰ ਜੰਗਲ ਵਾਲੇ ਪਾਸੇ ਇਹ ਮੀਟੇ ਜਾਂਦੇ ਹਨ। ਤਾਂ ਵੀ ਉਹ

ਮੀਟੇ ਹੋਏ ਫੁੱਲ ਵੀ ਜੰਗਲੀ ਘਰਾਂ ਦਾ ਸੁਹਣਾ ਸ਼ਿੰਗਾਰ ਸਮਝੇ ਜਾਂਦੇ ਸਨ ।

ਅੱਜਕੱਲ ਉਹ ਜੰਗਲ ਏਡਾ ਹਨੇਰਾ ਨਹੀਂ ਸੀ । ਕਹਿੰਦੇ ਨੇ ਪਹਿਲੀਆਂ ਵਿਚ ਉਥੇ ਡਿੱਗੇ ਫੁੱਲ ਵੀ ਨਹੀਂ ਸਨ ਦਿੱਸਦੇ ਤੇ ਪੈਰਾਂ ਵਿਚ ਰੁੱਲਦੇ ਰਹਿੰਦੇ ਸਨ । ਲੋਕ ਟੋਹ ਟੋਹ ਕੇ ਜਾਂ ਕਿਤੋਂ ਕਿਤੋਂ ਖੁੱਲ੍ਹੇ ਆਕਾਸ਼ ਦੀ ਚਿਟਿਆਈ ਦੀ ਮਦਦ ਨਾਲ ਨਿਰਬਾਹ ਕਰਦੇ ਸਨ । ਕਈ ਵਰ੍ਹਿਆਂ ਤੋਂ ਕਿਸੇ ਨੇ ਉਥੇ ਜ਼ਮੀਨ ਵਿਚ ਇੱਕ ਪਾਣੀ ਦੇ ਕਿਸਮ ਦੀ ਚੀਜ਼ ਕੱਢੀ ਸੀ, ਜਿਹੜੀ ਬਲਦੀ ਤੇ ਰੌਸ਼ਨੀ ਦੇਂਦੀ ਸੀ । ਇਹਨੂੰ ਲੋਕ ਤੇਲ ਆਖਦੇ ਸਨ ਤੇ ਇਸ ਦੀ ਬੜੀ ਕਦਰ ਕਰਦੇ ਸਨ । ਏਥੋਂ ਤਕ ਕਿ ਜਿਥੇ ਜਿਥੇ ਇਹ ਤੇਲ ਨਿਕਲਦਾ ਸੀ, ਉਥੇ ਤਕੜੇ ਲੋਕ ਪਹਿਰਾ ਲਾ ਦੇਂਦੇ ਸਨ, ਤੇ ਮਾੜਿਆਂ ਨੂੰ ਆਪਣੀ ਮਰਜ਼ੀ ਮੁਤਾਬਕ ਦੇਂਦੇ ਸਨ । ਇਹਨਾਂ ਥਾਵਾਂ ਤੋਂ ਵੱਡੀਆਂ ਲੜਾਈਆਂ ਹੋਇਆ ਕਰਦੀਆਂ ਤੇ ਕਈ ਲੋਕ ਮਰ ਜਾਂਦੇ ਸਨ ।

ਇਸ ਤੇਲ ਦੀ ਰੌਸ਼ਨੀ ਵਿਚ ਮਨੁੱਖਾਂ ਦੇ ਨਕਸ਼ ਲੱਭਣ ਲੱਗ ਪਏ ਸਨ; ਲੋਕ, ਕਿਸੇ ਨੂੰ ਸੁਹਣਾ ਤੇ ਕਿਸੇ ਨੂੰ ਕੋਝਾ ਆਖਣ ਲੱਗ ਪਏ ਸਨ ਤੇ ਸੁਹਣਿਆਂ ਨਾਲ ਮਿਲ ਕੇ ਰਹਿਣ ਦਾ ਕਈਆਂ ਨੂੰ ਸ਼ੌਕ ਸੀ । ਇਹ ਸ਼ੌਕ ਜਦੋਂ ਈਰਖਾ ਵਿਚ ਵਟ ਜਾਂਦਾ ਤਾਂ ਖ਼ੂਨ-ਖ਼ਰਾਬੇ ਵੀ ਹੁੰਦੇ ਸਨ ।

ਜੰਗਲ ਵਿਚ ਬੀਮਾਰੀਆਂ ਬਹੁਤ ਸਨ । ਲੋਕਾਂ ਦੀਆਂ ਉਮਰਾਂ ਲੰਮੀਆਂ ਨਹੀਂ ਸਨ । ਬਹੁਤੇ ਲੋਕ ਪੰਝੀ ਵਰ੍ਹੇ ਤੋਂ ਪਹਿਲਾਂ ਮਰ ਜਾਂਦੇ ਸਨ । ਪੰਜਾਹ ਦੀ ਉਮਰ ਨੂੰ ਬੁਢਾਪਾ ਸਮਝਿਆ ਜਾਂਦਾ ਸੀ । ਹੱਦ ਤੀਹ ਪੈਂਤੀ ਵਰ੍ਹੇ ਦੀ ਉਮਰ ਤਕ ਲੋਕ ਜਵਾਨ ਸਮਝੇ ਜਾਂਦੇ ਸਨ । ਏਸ ਲਈ ਲੋਕ ਛੇਤੀ ਹੀ ਵਿਆਹ ਕਰ ਲੈਂਦੇ ਤੇ ਕਾਹਲੀ ਕਾਹਲੀ ਪਿਆਰ ਕਰਦੇ, ਮਤੇ ਬੁਢਾਪਾ ਆ ਜਾਏ । ਇਸ ਕਰਕੇ ਲੋਕਾਂ ਵਿਚ ਲਿੰਗ ਦਾ ਅਹਿਸਾਸ ਬੜਾ ਵਧਿਆ ਹੋਇਆ ਸੀ । ਪੈਂਤੀ ਵਰ੍ਹਿਆਂ ਤੋਂ ਹੇਠਾਂ ਹਰ ਇਸਤ੍ਰੀ ਮਰਦ ਜਦੋਂ ਮੌਕਾ ਮਿਲੇ ਲਿੰਗ ਦੀਆਂ ਗੱਲਾਂ ਹੀ ਕਰਦੇ ਸਨ — ਇਹਨਾਂ ਦੇ ਮਖ਼ੌਲ ਲਿੰਗ ਸੰਬੰਧੀ, ਏਥੋਂ ਤਕ ਕਿ ਇਹਨਾਂ ਲਿੰਗ ਦੀ ਪੂਜਾ ਸ਼ੁਰੂ ਕਰ ਦਿੱਤੀ, ਕਈ ਮੰਦਰਾਂ ਵਿਚ ਲਿੰਗ ਨੂੰ ਦੇਵਤਾ ਬਣਾ ਕੇ ਅਸਥਾਪਨ ਕਰ ਦਿੱਤਾ ਸੀ । ਅਵਲ ਤਾਂ ਚਾਲ੍ਹੀ ਵਰ੍ਹੇ ਤੋਂ ਬਾਅਦ ਲੋਕ ਮੁਰਦਾ-ਲਿੰਗ ਹੀ ਹੋ ਜਾਦੇ ਸਨ, ਪਰ ਜੇ ਕੋਈ ਚੰਗਾ ਭਲਾ ਰਹਿ ਜਾਂਦਾ ਤਾਂ ਉਸ ਦੀ ਹਾਲਤ ਬੜੀ ਖ਼ਰਾਬ ਹੁੰਦੀ ਸੀ । ਉਸ ਨੂੰ ਸਭ ਇਸਤ੍ਰੀਆਂ 'ਬਾਬਾ' ਆਖਦੀਆਂ, ਤੇ ਉਸ ਲਈ ਲਿੰਗ ਸੰਬੰਧੀ ਖ਼ਿਆਲ

ਕਰਨਾ ਵੀ ਅਜੀਬ ਗਿਣਿਆ ਜਾਂਦਾ ਸੀ । ਜੇ ਕੋਈ ਇਹੋ ਜਿਹਾ ਆਦਮੀ ਵਿਆਹ ਕਰਨ ਦੀ ਇੱਛਾ ਪ੍ਰਗਟ ਕਰਦਾ, ਜਾਂ ਸਾਥ ਦੀਆਂ ਰੁਚੀਆਂ ਦੱਸਦਾ ਤਾਂ ਲੋਕ ਉਸਨੂੰ ਝੱਲਾ ਆਖ ਕੇ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦੇ ਤੇ ਕਈ ਵਾਰੀ ਭਾਈਚਾਰੇ 'ਚੋਂ ਕੱਢ ਦੇਂਦੇ । ਏਥੇ ਮਾਨੋ ਪੈਂਤੀ-ਚਾਲ੍ਹੀ ਵਰ੍ਹੇ ਦੀ ਉਮਰ ਬਾਅਦ, ਹਰ ਕਿਸੇ ਦੀ ਛਾਤੀ ਵਿਚੋਂ ਪਿਆਰ-ਸ਼ਕਤੀ ਪੰਪ ਨਾਲ ਖਿੱਚ ਕੇ ਬਾਹਰ ਕੱਢ ਦਿੱਤੀ ਜਾਂਦੀ ਸੀ ।

ਹਰ ਕਿਸੇ ਨੂੰ ਚਾਲ੍ਹੀ ਵਰ੍ਹਿਆਂ ਤੋਂ ਪਹਿਲਾਂ ਲਿੰਗ-ਖ਼ਾਹਸ਼ਾਂ ਦੀ ਵਧ ਤੋਂ ਵਧ ਪੂਰਨਤਾ ਦੀ ਕਾਹਲ ਹੋਣ ਕਰਕੇ, ਹਰ ਕੋਈ ਮੌਕੇ ਦੀ ਤਲਾਸ਼ ਵਿਚ ਰਹਿੰਦਾ ਸੀ । ਇਸਤ੍ਰੀਆਂ ਇਕੱਲੀਆਂ ਬਾਹਰ ਨਹੀਂ ਸਨ ਨਿਕਲਦੀਆਂ, ਘਣੇ ਬ੍ਰਿਛਾਂ ਵਿਚੋਂ ਨਹੀਂ ਸਨ ਲੰਘਦੀਆਂ, ਕਿਉਂਕਿ ਚੰਗੇ ਤੋਂ ਚੰਗੇ ਆਦਮੀ ਕੋਲੋਂ ਵੀ ਇਕੱਲੀ ਇਸਤ੍ਰੀ ਨੂੰ ਵੇਖ ਕੇ ਕਾਬੂ ਵਿਚ ਰਹਿਣ ਦੀ ਆਸ ਨਹੀਂ ਸੀ ਰੱਖੀ ਜਾਂਦੀ । ਇਸ ਸਰਬ ਵਿਆਪੀ ਲਿੰਗ-ਬੇਸਬਰੀ ਨੇ ਸਰਬ ਵਿਆਪੀ ਈਰਖਾ ਪੈਦਾ ਕਰ ਰਖੀ ਸੀ । ਜਵਾਨ ਬੁੱਢੇ ਸਭ ਇਸਤ੍ਰੀਆਂ ਤੋਂ ਲੜਦੇ ਝਗੜਦੇ ਤੇ ਕਈ ਵਾਰੀ ਖ਼ੂਨ ਵੀ ਕਰਦੇ ਸਨ । ਇਸ ਮੁਸੀਬਤ ਤੋਂ ਬਚਣ ਲਈ ਲੋਕਾਂ ਨੇ ਇਸਤ੍ਰੀਆਂ ਨੂੰ ਲੁਕਾ ਛੁਪਾ ਕੇ ਰਖਣਾ ਸ਼ੁਰੂ ਕਰ ਦਿੱਤਾ, ਮੋਟੇ ਮੋਟੇ ਉਛਾੜ ਸਿਰ ਤੋਂ ਪੈਰਾਂ ਤਕ ਇਸਤ੍ਰੀਆਂ ਉਤੇ ਚਾੜ੍ਹ ਦਿੱਤੇ, ਆਪਣੇ ਮਕਾਨਾਂ ਦੀਆਂ ਕੰਧਾਂ ਉੱਚੀਆਂ ਕਰ ਦਿੱਤੀਆਂ, ਬਾਰੀਆਂ ਨੂੰ ਚਿੱਕਾਂ ਤੇ ਸੀਖਾਂ ਲਾ ਦਿੱਤੀਆਂ ।

ਬੰਦ ਹੋਣ ਕਰਕੇ, ਇਸਤ੍ਰੀਆਂ ਆਪਣੇ ਮਨ-ਮਰਜ਼ੀ ਦੇ ਸਾਥੀ ਨਹੀਂ ਸਨ ਚੁਣ ਸਕਦੀਆਂ । ਮਰਦ ਆਪਣੀ ਮਰਜ਼ੀ ਨਾਲ ਇਸਤ੍ਰੀ ਨੂੰ ਇੱਕ ਘਰੋਂ ਕੱਢ ਕੇ ਦੂਜੇ ਘਰ ਛੱਡ ਆਉਂਦਾ । ਹੁਣ ਕਈ ਲੂਲ੍ਹੇ, ਲੰਗੜੇ, ਰੱਤ-ਹੀਣ ਅਮੀਰ ਦੋ-ਦੋ ਤਿੰਨ-ਤਿੰਨ ਇਸਤ੍ਰੀਆਂ ਰਖ ਸਕਦੇ ਸਨ, ਤੇ ਕਈ ਸਡੋਲ ਸੂਰਮਿਆਂ ਨੂੰ ਇਸਤ੍ਰੀ ਦਾ ਮੂੰਹ ਵੇਖਣਾ ਵੀ ਨਹੀ ਸੀ ਮਿਲਦਾ ।

ਇਹਨਾਂ ਬੰਧਨਾਂ ਕਰਕੇ ਇਸਤ੍ਰੀਆਂ ਦੇ ਰੰਗ ਹੋਰ ਵੀ ਪੀਲੇ ਲੱਗਣ ਲੱਗ ਪਏ । ਇਹਨਾਂ ਦੀ ਮੁਰਦਨੀ ਨੂੰ ਕੁਝ ਸ਼ੋਖ਼ ਕਰਨ ਲਈ ਦਰਖ਼ਤਾਂ ਦੀ ਛਿੱਲ ਵਿਚੋਂ ਰਾਂਗਲਾ ਰਸ ਕੱਢਿਆ ਗਿਆ । ਹਰੇਕ ਇਸਤ੍ਰੀ ਜਦੋਂ ਕਿਸੇ ਮਰਦ ਦੇ ਸਾਹਮਣੇ ਆਉਂਦੀ, ਆਪਣੇ ਬੁੱਲ੍ਹਾਂ ਉਤੇ ਰੰਗ ਲਾ ਲੈਂਦੀ, ਇਸ ਰੰਗ ਦੀ ਲੋੜ ਏਨੀ ਵਧ ਗਈ ਕਿ ਕਈ ਕਾਰਖ਼ਾਨੇ ਇਸ ਰੰਗ ਦੇ ਖੁੱਲ੍ਹ ਗਏ ।

ਹੌਲੀ ਹੌਲੀ ਇਸਤ੍ਰੀਆਂ ਵਿਚ ਅਸੰਤੁਸ਼ਟਤਾ ਬੜੀ ਵਧ ਗਈ। ਘਰਾਂ ਵਿਚ ਬੰਦ ਰਹਿਣ ਕਰਕੇ ਸਿਹਤ ਵਿਗੜ ਗਈ ਤੇ ਅਪੂਰਨ ਖ਼ਾਹਿਸ਼ਾਂ ਦੀ ਖੁੜ੍ਹ-ਖੁੜ੍ਹ ਨੇ ਦਿਲ ਦੀ ਧੜਕਣ ਵਧਾ ਦਿਤੀ। ਘਰ-ਘਰ ਵਿਚ ਹੱਥ ਮੁੜਨੇ, ਗ਼ਸ਼ਾਂ ਪੈਣੀਆਂ, ਝੱਲ ਖਿਲਾਰਣਾ ਸ਼ੁਰੂ ਹੋ ਗਿਆ। ਲੋਕਾਂ ਨੇ ਇਸ ਨੂੰ ਭੂਤਾਂ ਦੀ ਕਾਰਸਤਾਨੀ ਸਮਝ ਕੇ ਮੰਦਰਾਂ ਵਿਚੋਂ ਮਦਦ ਮੰਗੀ। ਕਈ ਭੂਤਾਂ ਦੇ ਮਾਹਿਰ ਪੈਦਾ ਹੋ ਗਏ।

ਇਸ ਤਰ੍ਹਾਂ ਦੇ ਲਿੰਗ-ਪੁਆੜਿਆਂ ਨੇ ਭਾਈਚਾਰਕ ਜੀਵਨ ਬਿਲਕੁਲ ਦੁਖੀ ਕਰ ਦਿੱਤਾ। ਸਿਆਣਿਆਂ ਨੇ ਇਸ ਮਸਲ੍ਹੇ ਨੂੰ ਹੀ ਸਾਊਪੁਣੇ 'ਚੋਂ ਖ਼ਾਰਜ ਕਰ ਦਿੱਤਾ। ਇਸ ਉਤੇ ਗਰੰਥ ਲਿਖੇ ਗਏ, ਬ੍ਰਹਮਚਰਯ ਨੂੰ ਨੇਕੀ ਦੀ ਸਿਖਰ ਆਖਿਆ ਗਿਆ। ਭੋਗ ਨੂੰ ਬਜਰ ਪਾਪ ਦੱਸਿਆ ਗਿਆ। ਕਈਆਂ ਨੇ ਇਸ ਤੋਂ ਪ੍ਰਭਾਵਿਤ ਹੋ ਕੇ ਲਿੰਗ ਕਟਵਾ ਸੁੱਟੇ, ਪਰ ਬਹੁਤਿਆਂ ਨੇ ਇਸ ਦੇ ਅਭਿਆਸ ਦੇ ਕਈ ਗੁਪਤ ਢੰਗ ਕੱਢ ਲਏ। ਕਈ ਗੁਪਤ ਸ਼ਾਸਤ੍ਰ ਇਸ ਮਸਲ੍ਹੇ ਉਤੇ ਲਿਖੇ ਜਾਣ ਲਗ ਪਏ। ਕਈ ਗੁਪਤ ਰੋਗ ਪੈਦਾ ਹੋ ਗਏ, ਤੇ ਕਈ ਗੁਪਤ ਹਕੀਮ ਬਣ ਗਏ। ਭਾਈਚਾਰੇ ਦਾ ਲਿੰਗ-ਜੀਵਨ ਨਰਕ ਰੂਪ ਹੋ ਗਿਆ। ਪਰ ਕੋਈ ਖੁਲ੍ਹ ਕੇ ਇਸ ਬਾਰੇ ਗੱਲ ਨਾ ਕਰੇ।

ਸੂਰਜ ਦੀ ਗਰਮੀ ਬੜੀ ਘੱਟ ਹੋਣ ਕਰਕੇ ਮੌਸਮ ਠੰਡਾ ਰਹਿੰਦਾ ਸੀ, ਠੰਢੀ ਪੌਣ ਤੋਂ ਬਚਣ ਲਈ ਲੋਕ ਮਕਾਨਾਂ ਨੂੰ ਬੂਹੇ ਬਾਰੀਆਂ ਬੜੇ ਘੱਟ ਰਖਦੇ ਸਨ, ਤੇ ਲੱਕੜੀ ਬਹੁਤ ਹੋਣ ਕਰਕੇ ਘਰਾਂ ਅੰਦਰ ਬਹੁਤਾ ਸਮਾਂ ਅੱਗ ਬਾਲੀ ਰਖਦੇ ਸਨ। ਇਸ ਤਰ੍ਹਾਂ ਤਾਜ਼ਾ ਹਵਾ ਦੀ ਘਾਟ ਕਰਕੇ ਉਹਨਾਂ ਨੂੰ ਭੁੱਖ ਘੱਟ ਲਗਦੀ ਸੀ। ਕਈ ਦਰਖ਼ਤਾਂ ਦੇ ਫਲਾਂ ਵਿਚ ਭੁੱਖ ਚਮਕਾਣ ਦੀ ਸਿਫ਼ਤ ਵੇਖੀ ਗਈ ਸੀ। ਇਹਨਾਂ ਤੋਂ ਬਣਾਏ ਮਸਾਲਿਆਂ ਦੀ ਵਰਤੋਂ ਹੁਣ ਆਮ ਹੋ ਗਈ। ਖ਼ੁਰਾਕ ਦੀਆਂ ਚੀਜ਼ਾਂ ਨਾਲੋਂ ਮਸਾਲੇ ਮਹਿੰਗੇ ਵਿਕਦੇ ਸਨ। ਫੇਫੜਿਆਂ ਦਾ ਕੰਮ ਘਟ ਜਾਣ ਕਰਕੇ ਸਰੀਰ ਦਾ ਇਹ ਭਾਗ ਕਮਜ਼ੋਰ ਹੋਣ ਲਗ ਪਿਆ — ਫੇਫੜਿਆਂ ਦੀਆਂ ਕਈ ਬੀਮਾਰੀਆਂ ਪੈਦਾ ਹੋ ਗਈਆਂ ਸਨ — ਜਿਨ੍ਹਾਂ ਵਿਚੋਂ ਖੰਘ-ਤਾਪ ਬੜੀ ਆਮ ਸੀ। ਇਸ ਦੇ ਮਰੀਜ਼ ਬਹੁਤ ਘਟ ਬਚਦੇ ਸਨ। ਔਸਤ ਉਮਰ ਉਥੇ ਮਸਾਂ ਛੱਬੀ ਸਾਲ ਸੀ। ਅਨੇਕਾਂ ਲੋਕ ਛੱਬੀ ਵਰ੍ਹੇ ਤੋਂ ਪਹਿਲਾਂ ਹੀ ਮਰ ਜਾਂਦੇ ਸਨ।

ਇਸ ਦੁਖਦਾਈ ਤੇ ਆਸ-ਤੋੜ ਅਵਸਥਾ ਉਤੇ ਕਈ ਭਾਸ਼ਣ ਵੀ ਹੁੰਦੇ

ਸਨ, ਕਿਤਾਬਾ ਰਾਹੀਂ ਵੀ ਲੋਕਾਂ ਦਾ ਧਿਆਨ ਇਸ ਪਾਸੇ ਦੁਆਇਆ ਜਾਂਦਾ ਸੀ। ਕੰਵਾਰਿਆ ਕੰਵਾਰੀਆਂ ਦੀਆਂ ਕਈ ਸੰਸਥਾਵਾਂ ਪੈਦਾ ਹੋ ਗਈਆਂ। ਇਹਨਾਂ ਨੂੰ ਲੋਕ 'ਦੇਵ-ਦੇਵੀਆਂ' ਆਖਿਆ ਕਰਦੇ ਸਨ। ਇਹਨਾਂ ਸੰਸਥਾਵਾਂ ਨੇ ਮੰਦਰਾਂ ਵਿਚ ਦਿਲਚਸਪੀ ਵਧਾ ਦਿਤੀ। ਮੰਦਰਾਂ ਵਿਚ ਗਹਿਮਾ-ਗਹਿਮ ਹੋ ਗਈ। ਕਿਸੇ ਥਾਂ ਕਿਸੇ ਦੇਵੀ ਦੀ ਸ਼ੁਹਰਤ ਦਿੱਸੇ ਤੇ ਕਿਸੇ ਥਾਂ ਕਿਸੇ ਦੇਵ ਬ੍ਰਹਮਚਾਰੀ ਦੀ ਸ਼ੋਭਾ। ਇਸਤ੍ਰੀਆਂ ਮਰਦ ਹੁਮਾ ਹੁਮਾ ਕੇ ਇਹਨਾਂ ਥਾਵਾਂ ਉਤੇ ਜਾਂਦੇ ਸਨ। ਬੜੇ ਵੱਡੇ ਮੇਲੇ ਲੱਗਣ ਲਗ ਪਏ।

ਇਕ ਵਾਰੀ ਸਾਰੇ ਮੁਲਕ ਵਿਚ ਸਨਸਨੀ ਫੈਲ ਗਈ। ਇਕ ਕੰਵਾਰੀ ਦੇਵੀ ਨੂੰ ਗਰਭ ਹੋ ਗਿਆ। ਪਹਿਲੋਂ ਤਾਂ ਲੋਕ ਬੜੇ ਹੈਰਾਨ ਤੇ ਨਿਰਾਸ ਹੋਏ, ਪਰ ਦੇਵੀ ਦੀ ਸਹੁੰ ਉਤੇ ਯਕੀਨ ਕਰ ਕੇ ਉਹਨਾਂ ਇਸ ਨੂੰ ਈਸ਼ਵਰੀ ਗਰਭ ਮੰਨ ਲਿਆ। ਚੋਤਰਫ਼ੀ ਖ਼ੁਸ਼ੀਆਂ ਮਨਾਈਆਂ ਗਈਆਂ ਕਿ ਦੁਖੀ ਲੋਕਾਂ ਦੀ ਨਜਾਤ ਦਾ ਵਸੀਲਾ ਆਇਆ ਸੀ। ਪਰ ਇਹ ਖ਼ੁਸ਼ੀ ਕਿਰਕਿਰੀ ਜਿਹੀ ਹੋ ਗਈ, ਜਦੋਂ ਕਈ ਥਾਵਾਂ ਤੋਂ ਕੰਵਾਰੀਆਂ ਦੇਵੀਆਂ ਦੇ ਬੱਚੇ ਹੋਣ ਦੀਆਂ ਖ਼ਬਰਾਂ ਆਉਣ ਲੱਗ ਪਈਆਂ। ਪੜਤਾਲ ਕਰਨ ਲਈ ਕੁਝ ਸਿਆਣੇ ਨੀਯਤ ਕੀਤੇ ਗਏ। ਪਤਾ ਲੱਗਾ ਕਿ ਕੰਵਾਰੇ ਦੇਵਾਂ ਦੇਵੀਆਂ ਵਿਚ ਕੰਵਾਰਾਪਨ ਵਿਆਹਿਆਂ ਨਾਲੋਂ ਵੀ ਘੱਟ ਹੈ।

ਸਾਰੀ ਸੰਸਥਾ ਡਗਾਮਗਾ ਉਠੀ। ਲੋਕਾਂ ਵਿਚ ਸ਼ਰਧਾ ਘੱਟ ਗਈ, ਵਿਸ਼ਵਾਸ ਵਿਚ ਸ਼ੰਕੇ ਉਠਣ ਲੱਗ ਪਏ। ਕਈ ਨੌਜਵਾਨ ਸਾਰੇ ਪ੍ਰਚਲਤ ਸਿਲਸਿਲੇ ਨਾਲ ਅਸੰਤੁਸ਼ਟ ਹੋ ਗਏ। ਕਈ ਖ਼ੁਦਕੁਸ਼ੀਆਂ ਦੀ ਖ਼ਬਰ ਸੁਣੀ ਗਈ, ਕਈ ਘਰਾਂ ਤੋਂ ਨਿਕਲ ਗਏ। ਆਖਿਆ ਜਾਣ ਲੱਗ ਪਿਆ, ਕਿ ਇਸ ਜੰਗਲ ਨੂੰ ਜਿਹੜਾ ਪਾਰ ਕਰ ਲਏ, ਉਹ ਸੂਰਜ ਭਗਵਾਨ ਦੇ ਰੂਬਰੂ ਹੋ ਜਾਏਗਾ। ਉਥੇ ਸਦੀਵੀ ਖੇੜਾ ਰਹਿੰਦਾ ਹੈ।

ਕਈਆਂ ਦੀਆਂ ਲਾਸ਼ਾਂ ਦੂਰ ਦੂਰ ਜੰਗਲਾਂ ਵਿਚੋਂ ਮਿਲੀਆਂ, ਕਈਆਂ ਨੂੰ ਜੰਗਲੀ ਜਾਨਵਰਾਂ ਨੇ ਪਾੜ ਖਾਧਾ, ਕਈ ਆਪਣੇ ਜਤਨ ਦੀ ਅਸੰਭਵਤਾ ਦੇ ਖ਼ਿਆਲ ਨਾਲ ਚੂਰ ਹੋ ਕੇ ਢਹਿ ਪਏ, ਕਈ ਠੰਡ ਨਾਲ ਜੰਮ ਗਏ, ਕਈ ਮੁੜ ਆਏ, ਕਈਆਂ ਨੂੰ ਸੰਬੰਧੀ ਮੋੜ ਲਿਆਏ।

ਪਰ ਕਈ ਟਾਵੇਂ ਆਪਣੇ ਥੱਕੇ ਟੁੱਟੇ ਸਰੀਰਾਂ ਨੂੰ ਝਾੜੀਆਂ, ਕੰਡਿਆਂ, ਸੰਘਣੇ ਦਰਖ਼ਤਾਂ 'ਚੋਂ ਧਰੀਕੀ ਤੁਰੇ ਜਾ ਰਹੇ ਸਨ। ਕਦੇ ਕਦੇ ਉਨ੍ਹਾਂ ਨੂੰ

ਜਾਪਦਾ ਸੀ ਕਿ ਹਨੇਰਾ ਘੱਟ ਰਿਹਾ ਹੈ, ਕੁਝ ਨਿੱਘ ਵੀ ਵਧਦਾ ਜਾਪਦਾ ਸੀ । ਪਿੱਛਾ ਦੂਰ ਹੋ ਜਾਣ ਕਰਕੇ ਉਹ ਅਗੇ ਹੀ ਕਦਮ ਵਧਾਂਦੇ ਸਨ । ਕਦੇ ਕਦੇ ਥੱਕ ਕੇ ਡਿੱਗ ਪੈਂਦੇ, ਤੇ ਕਿਸੇ ਕਿਸੇ ਪਾਸਿਓਂ ਇਹ ਹਸਰਤ ਭਰੀ ਆਵਾਜ਼ ਆਉਂਦੀ :

'ਆਹ ! ਕਦੇ ਇੱਕ ਕਿਰਨ ਵੀ ਉਸ ਸੁਨਹਿਰੀ ਮੁਖੜੇ ਦੀ ਮੇਰੀਆਂ ਅੱਖਾਂ ਵਿਚ ਪੈ ਜਾਂਦੀ ।'

"ਅੱਜ ਉੱਠਣਾ ਨਹੀਂ ਸੀ ? ਮੈਂ ਜਾਤਾ ਤੁਸੀਂ ਰਾਜ਼ੀ ਨਹੀਂ ਹੋਣੇ — ਵੇਖੋ ਸੂਰਜ ਚੜ੍ਹਨ ਵਾਲਾ ਜੇ !"

ਮੈਂ ਅੱਖਾਂ ਖੋਲ੍ਹੀਆਂ । ਮੇਰੀ ਪਤਨੀ ਸਿਰਹਾਣੇ ਖੜੀ ਸੀ । ਅਗੇ ਕਦੇ ਮੈਨੂੰ ਕੋਈ ਜਗਾਣ ਨਹੀਂ ਆਇਆ । ਮੈਂ ਨੇਮ ਨਾਲ ਸਾਢੇ ਪੰਜ ਵਜੇ ਉਠਦਾ ਹਾਂ । ਜਿਸ ਜਿਸ ਨੂੰ ਜਿਹੜੇ ਵੇਲੇ ਜਗਾਣਾ ਹੁੰਦਾ ਹੈ, ਮੈਂ ਜਗਾਂਦਾ ਹਾਂ । ਪਰ ਅੱਜ ... ... ...

ਮੈਂ ਤੱਕਿਆ, ਮੇਰੇ ਸਾਹਮਣੇ, ਸੱਜੇ ਪਾਸੇ, ਆਕਾਸ਼ ਪਿਆ ਭਖ਼ਦਾ ਸੀ । ਓਸੇ ਘੜੀ ਬ੍ਰਿਛਾਂ ਦੇ ਉਤੇ ਇੱਕ ਸੁਨਹਿਰੀ ਕਿੰਗਰਾ ਉੱਚਾ ਹੋਇਆ, ਉਏਂ ਡਲ੍ਹ ਡਲ੍ਹ ਕਰਦੀ ਗੋਲਾਈ ਪੂਰਨ ਹੋ ਗਈ । ਮੈਂ ਗੁਆਂਢੀ ਕੋਠੀ ਵਲ ਤੱਕਿਆ — ਪਰਛਾਵਾਂ ਨਹੀਂ, ਉਹ ਸੂਰਜ ਨਾਲ ਰੱਤੀ ਦਿੱਸ ਰਹੀ ਸੀ । ਪੈਲੀਆਂ, ਸੜਕਾਂ ਸਭ ਉਤੇ ਸੋਨਾ ਧੂੜਿਆ ਜਾਪਦਾ ਸੀ । ਮੈਂ ਪ੍ਰਸੰਨ ਸਾਂ ।

ਪਰ ਇਹ ਯਾਦ ਜਿਹੀ ਕੀ ਸੀ ? — ਸਾਹ-ਘੁੱਟਣੇ ਹਨੇਰੇ ਦੀ; ਸਾਂ ਸਾਂ ਕਰਦੇ ਘਣਘੋਰ ਜੰਗਲ ਦੀ, ਮੁਰਝਾਏ ਫੁੱਲਾਂ, ਪੀਲੇ ਚਿਹਰਿਆਂ, ਮੰਦਰਾਂ, ਦੇਵੀਆਂ, ਦੇਵਤਿਆਂ ਤੇ ਲਿੰਗ ਲੱਚਦੇ ਭਲਮਣਸਊ ਤੇ ਪਰਦਿਆਂ ਓਹਲਿਆਂ ਵਿਚੋਂ ਝਾਕਦੀ ਮਨੁੱਖਤਾ ਦੀ !

ਸਾਹਮਣਾ ਸੂਰਜ ਮੈਨੂੰ ਭੁੱਲ ਗਿਆ । ਸ਼ਾਇਦ ਮੈਨੂੰ ਕੋਈ ਸੁਪਨਾ ਆਇਆ ਸੀ । ਮੈਂ ਸੋਚਿਆ, "ਆਹ ! ਏਡਾ ਸਾਫ਼ ਸੁਪਨਾ ਮੈਨੂੰ ਕਦੇ ਕਦੇ ਹੀ ਆਉਂਦਾ ਹੈ ।" ਇੱਕ ਇੱਕ ਅੰਗ ਕਾਹਨੂੰ, ਮੈਨੂੰ ਇੱਕ ਇੱਕ ਲਕੀਰ ਉਸ ਦੀ ਯਾਦ ਆ ਗਈ -- ਉਹ ਤੇਲ ਦੇ ਖੂਹਾਂ ਉਤੇ ਪਹਿਰਾ, ਉਨ੍ਹਾਂ ਦੀ ਮਾਲਕੀ ਤੋਂ ਲੜਾਈ ਘਾਮੇ, ਬੇਡੋਲ ਅਮੀਰਾਂ ਦੀਆਂ ਹਰਮ-ਸਰਾਵਾਂ ਵਿਚ ਰੋ ਰੋ ਕੇ ਘੁਲਦਾ ਹੁਸਨ, ਉੱਚੀ ਚਾਰ-ਦੀਵਾਰੀ ਉਤੇ ਲੱਗੀਆਂ ਨੋਕਦਾਰ ਸੀਖਾਂ ਨਾਲ

ਹੱਥ ਪੈਰ ਛਿੱਲਦੀ ਸੁਹਣੀ ਜਵਾਨੀ, ਚਾਨਣ ਲਈ ਤਰਸਦੀਆਂ ਅੱਖਾਂ, ਜੀਉਣ ਲਈ ਧੜਕੂੰ ਧੜਕੂੰ ਕਰਦੇ ਦਿਲ, ਆਕਾਸ਼ ਵਲ ਉੱਡ ਜਾਣ ਲਈ ਤੇ ਸੰਘਣੀਆਂ ਹੱਦਾਂ ਤੋਂ ਪਾਰ ਕਿਸੇ ਸੁਤੰਤ੍ਰ ਧਰਤੀ ਵਿਚ ਪਹੁੰਚ ਨਿਕਲਣ ਲਈ ਬਾਗ਼ੀ ਹੁੰਦੀ ਮਨੁੱਖਤਾ ।

ਮੈਨੂੰ ਊਂਘ ਆ ਗਈ, ਜਤਨ ਨਾਲ ਮੈਂ ਅੱਖਾਂ ਖੋਲ੍ਹੀਆਂ । ਮੈਂ ਉਠਣਾ ਚਾਹੁੰਦਾ ਸਾਂ — ਪਰ ਮੈਂ ਉੱਠ ਨਾ ਸਕਿਆ । ਹੁਣ ਫੇਰ ਹਨੇਰਾ ਹੋ ਗਿਆ ਸੀ । ਮੈਂ ਇੱਕ ਦਰਖ਼ਤ ਦੀ ਜੜ੍ਹ ਨਾਲ ਠੇਡਾ ਖਾ ਕੇ ਡਿੱਗ ਪਿਆ ਸਾਂ । ਮੈਂ ਆਪਣਾ ਪੈਰ ਘੁੱਟਿਆ । ਪਿਛਾਂਹ ਤੱਕਿਆ, ਕੁਝ ਨਹੀਂ ਸੀ ਦਿੱਸਦਾ, ਡੂੰਘੀ ਕਾਲਖ਼ ਸੀ । ਮੈਂ ਅਗਾਂਹ ਤੱਕਿਆ । ਕਝ ਘੁਸ-ਮੁਸਾ ਸੀ । ਕਈਆਂ ਦਰਖ਼ਤਾਂ ਦੇ ਟਹਿਣ ਦਿੱਸਦੇ ਸਨ । ਕਦੇ ਕੋਲੋਂ ਦੀ ਕੋਈ ਜਾਨਵਰ ਵੀ ਦੌੜ ਜਾਂਦਾ ਦਿੱਸ ਪੈਂਦਾ ਸੀ ।

ਮੇਰੇ ਅੰਦਰ ਕੋਈ ਆਸ ਧੜਕੀ । ਮੈਂ ਸਮਝਿਆ ਸੀ, ਐਤਕੀਂ ਡਿੱਗਾ ਮੈਂ ਉੱਠ ਨਹੀਂ ਸਕਾਂਗਾ । ਉਠਿਆ ਕੰਮ ਵੀ ਕਿਹੜੇ — ਪੈਂਡਾ ਅਮੁੱਕ ਸੀ — ਅੱਗਾ ਪਿੱਛਾ ਇੱਕੋ ਜਿਹਾ ਹਨੇਰਾ ਸੀ । ਪਰ ਹੁਣ ਫ਼ਰਕ ਸੀ । ਸ਼ਾਇਦ ਜੰਗਲ ਦਾ ਅੰਤ ਆ ਗਿਆ ਸੀ । ਥੋੜੀ ਦੂਰ ਉਹ ਸੁਨਹਿਰੀ ਧਰਤੀ ਹੋਵੇ ਜਿਥੇ ਨਿੱਤ ਸੂਰਜ ਚੜ੍ਹਦਾ, ਫੁੱਲ ਖਿੜਦੇ, ਫੱਲ ਪੱਕਦੇ, ਲਹੂ ਨਿੱਘਾ ਹੁੰਦਾ, ਤੇ ਲੋਕ ਮੰਦਰਾਂ ਵਿਚ ਪੂਜਾ ਕਰਨ ਦੀ ਥਾਂ ਰੋਜ਼ ਸੂਰਜ ਦੇ ਰੂਬਰੂ ਹੋ ਲੈਂਦੇ ਹੋਣਗੇ — ਸੂਰਜ ਉਨ੍ਹਾਂ ਦੀ ਨਿਰੀ ਪੂਜਾ ਹੀ ਨਹੀਂ, ਉਨ੍ਹਾਂ ਦੀ ਖ਼ੁਰਾਕ, ਪੁਸ਼ਾਕ, ਖ਼ੁਸ਼ੀ ਤੇ ਮਨੋਰਥ ਹੋਵੇਗਾ ।

ਮੈਂ ਡਰਿਆ ਸਾਂ, ਇਹ ਮੇਰਾ ਅਖ਼ੀਰਲਾ ਠੇਡਾ ਸੀ, ਮੇਰੀ ਤਾਕਤ ਮੁੱਕ ਚੁੱਕੀ ਸੀ । ਪਰ ਮੈਂ ਸਾਹਮਣੇ ਚਾਨਣ ਦਾ ਘੁਸ-ਮੁਸਾ ਵੇਖ ਕੇ ਫੇਰ ਉਠਿਆ, ਮੇਰੇ ਪੈਰ ਤੁਰਦੇ ਸਨ । ਮੇਰੀਆਂ ਬਾਹਵਾਂ ਟਹਿਣੀਆਂ ਨੂੰ ਪਰ੍ਹਾਂ ਕਰ ਸਕਦੀਆਂ ਸਨ । ਨਹੀਂ, ਨਹੀਂ, ਮੈਂ ਬੜਾ ਤਕੜਾ ਸਾਂ । ਮੇਰਾ ਥਕੇਵਾਂ ਘਟਦਾ ਜਾ ਰਿਹਾ ਸੀ । ਚਾਨਣ ਵਧਦਾ ਜਾ ਰਿਹਾ ਸੀ ।

ਜੰਗਲ ਪਤਲਾ ਹੁੰਦਾ ਗਿਆ, ਕਈ ਰਾਹ ਨਜ਼ਰੀਂ ਪੈਣੇ ਸ਼ੁਰੂ ਹੋ ਗਏ । ਮੈਂ ਦੌੜਨ ਲੱਗ ਪਿਆ । ਮੈਨੂੰ ਬੜਾ ਕੁਝ ਦਿਖਾਈ ਦਿੱਤਾ — ਦੂਰ ਸਾਰੇ ਸੜਕਾਂ, ਬਾਗ, ਮਕਾਨ, ਗੱਡੀਆਂ — ਤੇ ਕਿੰਨਾ ਕੁਝ ਜਿਹੜਾ ਮੈਂ ਕਦੇ ਵੇਖਿਆ

ਨਹੀਂ ਸੀ ।

ਜੰਗਲ ਮੁੱਕ ਗਿਆ ਸੀ । ਮੇਰੇ ਅੰਦਰੋਂ ਵੀ ਹਨੇਰਾ ਮੁੱਕ ਗਿਆ ਸੀ । ਮੈਂ ਹੁਣ ਦਲੇਰੀ ਨਾਲ ਤੁਰਦਾ ਤੇ ਵੇਖਦਾ ਸਾਂ ।

ਮੈਂ ਮਹਿਸੂਸ ਕੀਤਾ ਕਿ ਮੇਰੇ ਪੈਰ ਹੌਲੇ ਹੌਲੇ ਹੁੰਦੇ ਜਾਂਦੇ ਸਨ, ਮੇਰੇ ਸਾਰੇ ਅੰਗਾਂ ਵਿਚ ਨਿੱਘ ਸੀ । ਦੁਆਲੇ ਦੀ ਪੌਣ ਠਾਰਣ ਦੀ ਥਾਂ ਗਰਮਾਂਦੀ ਸੀ, ਮੈਂ ਤੇਜ਼ ਤੇਜ਼ ਤੁਰ ਰਿਹਾ ਸਾਂ । ਇਕ ਪਾਸਿਓਂ ਚਾਨਣ ਤੇ ਗਰਮੀ ਦਾ ਹੜ੍ਹ ਜਿਹਾ ਆ ਰਿਹਾ ਸੀ । ਮੈਂ ਉਧਰ ਤੱਕਿਆ । ਮੇਰੀਆਂ ਅੱਖਾਂ ਮੀਟੀਆਂ ਗਈਆਂ । ਗੋਲ ਅਗਨੀ ਦਾ ਝਿਮ-ਝਿਮ ਕਰਦਾ ਥਾਲ ਸੀ । ਮੈਂ ਸਮਝ ਗਿਆ, ਇਹੀ ਸੀ ਜਿਹੜਾ ਸਾਡੇ ਬਜ਼ੁਰਗਾਂ 'ਚੋਂ ਕਿਸੇ ਬਹਾਦਰ ਨੇ ਦਰਖ਼ਤਾਂ ਦੀ ਸਿਖਰ ਉਤੇ ਚੜ੍ਹ ਕੇ ਵੇਖਿਆ, ਕਿਸੇ ਨੇ ਇਹਨੂੰ ਗੋਲ ਤੇ ਕਿਸੇ ਨੇ ਚੋੜਾ ਆਖਿਆ ਸੀ, ਤੇ ਲੋਕਾਂ ਨੇ ,ਇਸਦੀ ਪੂਜਾ ਲਈ ਮੰਦਰ ਬਣਾਏ ਸਨ । ਇਹੀ ਸੀ ਜਿਸ ਦੀ ਸਾਡੇ ਦੇਸ ਵਿਚ ਹਰ ਕਿਸੇ ਨੂੰ ਤਾਂਘ ਸੀ । ਇਹੀ ਸੂਰਜ ਭਗਵਾਨ ਸੀ । ਮੈਂ ਨਮਸਕਾਰ ਕੀਤੀ । ਆਹ ! ਮੈਂ ਉਸ ਦੇ ਰੂਬਰੂ ਖਲੋਤਾ ਸਾਂ, ਜਿਸ ਦੇ ਕਿਆਸਾਂ ਨੇ ਮੇਰੇ ਦੇਸ ਵਿਚ ਅਨੇਕਾਂ ਵੰਡੀਆਂ ਪਾਈਆਂ ਹੋਈਆਂ ਸਨ ।

ਮੈਂ ਤੁਰਦਾ ਗਿਆ । ਜੰਗਲ ਪਿਛਾਂਹ ਰਹਿ ਗਿਆ । ਕਈ ਰਾਹ ਬਣੇ ਨਜ਼ਰੀ ਆਏ, ਇਨ੍ਹਾਂ ਰਾਹਾਂ ਦੇ ਆਸ ਪਾਸ ਹਰੀਆਂ ਖੇਤੀਆਂ ਸਨ । ਛੋਟੇ ਛੋਟੇ ਦਰਖ਼ਤ ਫੁੱਲਾਂ ਨਾਲ ਲੱਦੇ ਹੋਏ ਸਨ, ਉਨ੍ਹਾਂ ਦੇ ਪੁਸ਼ਪੰ-ਕਟੋਰਿਆਂ ਵਿਚੋਂ ਸੁਗੰਧੀ ਪੌਣ ਵਿਚ ਮਿਲ ਰਹੀ ਸੀ । ਸਾਡੇ ਦੇਸ ਵਿਚ ਮੁਰਝਾਏ ਕੁਮਲਾਏ ਫੁੱਲਾਂ ਨੂੰ ਲੋਕ ਸਾਂਭ ਕੇ ਰਖਦੇ ਸਨ । ਇਹ ਤਾਜ਼ਗੀ ਕਿਸੇ ਦੇ ਅਨੁਮਾਨ ਵਿਚ ਨਹੀਂ ਸੀ ਹੋ ਸਕਦੀ । ਮੇਰਾ ਜੀਅ ਕੀਤਾ ਮੈਂ ਹੱਥ ਲਾ ਕੇ ਵੇਖਾਂ, ਪਰ ਮੈਂ ਡਰਦਾ ਸਾਂ, ਕੋਈ ਮਾਲਕ ਗੁਸੇ ਨਾ ਹੋਵੇ, ਕਿਉਂਕਿ ਸਾਡੇ ਦੇਸ ਵਿਚ ਸਿਵਾਏ ਜੰਗਲ ਦੇ ਦਰਖ਼ਤਾਂ ਦੇ, ਹਰ ਚੀਜ਼ ਕਿਸੇ ਦੀ ਮਾਲਕੀ ਵਿਚ ਹੁੰਦੀ ਸੀ । ਮੈਂ ਏਧਰ ਓਧਰ ਤੱਕਿਆ । ਕੋਈ ਦਿੱਸਿਆ ਨਾ । ਮੈਂ ਆਖਿਆ ਬੂਟੇ ਦੇ ਕੋਲ ਜਾ ਕੇ ਹੀ ਵੇਖਾਂ, ਫੁੱਲਾਂ ਦੀ ਇਹ ਸਵਰਗੀ ਖ਼ੁਸ਼ਬੋ ਸੁੰਘਾਂ ।

ਬੂਟੇ ਨਾਲ ਕੋਈ ਖਲੋਤਾ ਹੋਇਆ ਸੀ । ਵੇਖ ਕੇ ਮੈਂ ਠਠੰਬਰ ਗਿਆ । ਸ਼ਕਲੋਂ ਇਹ ਇਸਤ੍ਰੀ ਦਿੱਸਦੀ ਸੀ — ਮੈਂ ਉਸ ਦੀ ਭਰਵੀਂ ਛਾਤੀ ਨੂੰ ਕਈ ਵਾਰ ਅੱਖ ਬਚਾ ਕੇ ਤੱਕਿਆ । ਉਸ ਦੀਆਂ ਅੱਖਾਂ ਤੇ ਉਸ ਦੇ ਬੁੱਲਾਂ ਉਤੇ ਵੀ ਮੁਸਕਣੀ ਇਸਤ੍ਰੀਆਂ ਵਰਗੀ ਸੀ। ਪਰ ਉਸ ਨੇ ਮੇਰੇ ਨਾਲੋਂ

ਦੂਣੀ ਥਾਂ ਮੱਲੀ ਹੋਈ ਸੀ — ਨਾਲੇ ਉਸ ਦਾ ਮੂੰਹ ਵੀ ਨੰਗਾ ਸੀ। ਨਾਲੇ ਉਹ ਮੈਨੂੰ, ਮਰਦ ਨੂੰ, ਵੇਖ ਕੇ ਪਰੇਸ਼ਾਨ ਨਹੀਂ ਸੀ ਹੋਈ। ਉਸ ਦੇ ਹੱਥ ਵਿਚ ਫੁੱਲ ਸੀ, ਤੇ ਉਸ ਦੀ ਝੋਲੀ ਵਿਚ ਵੀ ਫੁੱਲ ਸਨ। ਉਸ ਨੇ ਮੂੰਹੋਂ ਕੁਝ ਆਖਿਆ, ਜਿਹੜਾ ਮੈਂ ਸਮਝਿਆ ਨਾ, ਪਰ ਜਦੋਂ ਉਸ ਫੁੱਲ ਮੇਰੇ ਵਲ ਕੀਤਾ, ਮੈਂ ਸ਼ੁਕਰੀਏ ਨਾਲ ਫੜ ਲਿਆ। ਉਹ ਸੂਰਤ ਮੈਨੂੰ ਬੜੀ ਚੰਗੀ ਲੱਗੀ — ਖੁੱਲ੍ਹਾ ਪ੍ਰਭਾਵ, ਸੂਰਜ ਦੀਆਂ ਸਿਫ਼ਤਾਂ ਹਰ ਅੰਗ ਵਿਚ, ਹਰ ਅਦਾਅ ਕੁਝ ਕਹਿੰਦੀ, ਹਰ ਹਰਕਤ ਜ਼ਿੰਦਗੀ ਦਾ ਸੁਨੇਹਾ ਦੇਂਦੀ, ਮੁਸਕਣੀ "ਮਿਲੂੰ ਮਿਲੂੰ" ਕਰਦੀ। ਮੈਂ ਭਾਵੇਂ ਉਸ ਦੀ ਬੋਲੀ ਨਹੀਂ ਸਾਂ ਸਮਝਦਾ, ਪਰ ਮੈਨੂੰ ਜਾਪਦਾ ਸੀ, ਜੀਕਰ ਮੈਂ ਉਸ ਦਾ ਹਰ ਖ਼ਿਆਲ ਸਮਝ ਰਿਹਾ ਸਾਂ। ਉਸ ਨੇ ਵੀ ਸਮਝ ਲਿਆ ਮੈਂ ਪਰਦੇਸੀ ਸਾਂ। ਮੇਰਾ ਉਸ ਹੱਥ ਫੜ ਲਿਆ। ਆਹ! ਉਸ ਹੱਥ ਵਿਚ ਪਤਾ ਨਹੀਂ ਕੀ ਸੀ! ਜਿਹੜਾ ਜਿਹੜਾ ਹਿੱਸਾ ਉਸ ਹੱਥ ਦਾ ਮੇਰੇ ਨਾਲ ਲਗਦਾ ਸੀ, ਉਥੋਂ ਹੀ ਮੇਰੇ ਅੰਦਰ ਕੋਈ ਨਿੱਘੀ ਸ਼ਕਤੀ ਜਾ ਰਹੀ ਸੀ। ਥੋੜੇ ਚਿਰ ਵਿਚ ਹੀ ਮੇਰਾ ਅੰਗ ਅੰਗ ਧੜਕਦਾ ਮੈਨੂੰ ਸੁਣਾਈ ਦੇਣ ਲੱਗਾ। ਉਹ ਗੱਲਾਂ ਕਰਦੀ ਸੀ। ਸ਼ਬਦ ਮੈਂ ਕੋਈ ਨਹੀਂ ਸੀ ਸਮਝਦਾ, ਪਰ ਮਤਲਬ ਮੇਰੇ ਅੰਦਰ ਧੱਸਦਾ ਜਾਂਦਾ ਸੀ। ਮੇਰਾ ਭਾਵ ਵੀ ਉਹ ਸਮਝਦੀ ਜਾਂਦੀ ਸੀ। ਮੈਨੂੰ ਹੁਣ ਯਕੀਨ ਹੋ ਗਿਆ ਸੀ ਕਿ ਉਹ ਇਸਤ੍ਰੀ ਹੈ। ਪਰ ਉਸ ਦੇ ਇਸ ਤਰ੍ਹਾਂ ਮੇਰੇ ਹੱਥ ਫੜ ਕੇ ਤੁਰੀ ਜਾਣ ਤੋਂ ਮੈਨੂੰ ਚਿੰਤਾ ਜਿਹੀ ਹੋ ਰਹੀ ਸੀ, ਮਤੇ ਕੋਈ ਖ਼ਰਾਬ ਇਸਤ੍ਰੀ ਹੋਵੇ। ਮੈਂ ਫ਼ਿਤਰਤਨ ਇਕ ਭਲਾਮਾਣਸ ਜਿਹਾ ਆਦਮੀ ਸਮਝਿਆ ਜਾਂਦਾ ਸਾਂ — ਇਹ ਡਰ ਮੇਰਾ ਸੁਆਦ ਮਾਰੀ ਜਾਏ, ਕਿ ਇਹ ਕੋਈ ਨਿਰਲੱਜ ਸ਼੍ਰੇਣੀ ਦੀ ਇਸਤ੍ਰੀ ਨਾ ਹੋਵੇ।

ਬਾਗ਼ ਆਏ, ਖੁੱਲ੍ਹੇ ਘਾਹ ਦੇ ਕਿੱਤੇ ਆਏ, ਜਿਨ੍ਹਾਂ ਉਤੇ ਕਿਤੇ ਕੁੜੀਆਂ ਮੁੰਡੇ ਖੇਡ ਰਹੇ ਸਨ, ਕਿਤੇ ਇਸਤ੍ਰੀਆਂ ਮਰਦ ਕਈ ਤਰ੍ਹਾਂ ਆਪਸ ਵਿਚ ਰੁਝੇ ਹੋਏ ਸਨ। ਘਰ ਆਏ, ਜਿਹੋ ਜਿਹੇ ਮੈਂ ਕਦੇ ਖ਼ਿਆਲ ਵੀ ਨਹੀਂ ਸਨ ਕੀਤੇ। ਕਿਸੇ ਅਗੇ ਕੋਈ ਦੀਵਾਰ ਨਹੀਂ ਸੀ, ਨਾ ਬਾਰੀਆਂ ਨੂੰ ਸੀਖਾਂ, ਨਾ ਬੂਹੇ ਭੀੜੇ ਹੋਏ। ਬਾਰੀਆਂ ਭਰਨੇ ਏਨੇ, ਕਿ ਕੰਧਾਂ ਦਿੱਸਦੀਆਂ ਹੀ ਨਹੀਂ ਸਨ। ਥੰਮਾਂ ਨਾਲ ਫੁੱਲਦਾਰ ਵੇਲਾਂ ਚੜ੍ਹੀਆਂ ਹੋਈਆਂ, ਅਹਾਤੇ ਫੁੱਲਾਂ ਨਾਲ ਮਹਿਕੇ ਹੋਏ। ਕੋਈ ਸੁੱਟੀ ਸੁਟਾਈ ਚੀਜ਼ ਮੈਂ ਨਾ ਵੇਖੀ, ਕੋਈ ਕਾਗ਼ਜ਼ ਦਾ

ਟੁੱਕੜਾ ਰੁਲਦਾ ਮੇਰੇ ਰਾਹ ਵਿਚ ਨਾ ਆਇਆ।

ਇੱਕ ਘਰ ਦੇ ਸਾਹਮਣੇ ਇੱਕ ਆਦਮੀ ਖਲੋਤਾ ਸੀ। ਸਾਨੂੰ ਦੇਖ ਕੇ ਉਹ ਅਗਾਂਹ ਵਲ ਤੁਰਿਆ। ਉਸ ਦੇ ਚਿਹਰੇ ਉਤੇ ਕਿਸੇ ਨੂੰ ਪਛਾਣਨ ਦੇ ਨਿਸ਼ਾਨ ਸਨ। ਮੈਂ ਜਾਤਾ ਮੇਰੀ ਸਾਥਣ ਦਾ ਕੋਈ ਵਾਕਫ ਹੈ। ਮੈਨੂੰ ਉਹਦੇ ਫੜੇ ਹੋਏ ਹੱਥ ਦਾ ਫ਼ਿਕਰ ਪੈ ਗਿਆ। ਮੈਂ ਖ਼ਿਆਲ ਕਰਦਾ ਸਾਂ, ਉਹ ਆਪ ਆਪਣਾ ਹੱਥ ਖਿੱਚ ਲਏਗੀ। ਉਸ ਖਿੱਚਿਆ ਨਾ; ਮੈਨੂੰ ਸਮਝ ਨਾ ਆਈ ਮੈਂ ਕੀ ਕਰਾਂ। ਏਨੇ ਨੂੰ ਉਹ ਆਦਮੀ ਸਾਡੇ ਕੋਲ ਅੱਪੜ ਪਿਆ। ਉਹ ਮੈਨੂੰ ਉਸ ਇਸਤ੍ਰੀ ਨਾਲ ਵੇਖ ਕੇ ਬੜਾ ਖ਼ੁਸ਼ ਹੋਇਆ। ਆਪਣੀ ਬੋਲੀ ਵਿਚ ਇਸਤ੍ਰੀ ਨੇ ਮੇਰਾ ਪਰਦੇਸੀ ਹੋਣਾ ਦੱਸਿਆ। ਉਸ ਆਦਮੀ ਨੇ ਬੜੇ ਅਦਬ ਨਾਲ ਸਿਰ ਝੁਕਾਇਆ। ਮੇਰੇ ਵਲ ਹੱਥ ਵਧਾਇਆ, ਤਾਂ ਇਸਤ੍ਰੀ ਨੇ ਮੇਰਾ ਹੱਥ ਛੱਡਿਆ ਤੇ ਮੈਂ ਆਦਮੀ ਦਾ ਹੱਥ ਫੜਿਆ। ਓਹ! ਹੱਥ ਸੀ ਕਿ ਕੋਈ ਫਾਹੀ ਸੀ। ਮੈਨੂੰ ਜਾਪਿਆ ਜੀਕਰ ਉਸ ਨੇ ਮੈਨੂੰ ਸਾਰੇ ਨੂੰ ਆਪਣੇ ਨਾਲ ਲਾ ਲਿਆ ਹੁੰਦਾ ਹੈ।

ਇਹ ਇਸਤ੍ਰੀ ਉਸ ਦੀ ਪਤਨੀ ਸੀ। ਇਹਨਾਂ ਦੀਆਂ ਉਮਰਾਂ ਦਾ ਮੈਨੂੰ ਕੁਝ ਪਤਾ ਨਹੀਂ ਸੀ ਲੱਗਦਾ। ਆਦਮੀ ਚਾਲੀ ਵਰ੍ਹੇ ਦਾ ਦਿੱਸਦਾ ਸੀ, ਇਸਤ੍ਰੀ ਤੀਹ-ਚੌਂਤੀ ਵਰ੍ਹੇ ਦੀ। ਪਰ ਜਦੋਂ ਉਹਨਾਂ ਮੈਨੂੰ ਆਪਣੇ ਧੀ ਤੇ ਪੁੱਤਰ ਨਾਲ ਵਾਕਫ਼ ਕਰਾਇਆ ਤਾਂ ਉਹ ਵੀ ਉਹਨਾਂ ਜੇਡੇ ਹੀ ਜਾਪਦੇ ਸਨ। ਇਸ ਘਰ ਨੇ ਮੈਨੂੰ ਏਡੀ ਛੇਤੀ ਇਸ ਤਰ੍ਹਾਂ ਆਪਣਾ ਬਣਾ ਲਿਆ, ਜਿਸ ਤਰ੍ਹਾਂ ਸਾਰੀ ਉਮਰ ਵਿਚ ਸਾਡੇ ਘਰ ਨੇ ਮੈਨੂੰ ਆਪਣਾ ਨਹੀਂ ਸੀ ਬਣਾਇਆ।

ਆਪਣੇ ਦੇਸ ਵਿਚ ਮੈਨੂੰ ਲੋਕ ਬੁੱਢਾ ਸਮਝਿਆ ਕਰਦੇ ਸਨ, ਕਈ 'ਬਾਬਾ' ਆਖਿਆ ਕਰਦੇ ਸਨ। ਏਥੇ ਮੈਨੂੰ ਵੀ ਮੇਰੀ ਜਵਾਨੀ ਮੁੜ ਆਈ। ਮੈਨੂੰ ਯਕੀਨ ਹੋ ਗਿਆ ਕਿ ਮੈਂ ਕਦੇ ਵੀ ਏਡਾ ਜਵਾਨ ਨਹੀਂ ਸਾਂ। ਏਥੋਂ ਦੇ ਲੋਕਾਂ ਵੀ ਮੈਨੂੰ ਇਹੋ ਮਹਿਸੂਸ ਕਰਾਇਆ। ਹਰ ਕਿਸਮ ਦੀ ਖੇਡ, ਹਰ ਕਿਸਮ ਦੇ ਮਜ਼ਾਕ ਵਿਚ ਉਹ ਮੈਨੂੰ ਸ਼ਾਮਲ ਕਰਦੇ। ਕਈ ਇਸਤ੍ਰੀਆਂ ਆਪਣੇ ਪਤੀਆਂ ਦੀ ਹਾਜ਼ਰੀ ਵਿਚ ਮੇਰੇ ਚੰਗੇ ਲੱਗਣ ਦਾ ਖੁਲ੍ਹਮ-ਖੁੱਲ੍ਹਾ ਜ਼ਿਕਰ ਕਰਦੀਆਂ, ਮੇਰੇ ਨਾਲ ਹੱਸਦੀਆਂ, ਮੇਰੇ ਨਾਲ ਇਕੱਲੀਆਂ ਸੈਰ ਕਰਨ ਚਲੀਆਂ ਜਾਂਦੀਆਂ, ਮੇਰੇ ਕਮਰੇ ਵਿਚ ਆਉਂਦੀਆਂ — ਤੇ ਉਹਨਾਂ ਵਿਚੋਂ ਕੋਈ ਵੀ ਮੈਨੂੰ 'ਬਾਬਾ' ਸਮਝ ਕੇ ਨਾ ਆਉਂਦੀ।

ਹੁਣ ਮੈਂ ਉਸ ਮੁਲਕ ਦੀ ਬੋਲੀ ਵੀ ਸਮਝਣ ਲੱਗ ਪਿਆ ਸਾਂ। ਤੇ ਮੈਂ ਓਥੋਂ ਦੀ ਅਵਸਥਾ ਦੇ ਕਈ ਨੋਟ ਲਏ। ਮੇਰੇ ਅੰਦਰ ਇੱਕ ਜ਼ਬਰਦਸਤ ਲਾਲਸਾ ਪੈਦਾ ਹੋ ਗਈ ਕਿ — ਏਥੋਂ ਸਭ ਕੁਝ ਸਿਖ ਕੇ ਮੈਂ ਆਪਣੇ ਵਤਨ ਜਾਵਾਂਗਾ, ਅਤੇ ਬੇਲੋੜੇ ਦੁੱਖਾਂ ਵਿਚ ਫਾਥਿਆਂ, ਤੇ ਮੰਦਰਾਂ ਦੁਆਲੇ ਭੁੱਲੇ ਭਟਕਣ ਵਾਲੇ ਸਾਥੀਆਂ ਨੂੰ ਬੰਦ-ਖ਼ਲਾਸੀ ਦਾ ਸੁਨੇਹਾ ਦਿਆਂਗਾ। ਉਹਨਾਂ ਨੂੰ ਆਖਾਂਗਾ, ਕਿ ਸਦੀਆਂ ਦੇ ਇਕੱਠੇ ਕੀਤੇ ਕਬਾੜਖ਼ਾਨੇ ਨੂੰ ਬਹੁ-ਮੁੱਲੀ ਜਾਇਦਾਦ ਸਮਝਣਾ ਛੱਡ ਦਿਓ ਤੇ ਆਓ, ਖੁੱਲ੍ਹੇ ਆਕਾਸ਼ ਹੇਠਾਂ ਨਵੀਂ ਨਗਰੀ ਵਸਾਓ ਤੇ ਨਵੀਂ ਸਭਿਅੱਤਾ ਬਣਾਓ। ਤੁਹਾਨੂੰ ਕੋਈ ਗ਼ੈਬੀ ਤਾਕਤ ਹਨੇਰੇ ਵਿਚ ਦੁਖੀ ਰਹਿਣ ਲਈ ਮਜਬੂਰ ਨਹੀਂ ਕਰਦੀ। ਸਾਰੀ ਦੁਨੀਆ ਤੁਹਾਡੀ ਤੇ ਸਾਰੀ ਕੁਦਰਤ ਤੁਹਾਡੀ ਹੈ। ਜਿਥੇ ਮਰਜ਼ੀ ਆਵੇ ਵਸੋ, ਤੇ ਜਿਸ ਚੀਜ਼ ਕੋਲੋਂ ਸੁਖ ਲੈ ਸਕੋ, ਉਸ ਨੂੰ ਜੰਮ ਜੰਮ ਵਰਤੋ।

ਗੱਲਾਂ ਤਾਂ ਮੈਂ ਉਥੋਂ ਦੀਆਂ ਬੇਅੰਤ ਨੋਟ ਕੀਤੀਆਂ, ਪਰ ਮੋਟੀਆਂ ਮੋਟੀਆਂ ਜਿਹੜੀਆਂ ਮੈਨੂੰ ਯਾਦ ਰਹੀਆਂ, ਉਹ ਇਹ ਹਨ :—

1, ਏਥੇ ਕੋਈ ਮੰਦਰ ਨਹੀਂ, ਕੋਈ ਫ਼ਿਰਕਾ ਨਹੀਂ; ਕੋਈ ਜਮਾਇਤੀ ਪੁਸ਼ਾਕ ਨਹੀਂ।

2. ਸੂਰਜ ਨੂੰ ਲੋਕ ਮੰਨਦੇ ਹਨ, ਪਰ ਇਸ ਦੀ ਪੂਜਾ ਨਹੀਂ ਕਰਦੇ, ਸਿਰਫ਼ ਦਿਨ ਵਿਚ ਇੱਕ ਵਾਰੀ ਰੋਜ਼ ਇਸ ਦੇ ਸਾਹਮਣੇ ਨੰਗੇ ਹੋ ਕੇ ਸੂਰਜੀ ਸਿਫ਼ਤਾਂ ਦੀ ਇੱਛਾ ਕਰਦੇ ਹਨ, ਘਰਾਂ ਵਿਚ ਜਿੰਨਾ ਸੂਰਜ ਰਚ ਸਕੇ, ਰਚਾਂਦੇ ਹਨ। ਉਹੀ ਪਾਣੀ ਪੀਂਦੇ ਹਨ, ਜਿਸ ਉਤੇ ਸੂਰਜ ਚਮਕਿਆ ਹੋਵੇ, ਉਹੀ ਖ਼ੁਰਾਕ ਖਾਂਦੇ ਹਨ, ਜਿਹੜੀ ਸੂਰਜ ਨਾਲ ਪੱਕੀ ਹੋਵੇ — ਕਪੜੇ ਬਹੁਤੇ ਨਹੀਂ ਪਾਂਦੇ, ਮਤੇ ਸੂਰਜ ਸਰੀਰ ਤਕ ਪਹੁੰਚਣੋ ਰੁਕ ਜਾਏ। ਜਿੰਨਾ ਹੋ ਸਕੇ ਇਹ ਬਾਹਰ ਸੌਂਦੇ, ਬਾਹਰ ਖੇਡਦੇ, ਬਾਹਰ ਕੰਮ ਕਰਦੇ ਹਨ। ਇਥੇ ਚੜ੍ਹਦੇ ਸੂਰਜ ਨੂੰ ਵੇਖਣਾ ਉੱਤਮ ਸਮਝਿਆ ਜਾਂਦਾ ਹੈ। ਸਭ ਲੋਕ ਦਿਨ-ਚੜ੍ਹੇ ਤੋਂ ਪਹਿਲਾਂ ਉਠਦੇ ਹਨ। ਇਹ ਸੂਰਜ-ਅਸਤ ਹੁੰਦਾ ਵੀ ਵੇਖਣ ਦੇ ਸ਼ੌਕੀਨ ਹਨ। ਜਿਥੇ ਕਿਤੇ ਵੀ ਕੋਈ ਹੋਵੇ, ਉਹ ਸੂਰਜ ਦੀ ਅੰਤਮ ਲਾਲੀ ਨੂੰ ਵੇਖਦਾ ਹੈ। ਇਹ ਦੋ ਘੜੀਆਂ ਇਹਨਾਂ ਦੇ ਡੂੰਘੇ ਵਿਚਾਰ ਦੀਆਂ ਹਨ। ਇਸ ਵਿਚਾਰ ਨੂੰ ਕਈ ਪ੍ਰਾਰਥਨਾ ਵੀ ਆਖਦੇ ਹਨ।

3. ਸੂਰਜ ਦੇ ਬਣਾਨ ਵਾਲੇ ਦਾ ਜ਼ਿਕਰ ਵੀ ਕਿਧਰੇ ਕਿਧਰੇ ਸੁਣਿਆ

ਜਾਂਦਾ ਹੈ — ਬੜੀ ਉੱਚੀ ਸਮਝਦਾਰ ਸ਼ਰੇਣੀ ਵਿਚ ਇਸ ਬਣਾਨ ਵਾਲੇ ਨੂੰ ਕੁਦਰਤ ਦੀ "ਮਹਾਨ ਬੁੱਧੀ" ਆਖਿਆ ਜਾਂਦਾ ਹੈ। ਤੇ ਆਪਣੇ ਆਪ ਨੂੰ ਇਹ ਲੋਕ ਇਸ ਮਹਾਨ ਬੁੱਧੀ ਦਾ ਭਾਗ ਸਮਝਦੇ ਹਨ। ਇਸ ਦੀ ਪੂਜਾ, ਪਰ, ਨਹੀਂ ਕਰਦੇ। ਕਿਸੇ ਥਾਂ ਇਸ ਦਾ ਕੋਈ ਮੈਂ ਮੰਦਰ ਨਹੀਂ ਵੇਖਿਆ, ਪਰ ਇਸ ਉਤੇ ਸਾਹਿਤ ਬਹੁਤ ਸਾਰਾ ਹੈ। ਇਸ ਬੁੱਧੀ ਦੀ ਸਮਝ ਰਖਣ ਵਾਲੇ ਇਨਸਾਨ, ਹੈਵਾਨ ਤੇ ਹਰ ਚੀਜ਼ ਨੂੰ ਇੱਕ-ਰੂਹ ਮੰਨਦੇ ਹਨ। ਇਹਨਾਂ ਦੇ ਅਨੁਸਾਰ "ਮੈਂ" ਕੋਈ ਚੀਜ਼ ਨਹੀਂ, "ਉਹ" ਸਭ ਕੁਝ ਹੈ, ਤੇ ਇਹ ਸੱਚ ਮੁੱਚ ਕੁਦਰਤ ਦੀ ਹਰ ਚੀਜ਼ ਤੇ ਕੁਦਰਤ ਦੇ ਹਰ ਜੀਵਨ ਨਾਲ ਸਾਂਝੀਵਾਲਤਾ ਮਹਿਸੂਸ ਕਰਦੇ ਹਨ।

4. ਏਥੇ ਕੋਈ ਸ਼੍ਰੇਣੀ ਨਹੀਂ, ਏਥੇ ਕਿਸੇ ਦੀ ਕੋਈ ਜਾਇਦਾਦ ਨਹੀਂ, ਏਥੇ ਕੋਈ ਹਾਕਮ ਫ਼ਿਰਕਾ ਨਹੀਂ। ਆਪਣੇ ਵਿਚੋਂ ਇਹ ਸਾਂਝੇ ਸੇਵਾਦਾਰ ਚੁਣਦੇ ਹਨ। ਤੇ ਆਪਣੇ ਵਿਚੋਂ ਹੀ ਇੱਕ ਸਰਬਰਾਹ ਨੀਯਤ ਕਰਦੇ ਹਨ। ਰੇਲਾਂ, ਮੋਟਰਾਂ, ਜਹਾਜ਼, ਤੇ ਹੋਰ ਹਰ ਤਰ੍ਹਾਂ ਦਾ ਸਾਮਾਨ ਇਹ ਇਕੱਠਾ ਹੀ ਬਣਾਂਦੇ ਹਨ। ਏਥੇ ਤਨਖ਼ਾਹਾਂ ਦਾ ਰਵਾਜ ਨਹੀਂ, ਨਾ ਕੋਈ ਸਿੱਕਾ ਹੈ। ਨਜ਼ਾਮ ਵਲੋਂ ਹਰ ਕਿਸੇ ਨੂੰ ਦੋ ਕਿਸਮ ਦੇ ਕੂਪਨ ਮਿਲਦੇ ਹਨ। ਇਹ ਇੱਕ ਆਦਮੀ ਕਿਸੇ ਦੂਜੇ ਨੂੰ ਨਹੀਂ ਦੇ ਸਕਦਾ। ਇਹ ਉਸੇ ਦੀ ਵਰਤੋਂ ਲਈ ਹਨ। ਇੱਕ ਕਿਸਮ ਉਤੇ 'ਜ਼ਰੂਰੀ ਤੇ ਦੂਜੀ ਕਿਸਮ ਉਤੇ 'ਫ਼ਾਲਤੂ' ਲਿਖਿਆ ਹੁੰਦਾ ਹੈ। 'ਜ਼ਰੂਰੀ' ਕੂਪਨ ਹਰ ਕਿਸੇ ਨੂੰ ਮਿਲਦੇ ਹਨ, ਭਾਵੇਂ ਉਹ ਥੋੜਾ ਕੰਮ ਕਰੇ, ਭਾਵੇਂ ਬਹੁਤਾ। ਪਰ 'ਫ਼ਾਲਤੂ' ਕੂਪਨ ਬਹੁਤਾ ਕੰਮ ਕਰਨ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਇਹਨਾਂ ਨਾਲ ਵਾਜੇ, ਕੈਮਰੇ, ਜਹਾਜ਼ ਦੇ ਸਫ਼ਰ, ਮੋਟਰ ਦੀ ਸਵਾਰੀ ਆਦਿ ਖ਼ਰੀਦੇ ਜਾ ਸਕਦੇ ਹਨ। ਘਰ ਵੀ ਬਣਾਏ ਜਾ ਸਕਦੇ ਹਨ — ਜੇ ਇਹ ਬਹੁਤ ਸਾਰੇ ਜੋੜ ਲਏ ਜਾਣ। ਪਰ ਕੋਈ ਪਿਓ, ਆਪਣੇ ਕੂਪਨ ਆਪਣੇ ਪੁੱਤਰ ਦੀ ਵਿਰਾਸਤ ਵਿਚ ਨਹੀਂ ਛੱਡ ਸਕਦਾ। ਹਰ ਕੋਈ ਇੱਕੋ ਜਿਹਾ ਨਹੀਂ ਰਹਿੰਦਾ; ਜਿਹੜੇ ਬਹੁਤਾ ਕੰਮ ਕਰਦੇ ਹਨ, ਸੁਚੱਜਾ ਕੰਮ ਕਰਦੇ ਹਨ, ਉਹਨਾਂ ਕੋਲ ਬਹੁਤੀਆਂ ਚੀਜ਼ਾਂ ਹਨ।

5. ਏਥੇ ਰੇਲਾਂ, ਮੋਟਰਾਂ, ਟ੍ਰਾਮਾਂ ਏਨੀਆਂ ਹਨ, ਕਿ ਕਿਸੇ ਨੂੰ ਆਪਣੀ ਮੋਟਰ ਰਖਣ ਦੀ ਲੋੜ ਨਹੀਂ। ਸੜਕਾਂ ਦਾ ਤਾਣਾ ਤਣਿਆ ਹੋਇਆ ਹੈ। ਸਵਾਰੀ ਦੇ ਸਭ ਜ਼ਰੀਏ ਨਜ਼ਾਮ ਦੇ ਹਨ, ਤੇ ਇਹਨਾਂ ਉਤੇ ਕੂਪਨ

10385

ਵਰਤੇ ਜਾਂਦੇ ਹਨ।

6. ਲੋਕ ਬੜਾ ਕੰਮ ਕਰਦੇ ਹਨ। ਕਰਦੇ ਸਿਰਫ਼ ਛੇ ਘੰਟੇ ਹਨ — ਪਰ ਇਹਨਾਂ ਛੇਆਂ ਵਿਚੋਂ ਇੱਕ ਮਿੰਟ ਜ਼ਾਇਆ ਨਹੀਂ ਕਰਦੇ। ਇਹਨਾਂ ਨੇ ਬੜਾ ਹੀ ਮਾਲ ਜਮ੍ਹਾ ਕਰ ਲਿਆ ਹੈ, ਸੜਕਾਂ ਪੱਕੀਆਂ ਕਰ ਲਈਆਂ ਹਨ, ਘਰ ਸੁਹਣੇ ਬਣਾ ਲਏ ਹਨ, ਮੋਟਰਾਂ ਦਾ ਸ਼ੁਮਾਰ ਨਹੀਂ, ਸਮੁੰਦਰੀ ਜਹਾਜ਼ ਹਰ ਪਾਸੇ ਜਾ ਰਹੇ ਹਨ, ਹਵਾਈ ਜਹਾਜ਼ ਕਬੂਤਰਾਂ ਵਾਂਗ ਉਡਦੇ ਹਨ। ਬਾਗ਼ ਫਲਾਂ ਨਾਲ ਲਹਿ ਲਹਿ ਕਰ ਰਹੇ ਹਨ, ਸਬਜ਼ੇ ਦਾ ਕੋਈ ਅੰਤ ਨਹੀਂ, ਦੁੱਧ ਬੇ-ਮੁੱਲਾ ਹੈ, ਖਾਨਾਂ 'ਚੋਂ ਦਬਾ-ਦਬ ਮਾਲ ਬਾਹਰ ਆ ਰਿਹਾ ਹੈ। ਇਹ ਲੋਕ ਦੌਲਤ ਧਰਤੀ 'ਚੋਂ ਪੈਦਾ ਕਰਦੇ ਹਨ, ਬਹਾਰੋਂ ਲੁੱਟ ਕੇ, ਮੁਲਕ ਫ਼ਤਹਿ ਕਰ ਕੇ ਨਹੀਂ ਲਿਆਉਂਦੇ।

7. ਇਹਨਾਂ ਲੋਕਾਂ ਦੀ ਔਸਤ ਉਮਰ ਪੰਜਤਰ ਸਾਲ ਹੈ। ਅਨੇਕਾਂ ਆਦਮੀ ਸੌ ਦੀ ਹੱਦ ਟੱਪ ਜਾਂਦੇ ਹਨ। ਬੱਚਿਆਂ ਦੀਆਂ ਮੌਤਾਂ ਬਹੁਤ ਵਿਰਲੀਆਂ ਹਨ। ਬੀਮਾਰੀ ਬੜੀ ਘਟ ਹੈ। ਤਪਦਿਕ, ਮਲੇਰੀਆ, ਮਾਤਾ, ਟਾਇਫ਼ਾਇਡ, ਚੇਚਕ, ਹੈਜ਼ੇ ਦੇ ਨਾਂ ਦੀਆਂ ਬੀਮਾਰੀਆਂ ਦਾ ਜ਼ਿਕਰ ਇਹਨਾਂ ਦੀਆਂ ਡਾਕਟਰੀ ਕਿਤਾਬਾਂ ਵਿਚ ਹੈ, ਪਰ ਹੁਣ ਇਹਨਾਂ ਦਾ ਕਿਤੇ ਨਿਸ਼ਾਨ ਤਕ ਨਹੀਂ। ਆਮ ਬੀਮਾਰੀਆਂ ਲਈ ਬੜੇ ਚੰਗੇ ਹਸਪਤਾਲ ਹਨ। ਪਰ ਬਹੁਤਾ ਧਿਆਨ ਲੋਕਾਂ ਨੂੰ ਤੰਦਰੁਸਤ ਤੇ ਮਜ਼ਬੂਤ ਰਖਣ ਵਲ ਦਿੱਤਾ ਜਾਂਦਾ ਹੈ। ਸੁਣਦਾ ਸਾਂ, ਪੰਝੀ ਵਰ੍ਹੇ ਹੋਏ, ਇਹਨਾਂ ਦੀ ਔਸਤ ਉਮਰ ਪੰਜਾਹ ਵਰ੍ਹੇ ਸੀ। ਪਿਛਲੇ ਪੰਝੀ ਵਰ੍ਹਿਆਂ ਵਿਚ ਇਹਨਾਂ ਪੰਝੀ ਵਰ੍ਹੇ ਹੋਰ ਵਧਾ ਲਈ ਹੈ। ਇਸ ਲਈ ਵੱਡਾ ਸਾਧਨ ਇਹਨਾਂ ਇਹ ਵਰਤਿਆ ਹੈ: ਨਜ਼ਾਮ ਵਲੋਂ ਇੱਕ ਖ਼ੁਰਾਕ-ਪੜਤਾਲ ਦਾ ਮਹਿਕਮਾ ਖੁੱਲ੍ਹਾ ਹੈ। ਇਹ ਖ਼ੁਰਾਕ ਉਤੇ ਤਜਰਬੇ ਕਰਦਾ ਤੇ ਫੇਰ ਆਪਣੀਆਂ ਸਿਫ਼ਾਰਸ਼ਾਂ ਸਾਰੇ ਮੁਲਕ ਵਿਚ ਭੇਜਦਾ ਹੈ, ਹਰ ਮਹੀਨੇ ਖ਼ੁਰਾਕ ਉਤੇ ਸਰਕਾਰੀ ਰੀਪੋਰਟ ਛਪਦੀ ਹੈ — ਕਿਹੜੀ ਖ਼ੁਰਾਕ ਠੀਕ ਹੈ, ਕਿੰਨੀ ਖਾਣੀ ਚਾਹੀਦੀ ਹੈ, ਕਿਥੋਂ ਮਿਲ ਸਕਦੀ ਹੈ, ਕੀਕਰ ਪੈਦਾ ਕੀਤੀ ਜਾ ਸਕਦੀ ਹੈ? ਏਥੇ ਹੁਣ ਇਹ ਖ਼ਿਆਲ ਕੀਤਾ ਜਾ ਰਿਹਾ ਹੈ, ਕਿ ਕੁਦਰਤ ਵਿਚ ਇਹੋ ਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦੇ ਖਾਣ ਨਾਲ ਜਵਾਨੀ ਸੌ ਵਰ੍ਹੇ ਤਕ ਕਾਇਮ ਰਖੀ ਜਾ ਸਕਦੀ ਹੈ।

8. ਸਿਹਤ ਨੂੰ ਠੀਕ ਰਖਣਾ ਨਜ਼ਾਮ ਨੇ ਆਪਣਾ ਫ਼ਰਜ਼ ਬਣਾ ਲਿਆ

ਹੈ। ਇੰਸਪੈਕਟਰ ਹਰ ਮਹੀਨੇ ਇਕ ਵਾਰੀ ਹਰ ਘਰ ਦਾ ਮੁਲਾਹਜ਼ਾ ਕਰਦੇ ਤੇ ਸਲਾਹ ਦੇਂਦੇ ਹਨ।

8. ਨਜ਼ਾਮ ਦਾ ਪ੍ਰਧਾਨ ਕੋਈ ਰਾਜਨੀਤੀਵੇਤਾ ਜਾਂ ਜਰਨੈਲ ਨਹੀਂ ਹੁੰਦਾ, ਨਾ ਕੋਈ ਸਾਇੰਸਦਾਨ ਤੇ ਨਾ ਇੰਜੀਨੀਅਰ। ਪ੍ਰਧਾਨ ਸਿਰਫ਼ ਉਹੀ ਹੋ ਸਕਦਾ ਹੈ, ਜਿਹੜਾ ਮਹਾਨ-ਬੁੱਧੀ ਦਾ ਤਜਰਬਾ ਰਖਣ ਵਾਲਾ ਹੋਵੇ, ਜਿਸ ਵਿਚ ਇਨਸਾਫ਼, ਦਇਆ, ਪ੍ਰੇਮ, ਏਕਤਾ ਸੁਭਾਵਕ ਹੋ ਗਏ ਹੋਣ, ਜਿਸ ਵਿਚ ਕੋਈ ਸ਼ਖ਼ਸੀ ਖ਼ਾਹਿਸ਼ ਬਾਕੀ ਨਾ ਰਹਿ ਗਈ ਹੋਵੇ, ਪਰ ਜਿਸ ਦੀ ਰੂਹ ਸਾਂਝੀਆਂ ਖ਼ਾਹਿਸ਼ਾਂ ਨਾਲ ਏਨੀ ਧੜਕ ਉਠੀ ਹੋਵੇ, ਕਿ ਉਹ ਇੱਕ ਮਿੰਟ ਲਈ ਵੀ ਨਿਚੱਲਾ ਨਾ ਰਹਿ ਸਕਦਾ ਹੋਵੇ।

ਇਸ ਪ੍ਰਧਾਨ ਦੇ ਹੇਠਾਂ ਇੰਜੀਨੀਅਰ, ਸਾਇੰਸਦਾਨ, ਰਾਜਨੀਤੀਵੇਤਾ, ਜਰਨੈਲ, ਰਸਾਇਣ-ਵਿਗਿਆਨੀ, ਦੂਤ-ਵਿਗਿਆਨੀ ਤੇ ਹੋਰ ਮਾਹਿਰਾਂ ਦੀ ਇੱਕ ਕੌਂਸਲ ਰੱਖੀ ਜਾਂਦੀ ਹੈ।

10. ਇੱਕ ਗੱਲ ਵਿਚ ਮੈਂ ਇਥੋਂ ਦੇ ਲੋਕਾਂ ਨੂੰ ਬਿਲਕੁਲ ਹੀ ਅਨੋਖਾ ਵੇਖਿਆ ਹੈ। ਮੇਰੇ ਦੇਸ ਵਿਚ ਲਿੰਗ ਸੰਬੰਧੀ ਖੁੱਲ੍ਹੀ ਗੱਲ ਕਰਨਾ ਬੇ-ਹਯਾਈ ਸਮਝੀ ਜਾਂਦੀ ਹੈ। ਏਥੇ ਸਰਕਾਰੀ ਤੌਰ ਉਤੇ ਇਸ ਸੰਬੰਧੀ ਸੂਚਨਾਵਾਂ ਛਪਦੀਆਂ ਹਨ। ਸੰਤਾਨ-ਸੰਜਮ ਲਈ ਸਰਕਾਰ ਵਲੋਂ ਹਸਪਤਾਲ ਖੋਲ੍ਹੇ ਹੋਏ ਹਨ। ਸਰਕਾਰ ਦੇ ਮਾਹਿਰ ਭੋਗ ਸੰਜੋਗ ਬਾਰੇ ਖੁੱਲ੍ਹੀ ਰਾਇ ਦੇਂਦੇ ਹਨ। ਕੋਈ ਸੰਗ ਸੰਕੋਚ ਨਹੀਂ। ਏਥੇ ਲਿੰਗ ਨੂੰ ਗੁਨਾਹ ਦਾ ਚਿੰਨ੍ਹ ਨਹੀਂ ਸਮਝਿਆ ਜਾਂਦਾ। ਏਥੇ ਇਸ ਨੂੰ ਸੂਰਜ ਤੋਂ ਦੂਜਾ ਦਰਜਾ ਦਿੱਤਾ ਜਾਂਦਾ ਹੈ। ਇਸ ਨਾਲ ਗੁਨਾਹ ਦਾ ਕੋਈ ਵਾਸਤਾ ਨਹੀਂ ਰਖਿਆ ਗਿਆ, ਨਾ ਬ੍ਰਹਮਚਰਯ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਸਗੋਂ ਸਰਕਾਰੀ ਤੌਰ ਉਤੇ ਪੜਤਾਲ ਕੀਤੀ ਜਾਂਦੀ ਹੈ, ਕਿ ਹਰ ਕਿਸੇ ਦੀ ਲਿੰਗ-ਜ਼ਿੰਦਗੀ ਮਨਾਹੀ ਤੋਂ ਸੁਤੰਤ੍ਰ ਹੋਵੇ। ਏਥੇ ਖ਼ਿਆਲ ਕੀਤਾ ਜਾਂਦਾ ਹੈ, ਕਿ ਪਾਗ਼ਲਪਨ, ਕਤਲ, ਧਿੰਗੋਜ਼ੋਰੀ, ਚੋਰੀ, ਸਭ ਲਿੰਗ-ਰੁਕਾਵਟਾਂ ਦਾ ਨਤੀਜਾ ਹੁੰਦੇ ਹਨ। ਏਥੇ ਕੋਈ ਪਾਗ਼ਲਖ਼ਾਨਾ ਨਹੀਂ। ਏਥੇ ਮੈਂ ਕਿਸੇ ਇਸਤ੍ਰੀ ਨੂੰ ਗ਼ਸ਼ ਪੈਂਦੀ ਨਹੀਂ ਵੇਖੀ।

11. ਏਥੇ ਹਰ ਉਮਰ ਵਿਚ ਵਿਆਹ ਹੁੰਦੇ ਹਨ, ਮੈਨੂੰ ਮੇਰੀ ਸੁਆਣੀ ਇੱਕ ਪੈਂਹਠ ਵਰ੍ਹੇ ਦੇ ਆਦਮੀ ਤੇ ਪੰਜਾਹ ਵਰ੍ਹੇ ਦੀ ਇਸਤ੍ਰੀ ਦੀ ਸ਼ਾਦੀ

ਉਤੇ ਲੈ ਗਈ। ਦੋਵੇਂ ਬੜੇ ਚਾਅ ਵਿਚ ਸਨ ਤੇ ਲੋਕ ਵੀ ਬੜੇ ਖ਼ੁਸ਼ ਸਨ। ਏਥੇ ਕੋਈ ਮਜ਼੍ਹਬੀ ਸ਼ਾਦੀ ਨਹੀਂ ਹੁੰਦੀ। ਸਭ ਸ਼ਾਦੀਆਂ ਨਜ਼ਾਮ ਦੀ ਸਰ-ਪ੍ਰਸਤੀ ਹੇਠਾਂ ਹੁੰਦੀਆਂ ਹਨ। ਏਥੇ ਲੋਕ ਹਰ ਉਮਰ ਵਿਚ ਪਿਆਰ ਕਰਦੇ ਹਨ। ਇਹਨਾਂ ਦੇ ਸ਼ੌਕ ਦੀ ਹੱਦ ਨਹੀਂ, ਬੜੇ ਖ਼ੁਸ਼ੀਆ ਜੀਉੜੇ ਹਨ।

12. ਏਥੇ ਇਸਤ੍ਰੀਆਂ ਮਰਦ ਸਭ ਖ਼ੁਦ ਮੁਖ਼ਤਾਰ ਹਨ। ਹਰ ਕਿਸੇ ਦਾ ਆਪੋ-ਆਪਣਾ ਹਿਸਾਬ ਹੈ। ਆਪਣੇ ਹੀ ਕੂਪਨ ਕੰਮ ਆਉਂਦੇ ਹਨ। ਇਸ ਲਈ ਕੋਈ ਕਿਸੇ ਦੇ ਅਧੀਨ ਨਹੀਂ। ਬੱਚੇ ਵੀ ਮਾਪਿਆਂ ਦੇ ਅਧੀਨ ਨਹੀਂ—ਉਹ ਕੌਮੀ ਪਨੀਰੀ ਸਮਝੇ ਜਾਂਦੇ ਤੇ ਨਜ਼ਾਮ ਉਨ੍ਹਾਂ ਨਾਲ ਸ਼ਹਿਜ਼ਾਦਿਆਂ ਵਰਗਾ ਸਲੂਕ ਕਰਦਾ ਹੈ।

13. ਕੋਈ ਇਸਤ੍ਰੀ ਮੂੰਹ ਉਤੇ ਰੰਗ ਨਹੀਂ ਲਾਂਦੀ, ਸਭ ਇਸਤ੍ਰੀਆਂ ਦੇ ਰੰਗ ਲਿਸ਼ਕਦੇ ਹਨ—ਉਨ੍ਹਾਂ ਦੇ ਮੂੰਹ ਸੂਰਜ ਦੇ ਟੁੱਕੜੇ ਜਾਪਦੇ ਹਨ। ਇਸਤ੍ਰੀਆਂ ਬੜੀਆਂ ਤਕੜੀਆਂ ਹਨ—ਕੋਮਲਤਾ ਲਈ ਏਥੇ ਕੋਈ ਖ਼ਬਤ ਨਹੀਂ। ਜਾਨ-ਭਰਪੂਰਤਾ ਏਥੋਂ ਦਾ ਆਦਰਸ਼ ਹੈ। ਇਸਤ੍ਰੀਆਂ ਦੇ ਮੱਥੇ, ਉਹਨਾਂ ਦੀਆਂ ਛਾਤੀਆਂ, ਉਹਨਾਂ ਦੇ ਚੂਕਲੇ, ਉਹਨਾਂ ਦੀਆਂ ਪਿੰਨੀਆਂ, ਸਭ ਜ਼ਿੰਦਗੀ ਨਾਲ ਲੁਸ-ਲੁਸ ਕਰਦੇ ਹਨ। ਕਮਜ਼ੋਰ, ਮਲੂਕ, ਨਾਜ਼ਕ ਹੋਣਾ ਏਥੇ ਰੋਗ ਸਮਝਿਆ ਜਾਂਦਾ ਹੈ।

14. ਗ਼ਰੀਬੀ ਤੇ ਮੁਥਾਜੀ ਦਾ ਏਥੋਂ ਦੇ ਸਾਹਿਤ ਵਿਚ ਵੀ ਕੋਈ ਜ਼ਿਕਰ ਨਹੀਂ। ਇਥੇ ਕੋਈ ਸਾਧੂ-ਸੰਤ ਜਾਂ ਮੰਗਤਾ ਨਹੀਂ।

15. ਏਥੇ ਕੋਈ ਕੋਝੀ ਸ਼ਕਲ ਨਹੀਂ — ਕਈਆਂ ਦੇ ਨਕਸ਼ ਬੜੇ ਸੁਹਣੇ ਹਨ—ਪਰ ਸਿਹਤ ਦੀ ਖ਼ੂਬਸੂਰਤੀ ਦਾ ਹਰ ਕੋਈ ਮਾਲਕ ਹੈ। ਮਰਦ ਬੜੇ ਹੀ ਤਕੜੇ ਹਨ, ਕੱਦ ਉੱਚੇ, ਤੇ ਅੰਗ ਮੋਕਲੇ।

16. ਮਾਪਿਆਂ ਦਾ ਜਾਂ ਸਰਕਾਰ ਦਾ ਵਿਆਹਾਂ ਨਾਲ ਕੋਈ ਸੰਬੰਧ ਨਹੀ। ਬੜੇ ਅਜੀਬ ਵਿਆਹ ਵੀ ਹੋ ਜਾਂਦੇ ਹਨ। ਪ੍ਰੋਫ਼ੈਸਰਾਂ ਤੇ ਜੱਜਾਂ ਦੀਆਂ ਧੀਆਂ ਮੋਟਰ-ਚਾਲਕਾਂ, ਤਰਖਾਣਾਂ, ਲੁਹਾਰਾਂ ਤੇ ਹੋਰ ਕਾਮਿਆਂ ਨਾਲ ਵਿਆਹ ਕਰ ਲੈਂਦੀਆਂ ਹਨ। ਮਾਪੇ ਪੂਰੀ ਰਜ਼ਾਮੰਦੀ ਨਾਲ ਸ਼ਾਮਲ ਹੁੰਦੇ ਹਨ। ਸਾਥ ਦੀ ਚੋਣ ਹਰ ਕਿਸੇ ਦਾ ਆਪਣਾ ਵਾਸਤਾ ਖ਼ਿਆਲ ਕੀਤਾ ਜਾਂਦਾ ਹੈ। ਧਨ ਦੀ ਕਿਸੇ ਨੂੰ ਲੋੜ ਹੀ ਨਹੀਂ, ਇਸ ਲਈ ਹੁਸਨ, ਤਾਕਤ ਤੇ ਲਿਆਕਤ ਨਾਲ ਸੁਹਣੀ ਤੋਂ ਸੁਹਣੀ ਇਸਤ੍ਰੀ ਦਾ ਹੱਕਦਾਰ ਬਣਿਆ ਜਾ ਸਕਦਾ ਹੈ।

17. ਵਿਆਹ ਟੁੱਟਦੇ ਘਟ ਹਨ — ਪਰ ਟੁੱਟ ਬੜੀ ਆਸਾਨੀ ਨਾਲ ਸਕਦੇ ਹਨ। ਜਦੋਂ ਇਕ ਧਿਰ ਦੂਜੀ ਨਾਲ ਰਹਿਣਾ ਨਾ ਚਾਹੇ, ਉਸ ਨੂੰ ਕੋਈ ਮਜਬੂਰ ਨਹੀਂ ਕਰ ਸਕਦਾ।

18. ਏਥੋਂ ਦੇ ਲੋਕ ਫੇਰ ਵੀ ਲਿੰਗ ਅਖ਼ਲਾਕ ਵਿਚ ਬੜੇ ਪਵਿੱਤਰ ਹਨ। ਕੋਈ ਕਿਸੇ ਵਲ ਬਿਨਾਂ ਹੱਕ ਲਿੰਗ-ਪ੍ਰਭਾਵਤ ਨਜ਼ਰਾਂ ਨਾਲ ਤੱਕਣ ਦਾ ਹੀਆ ਨਹੀਂ ਕਰ ਸਕਦਾ। ਜਵਾਨ ਇਸਤ੍ਰੀਆਂ ਇਕੱਲੀਆਂ ਸਫਰ ਕਰਦੀਆਂ, ਹੋਟਲਾਂ ਵਿਚ ਰਹਿੰਦੀਆਂ ਤੇ ਰਾਤੀਂ ਫਿਰਦੀਆਂ ਹਨ, ਕਿਸੇ ਇਸਤ੍ਰੀ ਮਰਦ ਦਾ ਇਕੱਠੇ ਹੋਣਾ ਕਿਸੇ ਅੰਦਰ ਕੋਈ ਚਿੰਤਾ ਜਾਂ ਸੋਚ ਪੈਦਾ ਨਹੀਂ ਕਰਦਾ। ਲਿੰਗ-ਬਿਮਾਰੀਆਂ ਦੀ ਏਥੇ ਖ਼ਬਰ ਸੁਰਤ ਹੀ ਨਹੀਂ। ਏਥੇ ਦੋ ਜਵਾਨੀਆਂ ਦਾ ਜ਼ਿਕਰ ਹੈ। ਪਹਿਲੀ 18 ਤੋਂ 40 ਵਰ੍ਹੇ ਤਕ, ਦੂਜੀ 45 ਤੋਂ 60 ਵਰ੍ਹੇ ਤਕ। ਦੂਜੀ ਜਵਾਨੀ ਦੇ ਇਸਤ੍ਰੀਆਂ ਮਰਦ ਪਹਿਲੀ ਨਾਲੋਂ ਵੀ ਵਧ ਨਿੱਘੇ ਤੇ ਰਾਂਗਲੇ ਹੁੰਦੇ ਹਨ।

19. ਖੇਡ ਤਮਾਸ਼ੇ, ਸੈਰ, ਖੁਲ੍ਹੀਆਂ ਥਾਵਾਂ ਉਤੇ ਖੇਡ ਖਾਣੇ ਕਰਨ, ਸੰਗੀਤ, ਨਾਚ, ਸ਼ੌਕੀਆ ਪੈਦਲ ਸਫ਼ਰ ਕਰਨ, ਦੌੜਾਂ ਲਾਣ ਦਾ ਬੜਾ ਰਵਾਜ ਹੈ। ਨਿੱਤ ਕਿਤੇ ਨਾ ਕਿਤੇ ਕੋਈ ਖੇਡ-ਮੁਕਾਬਲਾ ਲੱਗਾ ਹੀ ਰਹਿੰਦਾ ਹੈ, ਤੇ 65-70 ਵਰ੍ਹੇ ਦੇ ਇਸਤ੍ਰੀਆਂ ਮਰਦ ਵੀ ਇਨ੍ਹਾਂ ਵਿਚ ਸ਼ਾਮਲ ਹੁੰਦੇ ਹਨ।

20. ਲਿੰਗ ਸੰਬੰਧੀ ਅਨੋਖੀ ਖੁੱਲ੍ਹ ਤੋਂ ਬਾਅਦ ਜਿਸ ਗੱਲ ਨੇ ਮੈਨੂੰ ਬੜਾ ਹੈਰਾਨ ਕੀਤਾ, ਉਹ ਜਨ-ਸਾਧਾਰਣ ਦੀ ਬੇ-ਗ਼ਰਜ਼ ਜਿਹੀ ਪ੍ਰਕ੍ਰਿਤੀ ਹੈ। ਸ਼ਾਇਦ ਜਾਇਦਾਦ ਦਾ ਰਵਾਜ ਨਾ ਹੋਣ ਕਰਕੇ, ਲੋਕ ਇਕ ਦੂਜੇ ਦੇ ਕੰਮ ਆਉਣ ਲਈ ਬੜੇ ਤਿਆਰ ਰਹਿੰਦੇ ਹਨ। ਇਸ ਦਾ ਕਾਰਣ ਮੈਨੂੰ ਇਹ ਜਾਪਿਆ ਹੈ, ਕਿ ਸੰਤਾਨ, ਕੌਮ, ਮਜ਼੍ਹਬ, ਜਾਇਦਾਦ ਦੀ ਮੋਹ-ਮਮਤਾ ਤੇ ਧੜੇ-ਬਾਜ਼ੀ ਨਾ ਹੋਣ ਕਰਕੇ ਲੋਕਾਂ ਕੋਲ ਜ਼ਿੰਦਗੀ ਮਾਣਨ ਦਾ ਹੀ ਇਕ ਰੁਝੇਵਾਂ ਰਹਿ ਗਿਆ ਹੈ। ਇਸ ਰੁਝੇਵੇਂ ਲਈ ਗੁਆਂਢੀਆਂ ਤੇ ਸਾਥੀਆਂ ਦੀ ਬੜੀ ਲੋੜ ਪੈਂਦੀ ਹੈ। ਹਰ ਕੋਈ ਦੂਜੇ ਲਈ ਲੋੜੀਂਦਾ ਹੋ ਜਾਂਦਾ ਹੈ, ਆਪਣਾ ਸੁਹਣਾ ਸਰੀਰ, ਆਪਣੇ ਸੁਹਣੇ ਕਪੜੇ, ਆਪਣਾ ਚੰਗਾ ਸੁਭਾ, ਆਪਣੀਆਂ ਸ਼ਖ਼ਸੀਅਤ-ਭਰੀਆਂ ਅੱਖਾਂ ਕੋਈ ਕਿਸ ਨੂੰ ਦੱਸੇ, ਜੇ ਗੁਆਂਢੀਆਂ ਨੂੰ ਨਾ ਦਸੇ? ਇਸ ਲਈ ਉਨ੍ਹਾਂ ਦੀ ਸ਼ੁਭ-ਇੱਛਾ ਦੀ ਹਰ ਵੇਲੇ ਲੋੜ ਰਹਿੰਦੀ ਹੈ। ਏਥੋਂ ਦੇ ਲੋਕਾਂ ਵਿਚ ਰਵਾਜ ਹੈ ਕਿ ਕਿਸੇ ਦੇ ਕਪੜੇ ਦੀ ਤਾਰੀਫ਼ ਕਰਨਾ, ਕਿਸੇ ਦੇ ਰੰਗ

ਨੂੰ ਸੁਹਣਾ ਆਖਣਾ, ਕਿਸੇ ਦੀਆਂ ਅੱਖਾਂ ਦੀ ਰੌਸ਼ਨੀ ਦੀ ਦਾਦ ਦੇਣਾ, ਕਿਸੇ ਦੇ ਸੁੰਦਰਤਾ ਉਤੇ ਪ੍ਰਸੰਸਾ ਭਰੀ ਮੁਸਕਰਾਹਟ ਸੁੱਟਣੀ। ਸ਼ਾਇਦ ਇਸ ਲਈ ਕਿ ਕਿਸੇ ਨੂੰ ਵੀ ਆਪਣੇ ਭਵਿਖ ਦਾ ਫ਼ਿਕਰ ਨਹੀਂ, ਕੋਈ ਵੀ ਕਿਸੇ ਕੋਲੋਂ ਲੋੜ ਪੈਣ ਉਤੇ ਕੁਝ ਵੀ ਸਾਂਭ ਲਕੋ ਕੇ ਨਹੀ ਰਖਦਾ।

2. ਨਜ਼ਾਮ ਵਲੋਂ ਹਰ ਮਹੀਨੇ ਇਕ ਰਸਾਲਾ ਪ੍ਰਕਾਸ਼ਤ ਹੁੰਦਾ ਹੈ, ਇਸ ਦਾ ਸਿਰਲੇਖ "ਜੀਵਨ-ਜਾਚ" ਹੈ। ਇਸ ਵਿਚ ਅਤਿ ਸੁਚੱਜੇ ਤੇ ਸਿਆਣੇ ਇਸਤ੍ਰੀਆਂ ਮਰਦਾਂ ਦੇ ਜ਼ਾਤੀ ਤਜਰਬੇ ਦਿੱਤੇ ਹੁੰਦੇ ਹਨ। ਬਹੁਤਾ ਜ਼ੋਰ ਇਸ ਗੱਲ ਉਤੇ ਹੁੰਦਾ ਹੈ, ਕਿ ਕੀਕਰ ਅਸੀਂ ਜ਼ਿੰਦਗੀ ਨੂੰ ਆਪਣੇ ਤੇ ਦੂਜਿਆਂ ਲਈ ਵਧ ਤੋਂ ਵਧ ਸੁਆਦਲਾ ਬਣਾ ਸਕਦੇ ਹਾਂ।

ਜਿੰਨੀ ਦੇਰ ਮੈਨੂੰ ਉਸ ਮੁਲਕ ਵਿਚ ਹੁੰਦੀ ਜਾਂਦੀ ਸੀ, ਉਨਾ ਹੀ ਉਸ ਦਾ ਸੂਰਜ ਮੇਰੀ ਆਤਮਾ ਵਿਚ ਰਚਦਾ ਜਾਂਦਾ ਸੀ — ਪਰ ਓਨੀ ਹੀ ਕਾਹਲ ਵਾਪਸ ਦੇਸ ਮੁੜਨ ਦੀ ਮੇਰੇ ਅੰਦਰ ਪੈਦਾ ਹੁੰਦੀ ਜਾ ਰਹੀ ਸੀ, ਤੇ ਨਾਲੇ ਮੈਂ ਉਸ ਆਪਣੀ ਸੁਆਣੀ ਬਾਬਤ ਕੀ ਦੱਸਾਂ — ਭਾਵੇਂ ਉਹ ਉਮਰ ਵਿਚ ਮੇਰੇ ਨਾਲੋਂ ਵੱਡੀ ਸੀ ਪਰ ਉਹ ਮੇਰੇ ਮਨ ਤੇ ਆਤਮਾ ਦੋਹਾਂ ਨੂੰ ਮੋਹੰਦੀ ਜਾਂਦੀ ਸੀ। ਉਸ ਦੀਆਂ ਅੱਖਾਂ ਦੀ ਤੱਕਣੀ ਮੇਰੇ ਅੰਦਰੋਂ ਉਹ ਉਹ ਖ਼ਿਆਲ ਢੂੰਡ ਕੇ ਕੱਢ ਲਿਆਉਂਦੀ ਸੀ, ਜਿਹੜੇ ਮੈਂ ਕਦੇ ਸੋਚੇ ਤਕ ਨਹੀਂ ਸਨ ਹੁੰਦੇ, ਉਸ ਦਾ ਅੱਧੀ ਅੱਧੀ ਰਾਤ ਤਕ ਮੇਰੇ ਕਮਰੇ ਵਿਚ ਬੈਠੇ ਰਹਿਣਾ, ਮੇਰੇ ਨਾਲ ਲੱਗਣੋਂ ਜ਼ਰਾ ਸੰਕੋਚ ਨਾ ਕਰਨਾ — ਜਦੋਂ ਉਹ ਮੈਨੂੰ ਆਪਣੇ ਦੇਸ ਦੀ ਬੋਲੀ ਪੜ੍ਹਾਇਆ ਕਰਦੀ ਸੀ — ਕਈ ਵਾਰੀ ਉਹ ਐਡੀ ਮੇਰੇ ਨੇੜੇ ਆ ਜਾਂਦੀ ਸੀ ਕਿ ਉਸ ਦੇ ਕੇਸ ਮੇਰੇ ਕੇਸਾਂ ਨਾਲ ਰਲ ਜਾਂਦੇ ਸਨ, ਉਸ ਦੇ ਸਾਹ ਦੀ ਖ਼ੁਸ਼ਬੂ ਮੈਨੂੰ ਮੇਰੀਆਂ ਸਤਰਾਂ ਭੁਲਾ ਦੇਂਦੀ ਤੇ ਉਹ ਹੱਸ ਪੈਂਦੀ — ਮੈਨੂੰ ਕਹਿੰਦੀ — "ਤੂੰ ਸ਼ਰਾਰਤੀ ਮੁੰਡਾ !" — ਮੇਰੇ ਮੁਲਕ ਵਿਚ ਮੈਨੂੰ ਇਹੋ ਜਿਹੀ ਇਸਤ੍ਰੀ "ਮੱਤ ਮਾਰਿਆ ਬੁੱਢਾ" ਆਖਦੀ। ਉਸ ਦਾ ਪਤੀ ਵੀ ਉਪਰੋਂ ਆ ਜਾਂਦਾ — ਮੈਂ ਸ਼ਰਮਾ ਜਾਂਦਾ — ਪਰ ਉਸ ਦੀ ਜ਼ਿੰਦਾ-ਦਿਲੀ ਇਸਤ੍ਰੀ ਨੂੰ ਵੀ ਮਾਤ ਕਰ ਦੇਂਦੀ। ਉਹ ਪੁੱਛਦਾ, "ਤੁਸੀਂ ਮੇਰੀ ਪਤਨੀ ਨੂੰ ਪਿਆਰ ਕਰਦੇ ਹੋ ?" ਮੈਂ ਸ਼ਰਮਿੰਦਾ ਹੋ ਜਾਂਦਾ — ਪਰ ਉਸ ਦੀਆਂ ਅੱਖਾਂ ਵਿਚ ਆਪਣਾ ਬੜਾ ਸਤਿਕਾਰ ਵੇਖ ਕੇ ਮੈਂ ਉੱਤਰ ਦੇਣ ਦੀ ਦਲੇਰੀ ਕਰਦਾ : "ਹਾਂ ਜੀ — ਇਹ ਮੈਨੂੰ ਬੜੇ ਹੀ ਚੰਗੇ ਲੱਗਦੇ ਹਨ।"

ਪਰ ਜਿੰਨੀ ਉਹ ਇਸਤ੍ਰੀ ਮੈਨੂੰ ਚੰਗੀ ਲੱਗਦੀ ਜਾਵੇ ਉਨਾ ਹੀ ਮੇਰਾ ਜੀਅ ਦੇਸ ਮੁੜਨ ਨੂੰ ਕਰੇ। ਮੈਨੂੰ ਐਉਂ ਜਾਪੇ ਜੀਕਰ ਮੈਂ ਜਵਾਨੀ, ਹੁਸਨ ਤੇ ਕਾਮਯਾਬੀ ਦਾ ਰਾਜ਼ ਲੱਭ ਲਿਆ ਹੈ। ਮੈਂ ਘਰ ਜਾ ਕੇ ਆਪਣੀ ਪਤਨੀ ਨੂੰ ਵੀ ਏਸੇ ਵਾਂਗ ਜਵਾਨ ਕਰ ਲਵਾਂਗਾ; ਆਪਣੇ ਹਮਵਤਨਾਂ ਨੂੰ ਵੀ ਬੇ-ਅਰਥ ਵਹਿਮਾਂ ਤੋਂ ਛੁੜਾ ਕੇ ਇਹਨਾਂ ਵਾਂਗ ਸੁਹਣੇ ਬਣਾ ਲਵਾਂਗਾ; ਇਹਨਾਂ ਵਾਂਗ ਉਹਨਾਂ ਦੇ ਮੂੰਹਾਂ ਉਤੇ ਵੀ ਹਾਸਾ ਲਿਆ ਸਕਾਂਗਾ; ਉਹਨਾਂ ਨੂੰ ਤੰਗ ਤੇ ਬੰਦ ਘੁਰਨਿਆਂ ਵਿਚੋਂ ਕੱਢ ਕੇ ਖੁੱਲ੍ਹੇ ਆਕਾਸ਼ ਹੇਠਾਂ ਸੂਰਜ ਭਗਵਾਨ ਦੇ ਰੂਬਰੂ ਲੈ ਆਵਾਂਗਾ, ਮੈਂ ਉਹਨਾਂ ਨੂੰ ਦੱਸਾਂਗਾ, ਕਿ ਨਿਰਾ ਸੂਰਜ ਹੀ ਨਹੀਂ, ਮੈਂ ਰੱਬ ਦੀ ਨੇੜਤਾ ਵੀ ਮਹਿਸੂਸ ਕਰ ਆਇਆ ਹਾਂ। ਤੁਸੀਂ ਤੇ ਮੈਂ ਰੱਬ ਹਾਂ — ਰੱਬ ਹੋਰ ਕੋਈ ਨਹੀਂ। ਇਸ ਸੁਆਣੀ ਦੀ ਯਾਦ ਮੈਂ ਦਿਲ ਵਿਚ ਸਾਂਭ ਕੇ ਲੈ ਜਾਵਾਂਗਾ। ਇਹ ਮੈਂ ਆਪਣੀਆਂ ਭੈਣਾਂ ਧੀਆਂ ਨੂੰ ਨਮੂਨਾ ਪੇਸ਼ ਕਰਾਂਗਾ — ਇਸ ਦੇ ਪਤੀ ਦਾ ਨਮੂਨਾ ਮੈਂ ਆਪਣੇ ਭਰਾਵਾਂ ਤੇ ਪੁੱਤਰਾਂ ਨੂੰ ਦਿਆਂਗਾ —- ਇਥੋਂ ਦੇ ਨਜ਼ਾਮ ਦਾ ਹਾਲ ਦੱਸ ਕੇ ਮੈਂ ਆਪਣੇ ਹਾਕਮਾਂ ਨੂੰ ਪ੍ਰੇਰਾਂਗਾ।

ਮੈਂ ਉਥੋਂ ਮੁੜਨ ਲਈ ਬੇਤਾਬ ਹੋ ਗਿਆ। ਮੇਰੀ ਸੁਆਣੀ ਦਾ ਪਤੀ ਮੈਨੂੰ ਜਿਥੋਂ ਤਕ ਮੋਟਰ ਜਾ ਸਕਦੀ ਸੀ, ਛੱਡ ਆਇਆ। ਉਸ ਨੇ ਵੇਲੇ ਸਿਰ ਆਪਣੇ ਕੰਮ ਉਤੇ ਜਾਣਾ ਸੀ। ਓਦੂੰ ਅਗੇ ਮੇਰੀ ਸੁਆਣੀ ਮੇਰੇ ਨਾਲ ਆਈ। ਮੈਂ ਚਾਹਿਆ ਸੀ ਉਹ ਜੰਗਲ ਦੀ ਹੱਦ ਤਕ ਮੇਰੇ ਨਾਲ ਜਾਏ, ਉਹ ਮੇਰੇ ਨਾਲ ਮੇਰੇ ਵਤਨ ਜਾਣ ਨੂੰ ਵੀ ਤਿਆਰ ਸੀ, ਉਸ ਦਾ ਪਤੀ ਵੀ ਰਜ਼ਾਮੰਦ ਸੀ, ਪਰ ਉਹ ਹਨੇਰੇ ਵਿਚ ਜੀਉਂਦੀ ਨਹੀਂ ਸੀ ਰਹਿ ਸਕਦੀ, ਖੁੱਲ੍ਹੀ ਹਵਾ ਉਸ ਦੇ ਪ੍ਰਾਣ ਸਨ, ਉਹ ਬੰਦ ਹਵਾ ਵਿਚ ਸਾਹ ਨਹੀਂ ਸੀ ਲੈ ਸਕਦੀ।

ਹੱਦ ਪਹੁੰਚ ਪਈ। ਮੈਂ ਉਸ ਦਾ ਹੱਥ ਚੁੰਮਿਆ। ਉਸ ਨੇ ਮੇਰੇ ਦੋਵੇਂ ਹੱਥ ਫੜ ਲਏ, ਤੇ ਬੜੇ ਪਿਆਰ ਤੇ ਤਰਸ ਨਾਲ ਮੇਰੀਆਂ ਅੱਖਾਂ ਵਿਚ ਤੱਕਿਆ — ਤੇ ਫੇਰ — ਮੈਂ ਕੀਕਰ ਦੱਸਾਂ ਉਸ ਨੇ ਮੇਰੇ ਨਾਲ ਉਹ ਕੀਤਾ, ਜੋ ਮੇਰੀ ਭੈਣ ਵੀ ਕਰਦੀ ਝੱਕ ਜਾਏ। ਉਸ ਨੇ ਆਪਣਾ ਸਿਰ ਮੇਰੇ ਸਿਰ ਨਾਲ ਲਾ ਦਿੱਤਾ — ਲਾਇਆ ਤੇ ਉਸ ਨੇ ਕੁਝ ਹੋਰ ਵੀ, ਤੇ ਮੈਨੂੰ ਚੰਗਾ ਵੀ ਬੜਾ ਲੱਗਾ — ਪਰ ਚੂੰਕਿ ਤੁਹਾਨੂੰ ਚੰਗਾ ਨਹੀਂ ਲੱਗਣਾ, ਇਸ ਲਈ ਮੈਂ ਦੱਸਦਾ ਨਹੀਂ — ਤੇ ਫੇਰ ਉਹ ਮੁੜ ਪਈ — ਮੈਂ ਅਗਾਂਹ

ਵਲ ਮੂੰਹ ਕੀਤਾ — ਹਨੇਰੇ ਵਿਚ ਮੈਨੂੰ ਕੁਝ ਵੀ ਨਾ ਦਿਸਿਆ। ਮੈਂ ਕਦਮ ਅਗਾਂਹ ਪੁੱਟਿਆ — ਅੰਦਰੋਂ ਹੁੰਮਸ ਆਈ — ਮੇਰਾ ਸਾਹ ਰੁਕ ਗਿਆ — ਮੈਂ ਬੇਤਾਬ ਹੋ ਕੇ ਬਾਹਾਂ ਚੁੱਕੀਆਂ......

ਮੇਰੀ ਰਜ਼ਾਈ ਅੱਧੀ ਭੁੰਜੇ ਆ ਪਈ। ਮੇਰੇ ਉਤੇ ਗੋਡੇ ਗੋਡੇ ਸੂਰਜ ਚੜ੍ਹ ਆਇਆ ਸੀ। ਮੈਂ ਸ਼ਰਮਾ ਕੇ ਉਠਿਆ।— —

ਪਰ ਕੋਈ ਸਵਰਗੀ ਯਾਦ ਮੇਰਾ ਦਿਲ ਧੜਕਾ ਰਹੀ ਸੀ।

[ 1943

10

# ਨਵ-ਸਾਲ ਨਹੀਂ, ਨਵ-ਯੁਗ

ਅਗੋਂ ਜ਼ਿੰਦਗੀ ਕਿਹੋ ਜਿਹੀ ਹੋਵੇਗੀ ? ਇਹ ਸਵਾਲ ਸਾਰੀ ਦੁਨੀਆ ਉਤੇ ਸੋਚਣ ਵਾਲੇ ਦਿਮਾਗ਼ਾਂ ਅੰਦਰ ਉਠ ਰਿਹਾ ਹੈ। ਭਿਆਨਕ ਜੰਗ ਦਾ ਦੂਜਾ ਸਿਰਾ ਅਜੇ ਭਾਵੇਂ ਦਿਸਣ ਨਹੀਂ ਲੱਗਾ, ਪਰ ਇਹ ਜਾਪਣ ਜ਼ਰੂਰ ਲੱਗ ਪਿਆ ਹੈ ਕਿ ਸਿਰਾ ਬਹੁਤੀ ਦੂਰ ਨਹੀਂ। ਉਮੀਦ ਕੀਤੀ ਜਾ ਸਕਦੀ ਹੈ ਕਿ ਸੰਨ 1944 ਵਿਚ ਯੂਰਪ ਦੀ ਲੜਾਈ ਖ਼ਤਮ ਹੋ ਜਾਏਗੀ। ਤੇ ਫੇਰ ਜਾਪਾਨ ਦੀ ਲੜਾਈ ਨੂੰ ਦੋ ਸਾਲਾਂ ਤੋਂ ਵਧ ਨਹੀਂ ਲਗਣਗੇ, ਸੰਨ 1946 ਦੇ ਵਿਚਕਾਰ ਜਾਂ ਅਖ਼ੀਰ ਵਿਚ ਲੜਾਈ ਦੇ ਬੱਦਲਾਂ ਤੋਂ ਸਾਰਾ ਆਕਾਸ਼ ਸਾਫ਼ ਹੋ ਜਾਏਗਾ।

ਸਾਡੇ ਦੇਸ ਵਿਚ, ਸਾਡੇ ਸੁਭਾ ਅਨੁਸਾਰ, ਵਰਤਮਾਨ ਅਵਸਥਾ ਦੀਆਂ ਗੁੰਝਲਾਂ ਦੇ ਰੂਬਰੂ ਸੋਚ ਤੇ ਅਮਲ ਦੀ ਮਾੜੀ ਮੋਟੀ ਰਿੜ੍ਹਦੀ ਗੱਡੀ ਵੀ ਭਾਵੇਂ ਹੁਣ ਉੱਕੀ ਖੜੋ ਗਈ ਹੈ, ਪਰ ਹੋਰਨੀ ਥਾਈਂ ਜਿਥੇ ਲੋਕਾਂ ਵਿਚ ਲਹੂ ਗਰਮ ਤੇ ਤਿੱਖਾ ਦੌੜਦਾ ਹੈ, ਓਥੇ ਉਨ੍ਹਾਂ ਇਹ ਵੇਖ ਕੇ ਕਿ ਲੜਾਈ ਦੇ ਅੰਤ ਨਾਲ ਪੁਰਾਣਾ ਯੁਗ ਵੀ ਅੰਤ ਹੋ ਜਾਣਾ ਹੈ, ਨਵੇਂ ਯੁਗ ਦੀ ਤਿਆਰੀ ਨੂੰ ਲੜਾਈ ਜਿੱਤਣ ਨਾਲੋਂ ਵੀ ਵਧੇਰੇ ਜ਼ਰੂਰੀ ਸਮਝ ਲਿਆ ਹੈ। ਕਿਉਂਕਿ ਉਨ੍ਹਾਂ

ਦਾ ਯਕੀਨ ਹੈ ਕਿ ਜੇ ਨਵੇਂ ਯੁਗ ਲਈ ਉਹ ਤਿਆਰ ਨਾ ਹੋਏ ਤਾਂ ਪੁਰਾਤਨਤਾ ਦੀਆਂ ਤ੍ਰੇੜਾਂ ਵਿਚੋਂ ਫੇਰ ਮਾਰੂ ਵਿਸ਼-ਬੂਟੀ ਦੀਆਂ ਜੜ੍ਹਾਂ ਪੁੰਗਰ ਕੇ ਨਵੇਂ ਯੁਗ ਦੇ ਸੋਧੇ ਸੁਹਾਗੇ ਖੇਤਾਂ ਨੂੰ ਢੱਕ ਲੈਣਗੀਆਂ, ਤੇ ਉਨ੍ਹਾਂ ਦੀ ਪਹਿਲੀ ਸਾਰੀ ਘਾਲਣਾ ਨਿਸਫਲ ਚਲੀ ਜਾਏਗੀ।

ਜਿਨ੍ਹਾਂ ਵਿਚ ਲਹੂ ਗਰਮ ਤੇ ਤਿੱਖਾ ਦੌੜਦਾ ਹੈ, ਉਹ ਇਸ ਵੇਲੇ ਅਠਾਰਾਂ ਅਠਾਰਾਂ ਘੰਟੇ ਕੰਮ ਕਰ ਕੇ ਨਵ-ਯੁਗ ਲਈ ਤਜਵੀਜ਼ਾਂ ਬਣਾ ਰਹੇ ਹਨ, ਤੇ ਉਨ੍ਹਾਂ ਤਜਵੀਜ਼ਾਂ ਉਤੇ ਟੀਕਾ-ਟਿਪਣੀ ਪ੍ਰਾਪਤ ਕਰ ਕੇ ਉਨ੍ਹਾਂ ਨੂੰ ਸੋਧ ਰਹੇ ਹਨ। ਅਖ਼ਬਾਰਾਂ ਵਿਚ ਇਹਨਾਂ ਤਜਵੀਜ਼ਾਂ ਦੀ ਚਰਚਾ ਹੈ : ਵਪਾਰ ਦੇ ਨਵੇਂ ਅਸੂਲ ਕੀ ਹੋਣਗੇ ? ਅਗਲੀ ਰਾਜਨੀਤੀ ਕਿਸ ਤਰ੍ਹਾਂ ਦੀ ਹੋਵੇਗੀ ? ਕੌਮਾਂਤ੍ਰੀ ਨਜ਼ਾਮ ਨੂੰ ਕੀ ਸ਼ਕਲ ਦਿਤੀ ਜਾ ਸਕੇਗੀ ? ਸਕੂਲਾਂ ਵਿਚ ਕਿਸ ਕਿਸਮ ਦਾ ਇਤਿਹਾਸ ਪੜ੍ਹਾਇਆ ਜਾਏਗਾ ?

ਕੌਮਾਂਤ੍ਰੀ ਰਾਜਨੀਤੀ ਤੇ ਕੌਮਾਂਤ੍ਰੀ ਵਪਾਰ ਸਮਝਣ ਲਈ ਸਕੂਲ ਖੋਲ੍ਹੇ ਜਾ ਰਹੇ ਹਨ, ਬੱਚਿਆਂ ਲਈ ਕਿਤਾਬਾਂ ਨਵੀਆਂ ਲਿਖੀਆਂ ਜਾ ਰਹੀਆਂ ਹਨ, ਤੇ ਕਰੋੜਾਂ ਦੀ ਗਿਣਤੀ ਵਿਚ ਛਾਪੀਆਂ ਜਾ ਰਹੀਆ ਹਨ। ਵੱਡੇ ਵਿਦਵਾਨ, ਡਾਕਟਰ, ਪ੍ਰੋਫ਼ੈਸਰ ਤੇ ਪ੍ਰਕਾਸ਼ਕ ਇਸ ਕਮੇਟੀ ਦੇ ਮੈਂਬਰ ਹਨ। ਉਹ ਸੋਚ ਰਹੇ ਹਨ ਕਿ ਜਿਹੜੇ ਲਖਾਂ ਸਿਪਾਹੀ ਲੜਾਈ ਤੋਂ ਵਾਪਸ ਆਉਣਗੇ, ਉਨ੍ਹਾਂ ਨੂੰ ਕਿਹੜੇ ਕੰਮ ਉਤੇ ਲਾਇਆ ਜਾਏਗਾ। ਲੜਾਈ ਖ਼ਤਮ ਹੋਣ ਬਾਅਦ ਜਿਹੜਾ "ਮੰਦਾ" ਕੁਝ ਚਿਰ ਲਈ ਸਾਰੀ ਦੁਨੀਆ ਵਿਚ ਆਵੇਗਾ, ਉਸ ਦਾ ਕਿਸ ਤਰ੍ਹਾਂ ਮੁਕਾਬਲਾ ਕੀਤਾ ਜਾਏਗਾ।

ਦਸ ਵੀਹ ਸਰਕਾਰੀ "ਕਾਰਜਕਾਰੀ" ਅਫ਼ਸਰ ਇਸ ਕੰਮ ਉਤੇ ਨਹੀਂ ਲੱਗੇ ਹੋਏ, ਸਗੋਂ ਹਜ਼ਾਰਾਂ ਲਿਖਾਰੀ, ਫ਼ਲਸਫ਼ਾਦਾਨ, ਇੰਜੀਨੀਅਰ, ਸਾਇੰਸਦਾਨ, ਅਧਿਆਪਕ ਤੇ ਰਾਜਨੀਤਿੱਗ, ਬਿਨਾਂ ਤਨਖ਼ਾਹ, ਯੋਜਨਾਵਾਂ ਪੇਸ਼ ਕਰ ਰਹੇ ਹਨ, ਜਿਹੜੀਆਂ ਅਖ਼ਬਾਰਾਂ ਵਿਚ ਪੜਚੋਲੀਆਂ ਤੇ ਰੇਡੀਓ ਉਤੇ ਪ੍ਰਸਾਰਨ ਕੀਤੀਆ ਜਾ ਰਹੀਆਂ ਹਨ। ਇਸ ਤਰ੍ਹਾਂ ਸਾਰੀ ਜਨਤਾ ਨੂੰ ਨਵ-ਯੁਗ ਦੀ ਚੇਤੰਨਤਾ ਨਾਲ ਥਰਕਾਇਆ ਜਾ ਰਿਹਾ ਹੈ। ਨਵੇਂ ਸਾਲ ਦੇ ਮੌਕੇ ਉਤੇ ਉਹਨਾਂ ਮੁਲਕਾਂ ਵਿਚ ਬਿਲਕੁਲ ਨਵੇਂ ਨਕੋਰ ਵਿਚਾਰ ਤੇ ਨਵੇਂ ਨਕੋਰ ਇਰਾਦੇ ਪੇਸ਼ ਕੀਤੇ ਗਏ ਹਨ। ਲੋਕ ਇਹਨਾਂ ਨੂੰ ਸੋਚਣਗੇ, ਇਹਨਾਂ ਨਾਲ ਹਿੱਲਣਗੇ, ਤੇ ਨਵੀਆਂ ਪ੍ਰੇਰਨਾਵਾਂ ਨਾਲ ਧੜਕਣਗੇ।

ਕੁਝ ਸਾਲਾਂ ਤੋਂ ਮੇਰੇ ਪਾਠਕ, ਨਵੇਂ ਸਾਲ ਉਤੇ ਮੇਰੇ ਕੋਲੋਂ ਕਿਸੇ ਸੁਨੇਹੇ ਦੀ ਆਸ ਰਖਦੇ ਆ ਰਹੇ ਹਨ। ਮੈਂ ਆਪਣੇ ਵਲੋਂ ਕੋਈ ਨਵੀਂ ਗੱਲ ਆਖਣ ਦੀ ਕੋਸ਼ਿਸ਼ ਸਦਾ ਕਰਦਾ ਹਾਂ, ਪਰ ਸਾਡੇ ਇਸ ਪੁਰਾਣੇ ਵਾਯੂ-ਮੰਡਲ ਵਿਚ ਪੁਰਾਤਨਤਾ ਦੀ ਰੇਤ ਇੰਝ ਉੱਡਦੀ ਹੈ ਕਿ ਨਵੀਂ ਤੋਂ ਨਵੀਂ ਗੱਲ ਦੇ ਮੂੰਹੋਂ ਨਿਕਲਦਿਆਂ ਹੀ ਉਸ ਉਤੇ ਮਣਾਂ-ਮੂੰਹੀਂ ਪੁਰਾਣੀ ਰੇਤ ਦੇ ਅੰਬਾਰ ਜੁੜ ਜਾਂਦੇ ਹਨ।

ਅੱਜ ਇਸ ਉੱਡਦੀ ਰੇਤ ਦੇ ਸਾਹਮਣੇ ਹਰ ਮੁਮਕਿਨ ਡੱਕਾ ਖੜਾ ਕਰ ਕੇ ਮੈਂ ਆਪਣੇ ਪਾਠਕਾਂ ਨੂੰ, ਜਿਨ੍ਹਾਂ ਲਈ ਮੇਰੇ ਦਿਲ ਵਿਚ ਬੜਾ ਸਤਿਕਾਰ ਤੇ ਬੜੀਆਂ ਰੀਝਾਂ ਹਨ, ਛੇ ਗੱਲਾਂ ਜਿੰਨੀ ਉੱਚੀ ਤੇ ਜ਼ੋਰਦਾਰ ਆਵਾਜ਼ ਮੈਂ ਕੱਢ ਸਕਦਾ ਹਾਂ, ਉਸ ਵਿਚ ਆਖਣ ਦਾ ਜਤਨ ਕਰਾਂਗਾ। ਇਹ ਗੱਲਾਂ ਬਿਲਕੁਲ ਨਵੀਆਂ ਤਾਂ ਨਹੀਂ ਪਰ ਹਿੰਦੁਸਤਾਨ ਦੇ ਬਹੁਤ ਸਾਰੇ ਭਾਈਚਾਰਿਆਂ ਵਿਚ ਉਨ੍ਹਾਂ ਨੂੰ ਕਹਿਣ ਦਾ ਹੀਆ ਜ਼ਰੂਰ ਨਵਾਂ ਹੈ। ਇਹੋ ਜਿਹੀਆਂ ਗੱਲਾਂ ਨਵੇਂ ਰੂਸ ਦੇ ਲਿਖਾਰੀ ਅਲੈਕਸੀ ਟਾਲਸਟਾਏ ਨੇ ਅਗਲੀ ਰੂਸੀ ਨਸਲ ਦੀ ਪ੍ਰਵਰਿਸ਼ ਦੀਆਂ ਬੁਨਿਆਦਾਂ ਬਣਾਨ ਲਈ ਆਖੀਆਂ, ਤੇ ਰੂਸੀ ਸਰਕਾਰ ਨੇ ਉਨ੍ਹਾਂ ਨੂੰ ਪ੍ਰਵਾਨ ਕਰ ਕੇ ਆਪਣੇ ਮੁਲਕ ਦਾ ਬਾਲ-ਸਾਹਿਤ ਉਨ੍ਹਾਂ ਦੀਆ ਲੀਹਾਂ ਉਤੇ ਰਚਣ ਦਾ ਪ੍ਰੋਗਰਾਮ ਤਹਿ ਕਰ ਲਿਆ ਹੈ। ਅਗਲੀ ਨਸਲ ਨੂੰ ਸਾਹਿਤ ਦੇ ਪੁਰਾਣੇ ਢੇਰ ਫੋਲ ਫੋਲ ਕੇ ਵਿਹਲੀ ਟਾਵੀਂ ਚੰਗੀ ਕਿਤਾਬ ਲੱਭਣ ਦੀ ਜ਼ਹਿਮਤ ਨਹੀਂ ਉਠਾਣੀ ਪਵੇਗੀ, ਨਾ ਦਿਲ ਦਿਮਾਗ਼ ਦੋਹਾਂ ਦੀ ਹੱਤਕ ਕਰਨ ਵਾਲੇ "ਝੂਠਾਂ" ਨੂੰ ਪਵਿੱਤਰ "ਸੱਚ" ਮੰਨਣ ਲਈ ਮਜਬੂਰ ਹੋਣਾ ਪਵੇਗਾ।

ਅੱਜ ਜ਼ਿੰਦਗੀ ਦੀ ਪੌੜੀ ਦੇ ਨਵੇਂ ਡੰਡੇ ਉਤੇ ਪੈਰ ਧਰਨ ਲੱਗਿਆਂ, ਮੈਂ ਆਪਣੇ ਸਾਥੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਦੂਜਾ ਪੈਰ ਨਵੀਂ ਛੱਤ ਦੇ ਫ਼ਰਸ਼ ਉਤੇ ਧਰਿਆ ਜਾਣਾ ਹੈ। ਤੇ ਜਿਸ ਤਰ੍ਹਾਂ ਆਕਾਸ਼ ਵਿਚ ਸਾਡੇ ਸੂਰਜੀ-ਬਾਨ੍ਹਣੂ ਤੋਂ ਪਾਰ ਕਿਸੇ ਹੋਰ ਬਾਨ੍ਹਣੂ ਦੀ ਖਿੱਚ-ਤਾਣ ਸ਼ੁਰੂ ਹੋ ਜਾਂਦੀ ਹੈ, ਉਸੇ ਤਰ੍ਹਾਂ ਜੀਵਨ-ਮਹਿਲ ਦੀ ਹਰ ਛੱਤ ਉਤੇ ਨਵੀਆਂ ਰਸਮਾਂ ਤੇ ਨਵੀਆਂ ਕੀਮਤਾਂ ਪ੍ਰਚਲਤ ਹੋ ਜਾਂਦੀਆਂ ਹਨ।

ਇਸ ਡੰਡੇ ਤਕ ਪਹਿਲੀ ਛੱਤ ਦੀਆਂ ਕੀਮਤਾਂ ਚਲਦੀਆਂ ਸਨ, ਪਰ ਅਗਲਾ ਪੈਰ ਚੁੱਕਦਿਆਂ ਹੀ ਸਾਡੇ ਕੋਲੋਂ ਨਵੇਂ ਸਿੱਕੇ ਮੰਗੇ ਜਾਣਗੇ। ਉਹਨਾਂ ਸਿੱਕਿਆਂ ਨੂੰ ਸਮਝਣ ਤੇ ਹਾਸਲ ਕਰਨ ਦੀ ਸਨਿਮਰ ਤਾੜਨਾ ਮੇਰਾ ਇਸ

ਵਰ੍ਹੇ ਦਾ ਸੁਨੇਹਾ ਹੈ — ਕਿਉਂਕਿ ਪੁਰਾਣੇ ਸਿੱਕੇ ਹੁਣ ਬਿਲਕੁਲ ਬੇ-ਅਰਥ ਹੋ ਜਾਣਗੇ।

ਨਵੀਂ ਛੱਤ — ਨਵ-ਯੁਗ — ਉਤੇ ਛੇ ਮੂਲ ਸਿੱਕੇ ਵਰਤੋਂ ਵਿਚ ਹੋਣਗੇ, ਭੰਨ-ਘੜ ਲਈ ਭਾਵੇਂ ਕਈ ਹੋਰ ਛੋਟੇ ਸਿੱਕੇ ਵੀ ਹੋਣਗੇ, ਪਰ ਸਮੁੱਚੀ ਅਮੀਰੀ ਦਾ ਨਾਪ ਇਹਨਾਂ ਛੇ ਵੱਡੇ ਸਿੱਕਿਆਂ ਦੇ ਨਾਲ ਹੀ ਕੀਤਾ ਜਾਏਗਾ। ਹੁਣ ਤਕ ਪ੍ਰਚਲਤ ਸਿੱਕੇ ਮਨੁੱਖੀ ਵਰਤੋਂ ਲਈ ਬੇ-ਲੋੜ ਹੋ ਜਾਣ ਕਰਕੇ ਗਾਲ ਦਿੱਤੇ ਜਾਣਗੇ।

## ਪਹਿਲਾ ਸਿੱਕਾ : ਲਹੂ ਭਰਪੂਰਤਾ

ਪਹਿਲੀ ਛੱਤ ਉਤੇ ਸਰੀਰ ਨੂੰ ਤਸੀਹੇ ਦੇਣ ਵਾਲੇ ਲੋਕ ਪੂਜ ਸਮਝੇ ਜਾਂਦੇ ਸਨ, ਭਬੂਤ ਉਨ੍ਹਾਂ ਦਾ ਚਿੰਨ੍ਹ ਸੀ ਤੇ ਨੰਗੇਜ ਉਹਨਾਂ ਦੀ ਵਰਦੀ ਸੀ। ਸਰੀਰ ਵਲ ਧਿਆਨ ਦੇਣ ਵਾਲਿਆਂ ਨੂੰ ਘਟੀਆ ਸਮਝਿਆ ਜਾਂਦਾ ਸੀ, ਪਹਿਲਵਾਨਾਂ, ਖਿਡਾਰੀਆਂ ਨੂੰ ਕਮੀਨ ਖ਼ਿਆਲ ਕੀਤਾ ਜਾਂਦਾ ਸੀ। ਤੇ ਚੰਗੇ ਖਾਣ-ਪੀਣ ਤੇ ਪਹਿਨਣ ਤੇ ਰਿਸ਼ਟ-ਪੁਸ਼ਟ ਰਹਿਣ ਨੂੰ ਐਬਾਂ ਨਾਲ ਜੋੜਿਆ ਜਾਂਦਾ ਸੀ, ਰੱਤ ਠੰਢੀ ਰਖਣ ਦੇ ਸਾਧਨਾ ਨੂੰ ਧਰਮ ਦੀ ਪਦਵੀ ਦਿੱਤੀ ਜਾਂਦੀ ਸੀ।

ਪਰ ਨਵੇਂ ਯੁਗ ਵਿਚ ਪੀਲੇ ਮਨੁੱਖਾਂ ਦੀ ਥਾਂ ਹਸਪਤਾਲ ਹੋਵੇਗੀ, ਪੀਲਾ ਖ਼ਿਆਲ ਵੀ ਬੀਮਾਰੀ ਦੀ ਨਿਸ਼ਾਨੀ ਸਮਝਿਆ ਜਾਏਗਾ।

ਲਹੂ-ਭਰਪੂਰਤਾ ਇਸ ਯੁਗ ਦੀ ਪਹਿਲੀ ਸ਼ਰਤ ਹੈ। ਸਰੀਰ ਹੀ ਆਤਮਾ ਦਾ ਦੀਵਾ ਹੈ, ਇਸ ਦੀਵੇ ਵਿਚ ਬਲਦਾ ਤੇਲ ਹੀ ਉਹ ਜੋਤ ਰੌਸ਼ਨ ਕਰਦਾ ਹੈ, ਜਿਹਨੂੰ ਆਤਮਾ ਆਖਿਆ ਜਾਂਦਾ ਹੈ।

ਜਿਹੜਾ ਕੋਈ ਅਗਲੀ ਸਫ਼ ਵਿਚ ਜਾਣ ਦਾ ਉਮੈਦਵਾਰ ਹੈ, ਉਹ ਆਪਣੇ ਲਹੂ ਨੂੰ ਲਾਲ, ਗਰਮ ਤੇ ਭਰਪੂਰ ਰਖੇ। ਹੱਥ ਜੋੜਨ, ਚਪੇੜ ਖਾ ਕੇ ਦੂਜੀ ਗੱਲ੍ਹ ਪੇਸ਼ ਕਰਨ, ਮੰਤ੍ਰਾਂ ਨਾਲ ਕੰਮ ਕਰਨ ਵਾਲੇ ਸਿੱਕੇ ਹੁਣ ਪੰਘਰਾਏ ਗਏ ਹਨ, ਕਮਜ਼ੋਰ ਰਹਿਣਾ ਆਪਣੇ ਮੌਕਿਆਂ ਨੂੰ ਭੈੜੀ ਤਰ੍ਹਾਂ ਵਰਤਣਾ ਹੈ।

ਬੱਚਿਆਂ ਨੂੰ ਸ਼ੁਰੂ ਉਮਰ ਤੋਂ ਤੱਕੜੇ ਹੋਣ ਲਈ ਉਤਸ਼ਾਹਤ ਕੀਤਾ ਜਾਏ, ਉਹਨਾਂ ਨੂੰ ਪੜ੍ਹਾਈ ਨਾਲੋਂ ਜ਼ਿਆਦਾ ਖੇਡਣ ਦਾ ਮੌਕਾ ਦਿੱਤਾ ਜਾਏ,

ਤਾਕਿ ਉਹਨਾਂ ਦੀਆਂ ਹਿੱਕਾਂ ਚੋੜੀਆਂ ਤੇ ਮੋਢੇ ਖੁੱਲ੍ਹੇ ਹੋ ਸਕਣ, ਉਹ ਡਿੱਗਣਾ ਢਹਿਣਾ ਬਰਦਾਸ਼ਤ ਕਰ ਸਕਣ, ਉਹ ਹਾਰ ਜਿਤ ਵਿਚ ਮੂੰਹ ਚੰਗਾ ਰਖ ਸਕਣ। ਬੱਚਿਆਂ ਨੂੰ ਸੁਰੱਖਿਆ ਦੇ ਢਾਰੇ ਹੇਠਾਂ ਸਾਂਭ ਰਖਣ ਦੀ ਥਾਂ ਖ਼ਤਰੇ ਦੇ ਅਖਾੜੇ ਵਿਚ ਘੱਲਿਆ ਜਾਏ। ਕੈਂਪ, ਸੈਲ-ਸਪਾਟੇ ਤੇ ਸਫ਼ਰ ਸੈਰ ਵਿਚ ਸਾਥੀਆਂ ਨਾਲ ਹੇਠਾਂ ਉਤਾਹਾਂ ਹੋਣ ਤੇ ਵਾਰਾ ਲੈਣ ਦੀ ਖੁੱਲ੍ਹ ਦਿੱਤੀ ਜਾਏ। ਸਭ ਤੋਂ ਸੋਗੀ ਦ੍ਰਿਸ਼ ਉਸ ਮਨੁੱਖ ਦਾ ਹੈ, ਜਿਹੜਾ ਜ਼ਿੰਦਗੀ ਦੀਆਂ ਪੌਣਾਂ ਦਾ ਮਾੜਾ ਮੋਟਾ ਧੱਕਾ ਵੀ ਨਹੀਂ ਸਹਾਰ ਸਕਦਾ ਤੇ ਹਰ ਵਾਹ ਪਿਆ, ਹਰ ਮਿਲਣੀ ਉਹਦੇ ਲਈ ਸ਼ਿਕਾਇਤ ਤੇ ਰੁਸੇਵੇਂ ਦੇ ਮੌਕੇ ਹੁੰਦੇ ਹਨ। ਇਹ ਲੋਕ ਨਿਖੜਦੇ ਨਿਖੜਦੇ ਇੱਕ ਦਿਨ ਨਿਵੇਕਲੀ ਸ਼ਿਕਾਇਤਾਂ ਦੀ ਪੋਟਲੀ ਬਣ ਜਾਂਦੇ ਹਨ।

ਇਸ ਅਵਸਥਾ ਤੋਂ ਆਪਣੀ ਨਸਲ ਨੂੰ ਬਚਾਣ ਲਈ ਬੱਚਿਆਂ ਨੂੰ ਸ਼ੁਰੂ ਵਿਚ ਹੀ ਮਿਲ-ਜੁਲ ਕੇ ਰਹਿਣਾ ਸਿਖਾਓ। ਮਿਲ-ਜੁਲ ਕੇ ਰਹਿਣ ਦਾ ਸਬਕ ਦੇਣ ਲਈ ਖੇਡਾਂ ਨਾਲੋਂ ਚੰਗੇਰਾ ਕੋਈ ਉਸਤਾਦ ਨਹੀਂ।

ਛੋਟੇ ਜਾਂ ਜਵਾਨ ਹੁੰਦੇ ਬੱਚਿਆਂ ਨੂੰ ਜਗਰਾਤਿਆਂ, ਕੀਰਤਨਾਂ, ਪਾਠਾਂ, ਇਬਾਦਤਾਂ ਲਈ ਕਈ ਘੰਟੇ ਬੰਨ੍ਹ ਕੇ ਬਿਠਾ ਰਖਣਾ ਬੜਾ ਭਾਰਾ ਪਾਪ ਹੈ, ਜਿਸ ਦੀ ਸਜ਼ਾ ਸਾਰਾ ਹਿੰਦੁਸਤਾਨ ਭੋਗ ਰਿਹਾ ਹੈ। ਅਖਾੜਿਆਂ ਤੇ ਖੁੱਲ੍ਹੇ ਖੇਡ-ਮੈਦਾਨਾਂ ਦੀ ਮਹੱਤਤਾ ਮੰਦਰਾਂ ਨਾਲੋਂ ਅਨੇਕਾਂ ਗੁਣਾਂ ਜ਼ਿਆਦਾ ਹੈ।

ਜਿਥੇ ਪ੍ਰਸੰਨ ਅਰੋਗ ਇਸਤ੍ਰੀਆਂ ਮਰਦ ਧੌਣਾਂ ਚੁੱਕ ਕੇ ਧਰਤੀ ਉਤੇ ਤੁਰਦੇ ਹਨ, ਉਥੇ ਧਰਤੀ ਦੀ ਗਰਦਸ਼ ਉਹਨਾਂ ਦੀ ਮਜ਼ਬੂਤ ਛੁਹ ਨਾਲ ਗੁਦ-ਗੁਦਾਈਆਂ ਇਹਦੀਆਂ ਵਖੀਆਂ ਵਿਚੋਂ ਉਠਾਇਆ ਨਾਚ ਜਾਪਦਾ ਹੈ।

## ਦੂਜਾ ਸਿੱਕਾ : ਜੀਅ ਭਰ ਕੇ ਜੀਉਣ ਦੀ ਲੋਚਨਾ

ਇਸ ਜੀਵਨ ਤੋਂ ਮੁੱਕਤ ਹੋਣ ਦੀ ਪ੍ਰਾਰਥਨਾ ਨੂੰ ਸਭ ਤੋਂ ਵੱਡੀ ਪ੍ਰਾਰਥਨਾ ਆਖਣਾ, ਹਸਤੀ ਦੀ ਹੱਤਕ ਕਰਨਾ ਹੈ। ਜਿਹੜੇ ਲੋਕ ਹਰ ਵੇਲੇ ਜੀਉਣ-ਮਰਨ ਤੋਂ ਮੁਕਤੀ ਮੰਗਣ ਲਈ ਹੀ ਗਲ ਵਿਚ ਪੱਲੇ ਪਾਈ ਰਖਦੇ ਹਨ, ਉਹਨਾਂ ਦਾ ਇਹ ਧਰਤੀ ਕੀ ਮਾਣ ਕਰੇਗੀ ? ਇਸ ਧਰਤੀ ਵਿਚ ਅਖੁੱਟ ਖ਼ਜ਼ਾਨੇ ਹਨ, ਇਹ ਕਿਉਂ ਉਹਨਾਂ ਨਾਸ਼ੁਕਰਿਆਂ ਲਈ ਖੋਲ੍ਹੇਗੀ ? ਆਹ ਖਾਣਾ ਨਹੀਂ, ਔਹ

ਵੇਖਣਾ ਨਹੀਂ, ਇਹ ਸੋਚਣਾ ਨਹੀਂ, ਔਹ ਕਰਨਾ ਨਹੀਂ — ਜਿਥੇ ਸਾਰੀ ਜ਼ਿੰਦਗੀ ਮਨਾਹੀਆਂ ਦੇ ਸੰਗਲਾਂ ਵਿਚ ਜਕੜੀ ਹੋਵੇ, ਉਥੇ ਕੀਕਰ ਜ਼ਿੰਦਗੀ ਦੇ ਭੇਤ ਕਿਸੇ ਨੂੰ ਲੱਭ ਸਕਣਗੇ ?

ਇਸ ਜੀਵਨ ਨੂੰ ਸੁਪਨਾ ਦਸਣ ਵਾਲਾ ਫ਼ਲਸਫ਼ਾ ਗ਼ਲਤ ਹੈ। ਸਮੁੰਦਰ ਦਾ ਪਾਣੀ ਅਮੁੱਕ ਤੇ ਸਦੀਵੀ ਹੈ, ਪਰ ਇਸ ਵਿਚ ਉਠਣ ਵਾਲੀਆਂ ਲਹਿਰਾਂ ਇੱਕੋ ਵਾਰੀ ਉਠਦੀਆਂ ਤੇ ਫੇਰ ਮੁੱਕ ਜਾਂਦੀਆਂ ਹਨ। ਸਾਡਾ ਸ਼ਖ਼ਸੀ ਜੀਵਨ ਥੋੜੇ ਜਾਂ ਬਹੁਤੇ ਸਮੇਂ ਲਈ ਉਠਣ ਵਾਲੀ ਇੱਕ ਸੀਮਿਤ ਲਹਿਰ ਹੈ, ਇਹ ਜਦੋਂ ਮੁੱਕੀ, ਫੇਰ ਇਸ ਦੀ ਥਾਂ ਕੋਈ ਹੋਰ ਹੀ ਲਹਿਰ ਉਠ ਸਕੇਗੀ, ਇਹ ਨਹੀਂ ਉਠੇਗੀ।

ਇਸ ਲਈ ਜਿਹੜਾ ਕੋਈ ਜੀਅ ਭਰ ਕੇ ਜੀਉਣ ਦਾ ਜਤਨ ਕਰੇਗਾ, ਉਹ ਆਪਣੇ ਸਮੇਂ ਵਿਚ ਬਹੁਤ ਸਾਰੀ ਸ਼ਕਤੀ ਹਾਸਲ ਕਰੇਗਾ, ਤੇ ਇਕ ਚੰਗੀ, ਘਟਨਾਵਾਂ ਭਰੀ ਅਮੀਰ ਖੇਡ ਖੇਡ ਜਾਏਗਾ।

ਸਾਥੀਆਂ ਨਾਲ ਇਨਸਾਫ਼ ਦੀਆਂ ਹੱਦਾਂ ਵਿਚ ਰਹਿੰਦਿਆਂ ਹੋਇਆਂ, ਕੁਝ ਵੀ ਜ਼ਿੰਦਗੀ ਵਿਚ ਵਿਵਰਜਿਤ ਨਾ ਸਮਝਿਆ ਜਾਏ। ਹਰੇਕ ਤਜਰਬਾ ਮਨੁੱਖ ਦਾ ਜਮਾਂਦਰੂ ਹੱਕ ਹੈ, ਜੇ ਉਸ ਨਾਲ ਉਹ ਕਿਸੇ ਦੂਜੇ ਦਾ ਰਾਹ ਨਹੀਂ ਰੋਕਦਾ।

ਗ਼ਰੀਬੀ, ਮੁਥਾਜੀ, ਤੇ ਅਣਹੋਂਦ ਘਟੀਆ ਆਦਰਸ਼ ਹਨ। ਇਹ ਮੁਆਮਲੇ ਦੀ ਹਿੰਮਤ ਨਾ ਰਖਣ ਵਾਲੇ ਹਾਰੇ ਹੋਏ ਲੋਕਾਂ ਨੇ ਆਪਣੇ ਬਚਾਓ ਲਈ ਪ੍ਰਚਲਤ ਕੀਤੇ ਸਨ। ਇਹ ਆਦਰਸ਼ ਨਵੇਂ ਯੁਗ ਵਿਚ ਸੁਣੇ ਤਕ ਨਹੀਂ ਜਾਣਗੇ।

ਹਸਤੀ ਦੇ ਖਜ਼ਾਨੇ ਭਰਪੂਰ ਹਨ। ਇਹਨਾਂ ਨੂੰ ਖੋਲ੍ਹੋ, ਇਹਨਾਂ ਨਾਲ ਖੇਡੋ, ਜ਼ਿੰਦਗੀ ਨੂੰ ਅਮੀਰ ਤੇ ਸੁਹਣੀ ਬਣਾਓ — ਜੋੜਨਾ ਬੇਕਾਰ ਹੈ, ਕਿਉਂਕਿ ਵਰਤਣ ਦਾ ਵੇਲਾ ਇਸ ਤੋਂ ਬਾਅਦ ਕੋਈ ਹੋਰ ਨਹੀਂ ਮਿਲਣਾ।

## ਤੀਜਾ ਸਿੱਕਾ : ਜੀਉਣ ਦਾ ਫ਼ਖ਼ਰ

ਮਨੁੱਖ ਗੁਨ੍ਹਾਗਾਰ ਨਹੀਂ, ਮਨੁੱਖ ਕਿਸੇ ਪਹਿਲੇ ਆਦਮੀ ਦੀ ਗ਼ਲਤੀ ਦਾ ਸਜ਼ਾਵਾਰ ਨਹੀਂ, ਕਿਸੇ ਸ਼ੈਤਾਨ ਦਾ ਚਰਖਾ ਨਹੀਂ। ਇਹਦੇ ਮੋਢਿਆਂ

ਉਤੇ ਪਾਪਾਂ ਦੀ ਪੰਡ ਕੋਈ ਨਹੀਂ, ਤੇ ਨਾ ਇਸ ਨੂੰ ਕਿਸੇ ਬੰਦੀ-ਛੋੜ ਦੀ ਲੋੜ ਹੈ।

ਇਹ ਭਾਵੇਂ ਬ੍ਰਹਮੰਡ ਦੇ ਵਿਸ਼ਾਲ ਪਾਣੀਆਂ ਉਤੇ ਤਰਦਾ ਛਿੰਨ-ਭੰਗਰ ਬੁਲਬੁਲਾ ਹੈ, ਪਰ ਕੋਈ ਹਕੀਰ ਬੁਲਬੁਲਾ ਨਹੀਂ। ਨਾ ਇਹਦੀ ਛਿੰਨ ਏਡੀ ਛੋਟੀ ਹੈ, ਕਿ ਗਿਣੀ ਮਿਣੀ ਨਾ ਜਾ ਸਕੇ। ਤੇ ਇਹਦੇ ਅੰਦਰ ਸੀਮਿਤ ਹੀ ਸਹੀ, ਪਰ ਹੈ ਉਸੇ ਸ਼ਕਤੀ ਦਾ ਨਿੱਕਾ ਜਿਹਾ ਸਾਹ, ਜਿਦ੍ਹਾ ਪਸਾਰਾ ਸਾਰੀ ਸ੍ਰਿਸ਼ਟੀ ਹੈ।

ਮਨੁੱਖ ਨੂੰ ਉਸ ਦੇ ਆਪਣੇ ਤਜਰਬਿਆਂ ਦੇ ਨਤੀਜਿਆਂ ਤੋਂ ਅੱਡਰਾ ਇਨਾਮ ਜਾਂ ਦੰਡ ਦੇਣ ਵਾਲੀ ਕੋਈ ਅਚੇਤ ਜਾਂ ਸੁਚੇਤ ਸ਼ਕਤੀ ਨਹੀਂ। ਇਸ ਲਈ ਆਪਣੀ ਵਰਤਮਾਨ ਅਵਸਥਾ ਦੇ ਸਿਵਾ ਕਿਸੇ ਹੋਰ ਨਰਕ ਦੀ ਨਾ ਕੋਈ ਚਿੰਤਾ ਕਰੋ ਤੇ ਨਾ ਕਿਸੇ ਸੁਵਰਗ ਦੀ ਆਸ ਰਖੋ;

ਇਹ ਜੀਵਨ ਨਾ ਪਹਿਲੇ ਕਰਮਾਂ ਦਾ ਭੋਗ ਸਮਝਿਆ ਜਾਏ ਤੇ ਨਾ ਕਿਸੇ ਭਗਵਾਨ ਦਾ ਭਜਨ ਕਰਨ ਦੀ ਵਾਰੀ ਖ਼ਿਆਲ ਕੀਤਾ ਜਾਏ। ਇਹ ਜੀਉਣ ਦਾ ਇੱਕੋ ਇੱਕ ਮੌਕਾ ਹੈ, ਇਸ ਨੂੰ ਫ਼ਖ਼ਰ ਕਰਨ ਦੇ ਲਾਇਕ ਬਣਾਇਆ ਜਾਏ। ਮੱਥੇ ਟੇਕਣਾ, ਸਿਜਦੇ ਕਰਨਾ, ਦਲ੍ਹੀਜ਼ਾਂ ਚੁੰਮਣਾ, ਤੇ ਮੱਥਿਆਂ ਉਤੇ ਧੂੜਾਂ ਮਲਣੀਆਂ, ਹਸਤੀ ਦਾ ਨਿਰਾਦਰ ਕਰਨਾ ਹੈ। ਜਿਹੜਾ ਕੋਈ ਮਰ ਕੇ ਮੁੱਕਣ ਲਈ ਰਜ਼ਾਮੰਦ ਹੈ, ਉਹ ਕਿਉਂ ਕਿਸੇ ਦੇ ਪੈਰਾਂ ਵਿਚ ਰੁਲੇ, ਉਹਨੂੰ ਕੀ ਗ਼ਰਜ਼ ਹੈ ਬਖ਼ਸ਼ਿੰਦਾਂ ਦੇ ਪੱਲੇ ਫੜੇ।.....

ਜਿਹੋ ਜਿਹੇ ਉਸ ਦੇ ਬੰਦੇ, ਤਿਹੋ ਜਿਹਾ ਕੋਈ ਮੁਲਕ; ਜਿਹੋ ਜਿਹੇ ਵਸਨੀਕ, ਓਹੋ ਜਿਹਾ ਉਹਨਾਂ ਦਾ ਘਰ; ਜਿਹੋ ਜਿਹੇ ਨੌਕਰ, ਤਿਹੋ ਜਿਹਾ ਉਹਨਾਂ ਦਾ ਮਾਲਕ। ਈਸ਼ਵਰ ਦੇ ਉਪਾਸ਼ਕਾਂ ਨੇ ਜੋ ਹਾਲਤ ਆਪਣੀ ਬਣਾ ਲਈ ਹੈ, ਉਹ ਈਸ਼ਵਰ ਨੂੰ ਵਡਿਆਂਦੀ ਨਹੀਂ। ਇਹੋ ਜਿਹੇ ਨਾਚੀਜ਼, ਹਕੀਰ, ਗੁਨ੍ਹਾਗਾਰ, ਸਹਿਮੇ ਹੋਏ ਬੰਦਿਆਂ ਦਾ ਬੰਦਾ-ਨਿਵਾਜ਼ ਹੋਣ ਵਿਚ ਰੱਬ ਨੂੰ ਤਾਂ ਕੀ, ਕਿਸੇ ਮਾਮੂਲੀ ਸੁਲਤਾਨ ਨੂੰ ਵੀ ਸ਼ਰਮ ਆ ਜਾਏ।

ਤੁਸੀਂ ਆਪਣੇ ਜੀਵਨ ਦਾ ਫ਼ਖ਼ਰ ਕਰੋ, ਇਸ ਨੂੰ ਵੇਖਣ ਤੇ ਮਾਣਨ-ਯੋਗ ਬਣਾਓ, ਇਸ ਦੇ ਗੀਤ ਗਾਓ, ਇਸ ਨੂੰ ਕਿਸੇ ਭਗਵਾਨ ਤੋਂ ਵਿਛੜੀ ਰੂਹ ਆਖ ਕੇ ਕੀਰਨੇ ਨਾ ਪਾਓ। ਜੇ ਕੋਈ ਸ਼ਖ਼ਸੀ ਭਗਵਾਨ ਹੈ, ਤਾਂ ਉਸ ਦਾ ਨਾਪ ਤੁਹਾਡੀਆਂ ਜ਼ਾਤਾਂ ਦਾ ਜੋੜ ਹੈ। ਆਪਣੀ ਜ਼ਾਤ ਦਾ ਫ਼ਖ਼ਰ ਕਰੋ,

ਕਿਉਂਕਿ ਇਹੀ ਜ਼ਾਤ ਭਗਵਾਨ ਦੀ ਹੋ ਸਕਦੀ ਹੈ ।

ਮਨੁੱਖ ਦੀ ਸ਼ਖ਼ਸੀਅਤ ਨੂੰ ਛੁਟਿਆਣ ਵਾਲਾ ਸਾਰਾ ਆਲ-ਜੰਜਾਲ ਵਗਾਹ ਕੇ ਪਰ੍ਹਾਂ ਹਟਾਓ ਤੇ ਮਨੁੱਖੀ ਸ਼ਖ਼ਸੀਅਤ ਦਾ ਸਨਮਾਨ ਮੰਗੋ ਤੇ ਸਨਮਾਨ ਦਿਓ ।

## ਚੌਥਾ ਸਿੱਕਾ : ਖ਼ੁਸ਼ੀ

ਖ਼ੁਸ਼ ਰਹਿਣ ਤੋਂ ਸ਼ਰਮਾਓ ਨਾ । ਖ਼ੁਸ਼ੀ ਕੁਦਰਤ ਦੀ ਸਿਫ਼ਤ ਹੈ । ਫੁੱਲਾਂ ਦਾ ਖੇੜਾ, ਫਲਾਂ ਦੀ ਸੁਗੰਧੀ, ਪੰਛੀਆਂ ਦੀ ਰਾਗਣੀ, ਸੂਰਜੀ ਕਿਰਨਾਂ ਦਾ ਸੋਨਾ, ਅਸਮਾਨੇ ਪਈ ਪੀਂਘ ਦੇ ਸੱਤ ਰੰਗ, ਝਿਲ-ਮਿਲ ਕਰਦੇ ਤਾਰੇ — ਇਹ ਵਿਗਸੀ ਹੋਈ ਹਸਤੀ ਦੇ ਇਸ਼ਾਰੇ ਹਨ ।

ਪੰਛੀ ਖ਼ੁਸ਼ ਹਨ, ਜੰਗਲਾਂ ਵਿਚ ਪਸ਼ੂ ਖ਼ੁਸ਼ ਹਨ, ਪਾਣੀਆਂ ਵਿਚ ਮੱਛੀਆਂ ਖ਼ੁਸ਼ ਹਨ । ਕਿਉਂਕਿ ਉਹਨਾਂ ਵਿਚ ਰੋਗ ਨਹੀਂ, ਉਹਨਾਂ ਵਿਚ ਜੀਉਣੋ ਸੰਕੋਚ ਨਹੀਂ, ਉਹ ਗੌਂਦੇ ਹਨ, ਦੌੜਦੇ ਹਨ, ਤਰਦੇ ਹਨ, ਮੋਟੇ ਨਹੀਂ ਹੁੰਦੇ, ਉਹ ਸੁੱਕ ਕੇ ਪਿੰਜਰ ਨਹੀਂ ਬਣਦੇ, ਉਹ ਮਰ ਜਾਂਦੇ ਹਨ, ਪਰ ਰੁਲਦੇ ਨਹੀਂ ।

ਮਨੁੱਖ ਕਿਉਂ ਖ਼ੁਸ਼ ਨਾ ਹੋਵੇ, ਇਹ ਕਿਉਂ ਨਾ ਹੱਸੇ ? ਸੋਗੀ ਮੂੰਹ ਨੂੰ ਕਿਉਂ ਪਵਿੱਤਰ ਸਮਝੇ, ਤੇ ਕਿਉਂ ਵਟ ਘੁਟ ਕੇ ਬਹਿਣ ਨੂੰ ਸ਼ਰਾਫ਼ਤ ਆਖੇ ?

ਹਰ ਕਿਸੇ ਅੰਦਰ ਖ਼ੁਸ਼ ਰਹਿਣ ਦੀ ਇੱਛਾ ਹੈ, ਕਿਉਂਕਿ ਖ਼ੁਸ਼ ਰਹਿਣਾ ਹਰ ਕਿਸੇ ਦਾ ਕੁਦਰਤੀ ਹੱਕ ਹੈ । ਪਰ ਖ਼ੁਸ਼ੀ ਲੋਕਾਂ ਵਿਚ ਰਹਿ ਕੇ ਹੀ ਮਿਲ ਸਕਦੀ ਹੈ । ਇਸ ਲਈ ਹਰ ਕਿਸੇ ਦੀ ਖ਼ੁਸ਼ੀ ਆਪਣਾ ਵਾਸਤਾ ਸਮਝਿਆ ਜਾਏ, ਸਾਥੀਆਂ ਦੀਆਂ ਮੁਸ਼ਕਲਾਂ ਹਲ ਕੀਤੀਆਂ ਜਾਣ, ਸਾਥੀਆਂ ਦੇ ਔਖ ਘਟਾਏ ਜਾਣ, ਸਾਥੀਆਂ ਲਈ ਖ਼ੁਸ਼ੀ ਦੇ ਮੌਕੇ ਵਧਾਏ ਜਾਣ ਤਾਕਿ ਉਹਨਾਂ ਦੇ ਘਰਾਂ ਵਿਚੋਂ ਵੀ ਰੋਣ ਦੀ ਥਾਂ ਸੰਗੀਤ ਦੀ ਲੈਅ ਸਾਡੇ ਕੰਨਾਂ ਵਿਚ ਪਵੇ ।

ਕੋਮਲ ਹੁਨਰਾਂ ਨੂੰ ਜੀਵਨ ਦਾ ਭਾਗ ਬਣਾਇਆ ਜਾਏ, ਸੁਹਣੇ ਘਰ, ਸੁਹਣੇ ਸ਼ਹਿਰ, ਸੁਹਣੀਆਂ ਸੜਕਾਂ, ਸੁਹਣੇ ਮੁਲਕ ਸਾਡਾ ਭਜਨ ਹੋਣ । ਸਾਡੀ ਲੇਖਣੀ, ਸਾਡੇ ਬੋਲ, ਸਾਡੀ ਅਦਾ ਵਿਚ ਖ਼ੁਸ਼ ਕਰਨ ਵਾਲੀ ਅਦਾ ਹੋਵੇ ।

ਸੰਗੀਤ, ਚਿੱਤਰਕਾਰੀ ਤੇ ਕਾਵਿ ਨੂੰ ਜ਼ਿੰਦਗੀ ਦੀਆਂ ਉੱਚੀਆਂ ਚੋਟੀਆਂ ਖ਼ਿਆਲ ਕੀਤਾ ਜਾਏ, ਜਿਨ੍ਹਾਂ ਤੋਂ ਹਰਕਤ ਦਾ ਦ੍ਰਿਸ਼ ਚੰਗਾ ਲੱਭ ਸਕਦਾ ਹੈ ।

ਖ਼ੁਸ਼ੀ ਹੀ ਅਸਲ ਵਿਚ ਸਫਲਤਾ ਦਾ ਮਿਆਰ ਹੈ। ਜਿਹੜਾ ਖ਼ੁਸ਼ ਨਹੀਂ, ਉਹ ਸਫਲ ਨਹੀਂ । ਕਿਸੇ ਉਦਾਸ ਬ੍ਰਿਛ ਨੂੰ ਲਿਸ਼ਕਦੇ ਫਲ ਨਹੀਂ ਲੱਗਦੇ, ਜੇ ਫਲ ਲਿਸ਼ਕਦਾ ਹੈ ਤਾਂ ਪੱਤੇ ਟਹਿਣੀਆਂ ਸਭ ਲਿਸ਼ਕਦੇ ਹੋਣਗੇ ।

ਨਾਖ਼ੁਸ਼, ਉਦਾਸ ਚ੍ਹਿਹਰਿਆਂ ਨੂੰ ਪਹੁਤੇ ਹੋਏ ਖ਼ਿਆਲ ਕਰਨ ਦੀ ਗ਼ਲਤੀ ਨਾ ਕਰੋ। ਉਹਨਾਂ ਦੀ ਉਦਾਸੀ ਸਲਾਹੁਣ ਯੋਗ ਵੈਰਾਗ ਨਹੀਂ, ਸਿਰਫ਼ ਹਕੀਕਤ ਤੋਂ ਗੁਮਰਾਹ ਹੋਣ ਦੀ ਬੇ-ਆਰਾਮੀ ਹੈ। ਹਕੀਕਤ ਦਾ ਰਾਜ਼ ਜਿਸ ਨੂੰ ਲੱਭਾ ਹੈ, ਕਿਸੇ ਪ੍ਰਸੰਨ ਤੇ ਸੰਤੁਸ਼ਟ ਚਿਹਰੇ ਤੋਂ ਲੱਭਾ ਹੈ ।

## ਪੰਜਵਾਂ ਸਿੱਕਾ : ਆਜ਼ਾਦੀ

ਸਿਰਫ਼ ਆਜ਼ਾਦ ਲੋਕ ਹੀ ਨਵੇਂ ਯੁਗ ਦੇ ਨਜ਼ਾਮ ਵਿਚ ਦਾਖ਼ਲ ਕੀਤੇ ਜਾਣਗੇ — ਨਾ ਗ਼ੁਲਾਮ ਤੇ ਨਾ ਗ਼ੁਲਾਮਾਂ ਉਤੇ ਹਕੂਮਤ ਕਰਨ ਵਾਲੇ। ਗ਼ੁਲਾਮ ਰੱਖਣ ਦੀ ਇੱਛਾ ਵੀ ਸੁਭਾਵਕ ਗ਼ੁਲਾਮੀ ਦਾ ਪ੍ਰਗਟਾਵਾ ਹੈ। ਹਾਕਮ ਤੇ ਮਹਿਕੂਮ ਦੋਵੇਂ ਗ਼ੁਲਾਮਾਨਾ ਖ਼ਸਲਤ ਦੀਆਂ ਦੋ ਸ਼ਕਲਾਂ ਹਨ। ਇਹਨਾਂ ਦੋਵਾਂ ਦੀ ਆਜ਼ਾਦ ਦੁਨੀਆ ਵਿਚ ਥਾਂ ਨਹੀਂ ਹੋਵੇਗੀ। ਜੇ ਇੰਗਲਿਸਤਾਨ ਤੇ ਅਮਰੀਕਾ ਹਕੂਮਤ ਦੀ ਘਿਨੌਣੀ ਵਾਦੀ ਤੋਂ ਸੁਤੰਤ੍ਰ ਨਾ ਹੋ ਸਕੇ, ਤਾਂ ਇਸ ਤਰ੍ਹਾਂ ਮਹਿਕੂਮਾਂ ਵਾਂਗ ਲੜਾਈ ਦੀ ਬਲਦੀ ਚਿਤਾ ਵਿਚ ਸੜਦੇ ਰਹਿਣਗੇ — ਕਦੇ ਆਪਣੀ ਆਜ਼ਾਦੀ ਤੇ ਅਮੀਰੀ ਨੂੰ ਨਿਸਚਿੰਤ ਹੋ ਕੇ ਨਹੀਂ ਮਾਣ ਸਕਣਗੇ, ਇਹਨਾਂ ਦੀਆਂ ਰਾਜਧਾਨੀਆਂ ਉਤੇ ਕਲਕੱਤੇ ਨਾਲੋਂ ਕਈ ਗੁਣਾਂ ਵਧ ਬੰਬ ਪੈਣਗੇ, ਇਹਨਾਂ ਦੀਆਂ ਅਸਮਾਨ ਨਾਲ ਗੱਲਾਂ ਕਰਨ ਵਾਲੀਆਂ ਇਮਾਰਤਾਂ ਗ਼ੁਲਾਮਾਂ ਦੀਆਂ ਝੁੱਗੀਆਂ ਨਾਲੋਂ ਵਧੇਰੇ ਕੰਬਦੀਆਂ ਰਹਿਣਗੀਆਂ ।

ਆਜ਼ਾਦੀ ਵਿਚ ਜ਼ਿੰਦਗੀ ਮੌਲਦੀ ਤੇ ਪ੍ਰਫੁਲਤ ਹੁੰਦੀ ਹੈ — ਆਜ਼ਾਦੀ ਵਿਚ ਹੀ ਗੁੱਝੀਆਂ ਤਾਕਤਾਂ ਹਰ ਕਿਸੇ ਦੇ ਅੰਦਰੋਂ ਜਾਗਦੀਆਂ ਹਨ। ਕੋਈ ਕਿਸਮਤ ਆਜ਼ਾਦੀ ਨਾਲੋਂ ਪਿਆਰੀ ਨਹੀਂ, ਕੋਈ ਕੁਰਬਾਨੀ ਮਹਿੰਗੀ ਨਹੀਂ। ਇਹਦੇ ਵਾਸਤੇ ਹਰ ਖ਼ਤਰੇ ਵਿਚ ਪੈਣ ਲਈ ਤਿਆਰ ਹੋ ਜਾਓ;

ਜਿਸ ਤਰ੍ਹਾਂ ਵੀ ਆਪਣੀ ਆਜ਼ਾਦੀ ਨੂੰ ਬਚਾ ਸਕਦੇ ਹੋ, ਬਚਾਓ; ਤੇ ਜਿਹੜੇ ਵੀ ਖ਼ਿਆਲਾਂ ਨਾਲ ਆਜ਼ਾਦੀ ਦੀ ਲਗਨ ਪੈਦਾ ਕਰ ਸਕਦੇ ਹੋ, ਕਰੋ। ਤੇ ਇਸ ਤੋਂ ਵੀ ਜ਼ਰੂਰੀ ਇਹ ਗੱਲ ਕਿ ਜਿਹੜਾ ਕੋਈ ਖ਼ਿਆਲ ਤੁਹਾਡੀ ਆਜ਼ਾਦੀ ਖੋਂਹਦਾ ਜਾਂ ਘਟਾਂਦਾ ਹੈ, ਉਸ ਨਾਲ ਕੋਈ ਵਾਸਤਾ ਨਾ ਰਖੋ।

ਕਿਸੇ ਅਸਮਾਨੀ ਹਸਤੀ ਦੀ ਗ਼ੁਲਾਮੀ ਕਬੂਲ ਕਰਨਾ ਵੀ ਆਜ਼ਾਦੀ ਦੇ ਆਪਣੇ ਸਾਰੇ ਹੱਕ ਛੱਡ ਦੇਣ ਦੇ ਬਰਾਬਰ ਹੈ। ਆਜ਼ਾਦੀ ਜ਼ਿੰਦਗੀ ਵਰਗੀ ਇੱਕ ਲੜੀ ਹੈ — ਜਿਥੇ ਟੁੱਟੀ, ਮੁੱਕ ਗਈ। ਇਹ ਨਹੀਂ ਹੋ ਸਕਦਾ ਕਿ ਇੱਕ ਥਾਂ ਆਜ਼ਾਦ, ਦੂਜੇ ਥਾਂ ਗ਼ੁਲਾਮ; ਇੱਕ ਥਾਂ ਬੱਧੀ ਤੇ ਦੂਜੇ ਥਾਂ ਖੁੱਲ੍ਹੀ। ਜਿਹੜਾ ਅਸਮਾਨੀ ਤਾਕਤ ਦਾ ਗ਼ੁਲਾਮ ਹੈ, ਜਿਹੜਾ ਅਸਮਾਨੀ ਤਾਕਤ ਕੋਲੋਂ ਤਰਲਿਆਂ ਨਾਲ ਰਿਆਇਤਾਂ ਮੰਗਦਾ ਹੈ, ਉਹ ਦੁਨਿਆਵੀ ਤਾਕਤਾਂ ਦੇ ਸਾਹਮਣੇ ਵੀ ਅਣਖੀਲਾ ਨਹੀਂ ਹੋ ਸਕਦਾ। ਸਭ ਤੋਂ ਪਹਿਲਾਂ ਆਜ਼ਾਦੀ ਅਸੂਲਾਂ ਵਿਚ ਆਉਣੀ ਚਾਹੀਦੀ ਹੈ। ਜਿਸ ਦੇ ਅਸੂਲ ਕੈਦ ਹਨ, ਉਹ ਕਦੇ ਸੁਤੰਤ੍ਰ ਨਹੀਂ ਹੋ ਸਕਦਾ। ਜਿਸ ਦਾ ਰੱਬ ਆਜ਼ਾਦੀ ਦੀ ਈਰਖਾ ਕਰਦਾ ਹੈ — ਆਜ਼ਾਦੀ ਮੰਗਣ ਵਾਲਿਆਂ ਨੂੰ ਅਭਿਮਾਨੀ ਸਮਝ ਕੇ ਉਹਨਾਂ ਦਾ ਹੰਕਾਰ ਤੋੜਦਾ ਹੈ — ਉਹ ਆਰਥਕ, ਭਾਈਚਾਰਕ ਤੇ ਰਾਜਸੀ ਕੈਦਾਂ ਬੜੀ ਛੇਤੀ ਪ੍ਰਵਾਨ ਕਰ ਲਏਗਾ।

ਇਸ ਲਈ, ਜੇ ਤੁਸੀਂ ਭਗਵਾਨ ਦੀ ਜ਼ਰੂਰਤ ਸਮਝਦੇ ਹੋ ਤਾਂ ਕਿਸੇ ਇਹੋ ਜਿਹੇ ਭਗਵਾਨ ਦੀ ਕਲਪਨਾ ਕਰੋ ਜਿਹੜਾ ਤੁਹਾਡੀ ਆਜ਼ਾਦੀ ਦੀ ਈਰਖਾ ਨਹੀਂ ਸਗੋਂ ਰਾਖੀ ਕਰੇ, ਤੁਹਾਨੂੰ ਹਰ ਬੰਧਨ ਤੋਂ ਜਾਣੂ ਕਰਾਏ ਤੇ ਭਰੋਸਾ ਦਿਵਾਏ ਕਿ ਤੁਹਾਡੀ ਕਿਸੇ ਕਿਸਮ ਦੀ ਢੂੰਡ-ਭਾਲ ਨਾਲ ਉਹਦੇ ਨਜ਼ਾਮ ਵਿਚ "ਕੋਈ ਆਖ਼ਰ ਨਹੀਂ ਆ ਸਕਦੀ"।

ਰਸਮਾਂ ਦੀ ਗ਼ੁਲਾਮੀ ਬੇ-ਲੋੜੀ ਹੈ, ਇਹ ਤੁਸਾਂ ਆਪ ਬਣਾਈਆਂ ਸਨ। ਕਿਸੇ ਇਨਸਾਨ ਦੀ ਗ਼ੁਲਾਮੀ ਬੇ-ਲੋੜੀ ਹੈ, ਕਿਉਂਕਿ ਹਰ ਇਨਸਾਨ ਜੇ ਚਾਹੇ ਤਾਂ ਬੇ-ਲੋੜ ਹੋ ਸਕਦਾ ਹੈ, ਜਾਂ ਆਪਣੀ ਲੋੜ ਖ਼ੁਦ-ਮੁਖ਼ਤਾਰ ਰਹਿ ਕੇ ਪੂਰੀ ਕਰ ਸਕਦਾ ਹੈ; ਭਗਵਾਨ ਦੀ ਗ਼ੁਲਾਮੀ ਬੇ-ਲੋੜੀ ਹੈ, ਕਿਉਂਕਿ ਕੋਈ ਸੁਤੰਤ੍ਰ ਹਸਤੀ ਹੀ ਭਗਵਾਨ ਅਖਵਾ ਸਕਦੀ ਹੈ, ਤੇ ਸੁਤੰਤ੍ਰ ਹਸਤੀ ਵਿਚ ਕਿਸੇ ਨੂੰ ਗ਼ੁਲਾਮ ਵੇਖਣ ਦੀ ਚਾਹ ਪੈਦਾ ਨਹੀਂ ਹੋ ਸਕਦੀ। ਕਿਸੇ ਰਾਜੇ ਦੀ ਗ਼ੁਲਾਮੀ ਬੇ-ਲੋੜੀ ਹੈ, ਕਿਉਂਕਿ ਕਿਸੇ ਨੂੰ ਵੀ ਕਿਸੇ ਉਤੇ ਰਾਜ

ਕਰਨ ਦਾ ਹੱਕ ਨਹੀਂ। ਇਹ ਹੱਕ ਦੇਣ ਤੇ ਲੈਣ ਵਾਲੇ ਦੋਵੇਂ ਆਜ਼ਾਦੀ ਦੇ ਦਾਇਰੇ ਤੋਂ ਬਾਹਰ ਹਨ।

ਜਿਨ੍ਹਾਂ ਲੋਕਾਂ ਦੇ ਮੁਲਕ ਉਤੇ ਗ਼ੈਰ-ਹਕੂਮਤ ਹੈ, ਉਹਨਾਂ ਦਾ ਸਭ ਕੁਝ ਗ਼ਲਤ ਹੈ — ਧਰਮ ਗ਼ਲਤ ਹੈ, ਅਖ਼ਲਾਕ ਗ਼ਲਤ ਹੈ, ਖ਼ੁਦਾ ਗ਼ਲਤ ਹੈ।

## ਛੇਵਾਂ ਸਿੱਕਾ : ਨਿੱਡਰਤਾ

ਡਰ ਸਾਡੇ ਮਾਰਗ ਦੇ ਠੀਕ ਜਾਂ ਗ਼ਲਤ ਹੋਣ ਦਾ ਨਾਂ-ਫੱਟਾ ਹੈ। ਜਿਥੇ ਡਰ ਨਜ਼ਰ ਆਵੇ, ਉਹ ਰਸਤਾ ਗ਼ਲਤ ਸਮਝੋ, ਤੇ ਫ਼ੌਰਨ ਉਸ ਤੋਂ ਮੁੜ ਪਵੋ; ਭਾਵੇਂ ਕੇਡਾ ਹੀ ਪੁਰਾਣਾ ਤੁਹਾਡਾ ਮਜ਼੍ਹਬ ਹੈ, ਭਾਵੇਂ ਇਸ ਦੇ ਪਰਮਾਣ ਕਿਸੇ ਨੇ ਹਜ਼ਾਰਾਂ ਵਰ੍ਹਿਆਂ ਹੇਠੋਂ ਦੱਬੇ ਪੁੱਟ ਵਿਖਾਏ ਹਨ, ਭਾਵੇਂ ਇਸ ਦੇ ਅਵਤਾਰਾਂ ਔਲਿਆਵਾਂ ਦੀ ਕਤਾਰ ਕੇਡੀ ਹੀ ਲੰਮੀ ਹੈ — ਜੇ ਇਹ ਡਰ ਦਾ ਸਬਕ ਦੇਂਦਾ ਹੈ, ਜੇ ਇਹ ਜ਼ਿੰਦਗੀ ਨੂੰ ਭੈ ਵਿਚ ਰਖਦਾ ਹੈ, ਤਾਂ ਇਹ ਜ਼ਿੰਦਗੀ ਦਾ ਮਜ਼੍ਹਬ ਨਹੀਂ, ਕਾਸੇ ਹੋਰ ਦਾ ਭਾਵੇਂ ਹੋਵੇ।

ਜਿਹੜਾ ਮਜ਼੍ਹਬ ਬਚਪਨ ਤੋਂ ਹੀ ਬੱਚਿਆਂ ਦੇ ਦਿਲਾਂ ਵਿਚ ਭੈ ਵਾੜ ਦੇਂਦਾ ਹੈ, ਉਹਨਾਂ ਕੋਲੋਂ ਭੈ-ਭਰੇ ਭਜਨਾਂ ਦਾ ਰਟਨ ਕਰਾਂਦਾ ਹੈ, ਉਹ ਮਜ਼੍ਹਬ ਜ਼ਿੰਦਗੀ ਨਾਲ ਨਾ-ਇਨਸਾਫ਼ੀ ਤੇ ਇਨਸਾਨ ਨਾਲ ਜ਼ੁਲਮ ਕਰਦਾ ਹੈ।

ਬੇਸ਼ੱਕ ਉਹਨਾਂ ਭਜਨਾਂ ਦਾ ਤਿਆਗ ਕਰੋ, ਜਿਹੜੇ ਤੁਹਾਨੂੰ ਭਗਵਾਨ ਦੇ ਭੈ ਵਿਚ ਰਹਿਣ ਦਾ ਉਪਦੇਸ਼ ਕਰਦੇ ਹਨ। ਜਿਹੜਾ ਆਪਣੇ ਪਿਓ ਕੋਲੋਂ ਡਰਦਾ ਹੈ, ਉਹ ਹੋਰਨਾਂ ਕੋਲੋਂ ਵੀ ਡਰੇਗਾ। ਡਰ ਵੀ ਇੱਕ ਵਾਦੀ ਹੈ — ਇਹ ਮਰਜ਼ੀ ਮੁਤਾਬਕ ਨਹੀਂ ਵਰਤੀ ਜਾ ਸਕਦੀ, ਕਿ ਇਹਦੇ ਕੋਲੋਂ ਡਰ ਗਏ, ਤੇ ਉਹਦੇ ਅੱਗੇ ਆਕੜ ਖਲੋਤੇ।

ਨਿੱਡਰਤਾ ਜ਼ਿੰਦਗੀ ਮਾਣਨ ਦੀ ਸਿਖਰ ਹੈ — ਜ਼ਿੰਦਗੀ ਦਾ ਕਮਾਲ ਹੈ, ਇਸ ਦੀ ਪ੍ਰਾਪਤੀ ਨਿੱਡਰ ਕਲਪਨਾਵਾਂ ਨਾਲ, ਨਿੱਡਰਤਾ ਦਾ ਆਦਰਸ਼ ਸਾਹਮਣੇ ਰਖਣ ਨਾਲ ਹੋ ਸਕਦੀ ਹੈ। ਜੇ ਸਾਡੀਆਂ ਰੋਜ਼ਾਨਾ ਪ੍ਰਾਰਥਨਾਵਾਂ ਵਿਚ ਡਰ ਦੇ ਸ਼ਬਦ ਹੋਣਗੇ ਤਾਂ ਅਸੀਂ ਨਿੱਡਰ ਨਹੀਂ ਹੋ ਸਕਾਂਗੇ। ਰੋਜ਼ਾਨਾ ਪ੍ਰਾਰਥਨਾਵਾਂ ਵਿਚ ਸਦਾ ਚੜ੍ਹਦੀ ਕਲਾ ਦਾ ਸਿਮਰਨ ਹੋਵੇ, ਭਰਪੂਰ ਜੀਵਨ ਦੀ ਮੰਗ ਹੋਵੇ, ਸੁਤੰਤ੍ਰਤਾ ਲਈ ਬੇਤਾਬੀ ਹੋਵੇ।

ਮੈਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਅਹਿਸਾਸ ਹੈ, ਕਿ ਮੈਂ ਕਈ ਪੂਜ ਗਰੰਥਾਂ ਦੇ ਸਿਧਾਂਤਾਂ ਦੇ ਖ਼ਿਲਾਫ਼ ਇਹ ਖ਼ਿਆਲ ਪ੍ਰਗਟ ਕੀਤੇ ਹਨ, ਮੈ ਜਾਣਦਾ ਹਾਂ ਕਿ ਇਹ ਸਿਧਾਂਤ ਕਈਆਂ ਲੋਕਾਂ ਦਾ ਦੁਖ ਪੀੜ ਵਿਚ ਸਹਾਰਾ ਹਨ, ਉਹਨਾਂ ਦੀ ਇੱਕੋ ਇੱਕ ਟੋਹਣੀ ਹਨ, ਤੇ ਉਹਨਾਂ ਕੋਲੋਂ ਜੇ ਉਹਨਾਂ ਦਾ ਇਹ ਵਿਸ਼ਵਾਸ ਖੋਹ ਲਿਆ ਜਾਏ, ਤਾਂ ਇਸ ਕੱਕਰੀ ਹੋਈ ਦੁਨੀਆ ਵਿਚ ਉਹ ਬੜੇ ਨਿਆਸਰੇ ਹੋ ਜਾਣਗੇ।

ਪਰ ਭੁਲੇਖਿਆਂ ਵਿਚ ਵਿਸ਼ਵਾਸ ਜ਼ਿੰਦਗੀ ਨੂੰ ਤੋਰੀ ਤਾਂ ਰਖ ਸਕਦਾ ਹੈ, ਕਿਸੇ ਚੜ੍ਹਾਈ ਉਤੇ ਚੜ੍ਹਨ ਦੀ ਸਮਰਥਾਂ ਨਹੀਂ ਦੇ ਸਕਦਾ। ਭੁਲੇਖੇ ਦੀ ਆਸ ਨਾਲੋਂ ਨਿਰਾਸ਼ਾ ਦੀ ਖੋਹ ਹਜ਼ਾਰ ਦਰਜੇ ਚੰਗੀ ਹੈ, ਕਿਉਂਕਿ ਇਸ ਖੋਹ ਵਿਚ ਹਕੀਕਤ ਦੀ ਟੋਹ ਹੁੰਦੀ ਹੈ।

ਨਵੇਂ ਸਾਲ ਵਾਲੇ ਦਿਨ, ਬੜੇ ਸਤਿਕਾਰ ਨਾਲ ਮੈਂ ਆਪਣੇ ਪਾਠਕਾਂ ਨੂੰ ਆਪਣੇ ਝਰੋਖੇ ਵਿਚ ਸਾਦਰ ਬਿਠਾ ਕੇ, ਉਹ ਨਵਾਂ ਯੁਗ ਵਿਖਾਣ ਦੀ ਖ਼ੁਸ਼ੀ ਲੈਣਾ ਚਾਹੁੰਦਾ ਹਾਂ, ਜਿਹੜਾ ਇਸ ਵੇਲੇ ਮੇਰੀਆਂ ਅੱਖਾਂ ਵਿਚ ਹੈ।

ਇਹ ਨਵਾਂ ਯੁਗ ਸਿਰਫ਼ ਮੇਰਾ ਕਿਆਸ ਹੀ ਹੋਵੇ — ਜਾਂ ਮੇਰੀਆਂ ਅੱਖਾਂ ਹਕੀਕਤ ਨੂੰ ਡਿੰਗਾ ਵੇਖਣ ਲੱਗ ਪਈਆਂ ਹੋਣ, ਜਾਂ ਕਈ ਪੁਰਾਣੇ ਮੰਨੇ ਹੋਏ ਸੁਹਣੇ ਰੰਗਾਂ ਲਈ ਮੇਰੀ ਨਜ਼ਰ ਅੰਨ੍ਹੀ ਹੋ ਗਈ ਹੋਵੇ — ਇਹ ਸਭ ਕੁਝ ਹੋ ਸਕਦਾ ਹੈ, ਪਰ ਇਹ ਕਦੇ ਨਹੀਂ ਹੋ ਸਕਦਾ, ਕਿ ਜੋ ਮੈਂ ਲਿਖਿਆ ਹੈ, ਇਸ ਦਾ ਇੱਕ ਲਫ਼ਜ਼ ਵੀ ਆਪਣੇ ਪਾਠਕਾਂ ਨੂੰ ਲਹੂ-ਭਰਪੂਰ, ਜੀਅ ਭਰ ਕੇ ਜੀਉਂਦਿਆਂ, ਜੀਵਨ ਨੂੰ ਮਾਣ-ਯੋਗ ਬਣਾਂਦਿਆਂ, ਖ਼ੁਸ਼, ਸੁਤੰਤ੍ਰ ਤੇ ਨਿੱਡਰ ਵੇਖਣ ਦੀ ਬੇਕਰਾਰ ਇੱਛਾ ਵਿਚੋਂ ਨਾ ਲਿਖਿਆ ਹੋਵੇ।

[ 1944

## 11
# ਉਮਰ ਦੇ ਘੱਟਦੇ ਚੱਕਰ

ਹਰ ਵਰ੍ਹੇ ਬ੍ਰਿਛ ਆਪਣੇ ਦੁਆਲੇ ਪਤਲੀ ਜਾਂ ਮੋਟੀ ਉਸਾਰੀ ਮੁਕੰਮਲ ਕਰਦਾ ਹੈ। ਇਹ ਉਸਾਰੀ ਉਹਦੇ ਦੁਆਲੇ ਇੱਕ ਚੱਕਰ ਬਣ ਜਾਂਦੀ ਹੈ, ਤੇ ਇਹਨਾਂ ਚੱਕਰਾਂ ਨੂੰ ਗਿਣ ਕੇ ਜੰਗਲ ਦੇ ਮਾਹਿਰ ਹਰ ਬ੍ਰਿਛ ਦੀ ਉਮਰ ਦੱਸ ਦੇਂਦੇ ਹਨ।

ਪਰ ਮਨੁੱਖ ਦੀ ਉਮਰ ਦਾ ਅੰਦਾਜ਼ਾ ਚੱਕਰਾਂ ਦੇ ਵਧਣ ਦੀ ਥਾਂ ਉਹਨਾਂ ਦੇ ਘਟਣ ਤੋਂ ਲਾਇਆ ਜਾਂਦਾ ਹੈ। ਦੋ ਆਦਮੀਆਂ ਦੀ ਸਰੀਰਕ ਸਿਹਤ ਤੇ ਉਮਰ ਇੱਕੋ ਜਿਹੀਆਂ ਹੋਣ ਦੇ ਬਾਵਜੂਦ, ਇੱਕ ਪੈਂਤੀਆਂ ਵਰ੍ਹਿਆਂ ਦੀ ਉਮਰ ਵਿਚ ਪੰਝੀਆਂ ਦਾ, ਤੇ ਦੂਜਾ ਪੰਜਤਾਲੀਆਂ ਦਾ ਦਿੱਸ ਸਕਦਾ ਹੈ। ਪਹਿਲੇ ਦੇ ਦੁਆਲਿਓਂ ਦੱਸ ਘਟ ਤੇ ਦੂਜੇ ਦੇ ਦੁਆਲਿਓਂ ਦੱਸ ਵਧ ਚੱਕਰ ਦੂਰ ਹੋ ਗਏ ਹਨ।

ਸਾਰੇ ਬ੍ਰਹਮੰਡ ਵਿਚ ਮਨੁੱਖ ਹੀ ਇਹੋ ਜਿਹਾ ਜੀਵ ਹੈ, ਜਿਸ ਦੀ ਵਡਿੱਤਣ ਦਾ ਨਾਪ ਉਹਦਾ ਸਰੀਰ ਨਹੀਂ, ਸਗੋਂ ਉਹਦਾ ਗਿਆਨ ਹੈ। ਛਮਕ ਵਰਗਾ ਚਾਲ੍ਹੀ ਵਰ੍ਹੇ ਦਾ ਆਦਮੀ ਸ਼ਹਿਤੀਰ ਵਰਗੇ ਸੱਠ ਵਰ੍ਹੇ ਦੇ ਆਦਮੀ ਨਾਲੋਂ ਵੱਡਾ ਵੀ ਗਿਣਿਆ ਜਾ ਸਕਦਾ ਹੈ, ਜੇ ਉਹਦੀ ਉਮਰ

ਦੁਆਲਿਓਂ ਚੱਕਰ ਬਹੁਤੇ ਘਟ ਗਏ ਹੋਣ ।

ਗਿਆਨ ਕੋਈ ਬਾਹਰੋਂ ਇਕੱਠਾ ਕੀਤਾ ਵਾਧਾ ਨਹੀਂ, ਅੰਦਰੋਂ ਵਿਕਾਸ ਹੋਇਆ ਚਾਨਣ ਹੁੰਦਾ ਹੈ ।

ਮਨੁੱਖ ਦੀ ਉਮਰ ਦੇ ਪਹਿਲੇ ਪੰਝੀ ਜਾਂ ਤੀਹ ਵਰ੍ਹੇ ਤਕ ਗਿਆਨ ਦੇ ਨਾਲ ਨਾਲ ਸਰੀਰ ਵੀ ਵਧਦਾ ਹੈ, ਪਰ ਤੀਹ ਵਰ੍ਹਿਆਂ ਬਾਅਦ ਮਨੁੱਖ ਦਾ ਸਾਰਾ ਵਾਧਾ ਸਿਰਫ਼ ਗਿਆਨ-ਤੱਕੜੀ ਉਤੇ ਹੀ ਤੋਲਿਆ ਜਾ ਸਕਦਾ ਹੈ, ਤੇ ਗਿਆਨ ਅੰਤ੍ਰੀਵ ਬੁਨਿਆਦੀ ਚਾਨਣ ਦਾ, ਦੁਆਲਿਓਂ ਪਰਛਾਵੇਂ ਦੂਰ ਹੋਣ ਕਰਕੇ, ਚੋੜੀ ਦੁਨੀਆ ਉਤੇ ਖਿਲਰ ਸਕਣਾ ਹੈ ।

ਇਸ ਖਿਲਾਰ ਦਾ ਨਾਪ ਹਰ ਮਨੁੱਖ ਨੂੰ ਹਰ ਵਰ੍ਹੇ ਲੈਣਾ ਚਾਹੀਦਾ ਹੈ, ਕਿ ਕਿੰਨੇ ਪਰਛਾਵੇਂ ਉਸ ਦੀ ਅਕਲ ਤੋਂ ਹਟੇ ਤੇ ਕਿੰਨੀ ਦੂਰ ਤਕ ਉਹਦੀ ਦ੍ਰਿਸ਼ਟੀ ਖੁੱਲ੍ਹੀ ਹੋ ਗਈ ਹੈ ।

ਹਰ ਵਰ੍ਹੇ, ਮੈਂ ਆਪਣੇ ਪਾਠਕਾਂ ਨੂੰ ਆਪਣੇ ਝਰੋਖੇ ਵਿਚ ਬਿਠਾ ਕੇ ਆਪਣੀ ਝਾਤੀ ਵਿਖਾਣ ਦੀ ਖ਼ੁਸ਼ੀ ਲਿਆ ਕਰਦਾ ਹਾਂ । ਇਹ ਝਾਤੀ ਚੋੜੀ ਹੋ ਰਹੀ ਹੈ, ਜਾਂ ਸੌੜੀ, ਇਹ ਮੇਰੇ ਪਾਠਕ ਜਾਣਨ; ਮੈਨੂੰ ਸਿਰਫ਼ ਚਾਅ ਹੈ, ਉਹਨਾਂ ਨੂੰ ਆਪਣੀ ਦੁਨੀਆ ਵਿਖਾਣ ਦਾ, ਦੋ ਘੜੀਆਂ ਲਈ ਆਦਰ ਨਾਲ ਉਹਨਾਂ ਨੂੰ ਆਪਣੇ ਝਰੋਖੇ ਵਿਚ ਬਿਠਾਣ ਦਾ, ਤੇ ਕੋਈ ਰੀਝ ਉਹਨਾਂ ਦੀ ਜਗਾਣ ਤੇ ਕੋਈ ਉਹਨਾਂ ਤੋਂ ਆਪਣੀ ਜਗਵਾਣ ਦਾ ।

ਪਿਛਲੇ ਵਰ੍ਹੇ ਵਿਚ ਤਿੰਨ ਵੱਡੇ ਪਰਛਾਵਿਆਂ ਨਾਲ ਮੇਰੀ ਅਕਲ ਘੁਲਦੀ ਰਹੀ ਹੈ । ਮੈਂ ਸਮਝਦਾ ਹਾਂ, ਅੱਜ ਮੇਰੀ ਦ੍ਰਿਸ਼ਟੀ ਕੁਝ ਵਧੇਰੇ ਸਾਫ਼ ਹੈ, ਤੇ ਇਹਨਾਂ ਬਾਰੇ ਮੈਂ ਆਪਣੇ ਸਿੱਟੇ ਪਾਠਕਾਂ ਦੇ ਵਿਚਾਰ ਲਈ ਪੇਸ਼ ਕਰਦਾ ਹਾਂ । ਹੋ ਸਕਦਾ ਹੈ, ਇਹਨਾਂ 'ਚੋਂ ਕੋਈ ਸਿੱਟਾ ਵੀ ਕਿਸੇ ਕੰਮ ਦਾ ਨਾ ਹੋਵੇ, ਪਰ ਜੋ ਮੈਨੂੰ ਦਿੱਸ ਸਕਿਆ ਹੈ, ਉਹ ਨਵੇਂ ਸਾਲ ਲਈ ਦਿਲੀ ਸ਼ੁਭ-ਇੱਛਾਵਾਂ ਸਹਿਤ ਭੇਟਾ ਹੈ । ਇਹਨਾਂ ਦੇ ਸਹੀ ਹੋਣ ਦਾ ਕੋਈ ਦਾਅਵਾ ਨਹੀਂ, ਸਿਰਫ਼ ਦਿਆਨਤਦਾਰੀ ਤੇ ਸਨੇਹ ਦਾ ਪੂਰਾ ਭਰੋਸਾ ਹੈ ।

ਵੱਡੇ ਪਰਛਾਵੇਂ, ਜਿਨ੍ਹਾਂ ਵਿਚੋਂ ਨਿਕਲਣ ਦਾ ਜਤਨ ਮੈਂ ਪਿਛਲੇ ਵਰ੍ਹੇ ਕੀਤਾ ਹੈ, ਇਹ ਤਿੰਨ ਹਨ :—

1. ਸਿਧਾਂਤਕ ਮਜ਼੍ਹਬ
2. ਪਰਾਧੀਨਤਾ,

3. ਲਿੰਗ-ਗੁਨਾਹਗਾਰੀ।

## 1. ਸਿਧਾਂਤਕ ਮਜ਼੍ਹਬ

ਇਹ ਮੈਨੂੰ ਜ਼ਿੰਦਗੀ ਉਤੇ ਸਭ ਤੋਂ ਵੱਡਾ ਪਰਛਾਵਾਂ ਜਾਪਿਆ ਹੈ। ਇਸ ਦੀ ਛਾਵੇਂ ਜ਼ਿੰਦਗੀ ਪੱਲਰ ਨਹੀਂ ਸਕੀ, ਜ਼ਿੰਦਗੀ ਦਾ ਰੰਗ ਪੀਲਾ ਤੇ ਦਿਲ ਧੜਕਦਾ ਰਹਿ ਗਿਆ ਹੈ। ਦੇਵੀ ਦੇਵ, ਅਵਤਾਰ ਪੈਗੰਬਰ, ਵਲੀ ਤੇ ਸ਼ੈਤਾਨ ਵੱਡੇ ਵੱਡੇ ਓਹਲੇ ਹਨ, ਜਿਨ੍ਹਾਂ ਪਿਛੇ ਅਸਲੀਅਤ ਦਾ ਸੂਰਜ ਲੁਕ ਜਾਂਦਾ ਹੈ। ਇਹਨਾਂ ਨੂੰ ਖ਼ੁਸ਼ ਕਰਨ ਲਈ ਪੂਜਾ ਪਾਠ, ਨੁਮਾਜ਼ਾਂ ਰੋਜ਼ੇ, ਡੰਡੌਤਾਂ ਸਿਜਦੇ, ਆਰਤੀਆਂ, ਹੱਜ ਯਾਤਰਾ, ਸੰਘਣੇ ਜਾਂ ਪਤਲੇ ਚਾਨਣ ਦਾ ਰਾਹ ਰੋਕਣ ਵਾਲੇ ਪਰਦੇ ਹਨ।

ਆਪਣੇ ਤੋਂ ਬਾਹਰ ਕੋਈ ਹੋਰ ਸ਼ਕਤੀ ਸਾਡੀਆਂ ਪ੍ਰਾਰਥਨਾਵਾਂ ਨਹੀਂ ਸੁਣਦੀ, ਨਾ ਸਜ਼ਾਵਾਂ ਤੇ ਨਾ ਇਨਾਮ ਦੇਂਦੀ ਹੈ। ਮੰਦਰਾਂ ਵਿਚ ਵਜਦਿਆਂ ਘੰਟਿਆਂ ਤੇ ਬਲਦੀਆਂ ਸਮਿੱਗਰੀਆਂ ਦਾ ਕਿਸੇ ਨੂੰ ਲਿਹਾਜ਼ ਨਹੀਂ, ਟੇਕੇ ਮੱਥਿਆਂ ਤੇ ਜੁੜਿਆਂ ਹੱਥਾਂ ਨੂੰ ਕੋਈ ਰਿਆਇਤ ਨਹੀਂ ਮਿਲਦੀ, ਕੋਈ ਪਰਸ਼ਾਦ ਭਗਵਾਨ ਦੇ ਮੂੰਹ ਨਹੀਂ ਲੱਗਦਾ, ਕੋਈ ਗਊ ਦੁੰਬੇ ਦੀ ਕੁਰਬਾਨੀ ਅਸਲੀਅਤ ਦੇ ਦਿਲ ਨੂੰ ਖਿੱਚ ਨਹੀਂ ਪਾਂਦੀ।

ਸਭ ਪੁਸਤਕਾਂ ਮਨੁੱਖ ਦੇ ਥੋੜੇ ਜਾਂ ਬਹੁਤੇ ਸਿਆਣੇ ਕਿਆਸ ਹਨ। ਇਲਹਾਮ ਮਨ ਦੀ ਤੀਖਣ ਅਵਸਥਾ ਵਿਚੋਂ ਨਿਕਲਿਆ ਕਥਨ ਹੈ। ਰੱਬ, ਰੂਪ ਵਿਚ ਆ ਕੇ ਕਿਸੇ ਨੂੰ ਕੁਝ ਨਹੀਂ ਕਹਿੰਦਾ। ਸਮੁੱਚੀ ਸਚਾਈ ਜਾਂ ਅਸਲੀਅਤ ਨੂੰ ਕੋਈ ਨਹੀਂ ਜਾਣ ਸਕਦਾ।

ਜ਼ਿੰਦਗੀ ਅਖੰਡ ਏਕਤਾ ਹੈ। ਇਸ ਦੇ ਲਾਭ ਹਾਣ ਇੱਕੋ ਹਨ। ਹਰੇਕ ਦੁਖ ਸਾਰੀ ਜ਼ਿੰਦਗੀ ਨੂੰ ਦੁਖਾਂਦਾ ਤੇ ਹਰੇਕ ਸੁਖ ਸਾਰੀ ਜ਼ਿੰਦਗੀ ਨੂੰ ਸੁਖਾਂਦਾ ਹੈ। ਨਿਵੇਕਲੀ ਮੁਕਤੀ ਤੇ ਨਿਵੇਕਲੇ ਸੁਖਾਂ ਦੀ ਖ਼ਾਹਿਸ਼ ਇੱਕ ਭਰਮ ਹੈ। ਜ਼ਿੰਦਗੀ ਨੂੰ ਏਕਤਾ ਮੰਨ ਸਕਣਾ ਆਸਤਕਤਾ ਹੈ, ਤੇ ਜ਼ਿੰਦਗੀ ਨੂੰ ਸ਼ਖ਼ਸੀ ਵਿਸ਼ੇਸ਼ਤਾ ਪ੍ਰਾਪਤ ਕਰਨ ਦਾ ਅਵਸਰ ਮੰਨਣਾ ਨਾਸਤਕਤਾ ਹੈ। ਪ੍ਰੀਤ ਆਸਤਕਤਾ ਹੈ, ਵਿਪ੍ਰੀਤ ਨਾਸਤਕਤਾ ਹੈ; ਸਾਂਝੀਵਾਲਤਾ ਆਸਤਕਤਾ ਹੈ, ਸਰਮਾਏਦਾਰੀ ਤੇ ਸਾਮਰਾਜਸ਼ਾਹੀ ਨਾਸਤਕਤਾ ਹੈ।

ਸੱਚਾਈ ਤੇ ਸਾਂਝ ਨੂੰ ਅਨੁਭਵ ਕਰਨ ਦੀ ਲਾਲਸਾ ਅਸਲੀ ਮਜ਼੍ਹਬ ਹੈ। ਇਹ ਲਾਲਸਾ ਸਭਿਆਚਾਰ ਵਿਚੋਂ ਪੈਦਾ ਹੁੰਦੀ ਹੈ। ਇਹ ਹਰ ਸ਼੍ਰੇਣੀ ਦੇ ਮਨੁੱਖ ਦੀ ਫ਼ੌਰੀ ਲੋੜ ਨਹੀਂ। ਸਭ ਤੋਂ ਪਹਿਲੀ ਲੋੜ ਖ਼ੁਰਾਕ, ਦੂਜੀ ਲੋੜ ਪੁਸ਼ਾਕ ਤੇ ਰਿਹਾਇਸ਼, ਤੀਜੀ ਲੋੜ ਕੰਮ, ਚੌਥੀ ਲੋੜ ਖ਼ੂਬਸੂਰਤੀ ਤੇ ਪੰਜਵੀਂ ਲੋੜ ਸਚਾਈ ਦਾ ਗਿਆਨ ਜਾਂ ਮਜ਼੍ਹਬ ਹੈ। ਜਿਦ੍ਹੀਆਂ ਪਹਿਲੀਆਂ ਚਾਰ ਲੋੜਾਂ ਪੂਰੀਆਂ ਨਹੀਂ ਹੋਈਆਂ — ਉਹਦੇ ਵਿਚ ਮਜ਼੍ਹਬ ਦੀ ਲਾਲਸਾ ਨਹੀਂ ਜਾਗਦੀ, ਤੇ ਜਿਹੜੇ ਲੋਕ ਫੇਰ ਵੀ ਆਪਣੇ ਆਪ ਨੂੰ ਮਜ਼੍ਹਬੀ ਸਮਝਦੇ ਹਨ, ਉਹ ਭੁਲੇਖਾ ਖਾਂਦੇ ਹਨ। ਮਜ਼੍ਹਬ, ਜ਼ਿੰਦਗੀ ਦੀ ਪੰਜਵੀਂ ਮੰਜ਼ਲ ਉਤੇ ਅਪੜ ਕੇ, ਠਰੰਮੇ ਤੇ ਵਿਚਾਰ ਨਾਲ ਬ੍ਰਹਮੰਡ ਦੀ ਅਸਲੀਅਤ ਨੂੰ ਵੇਖਣ ਅਤੇ ਉਸ ਬਾਰੇ ਸਹੀ ਤੋਂ ਸਹੀ ਅਨੁਮਾਨ ਬਣਾਨਾ ਹੈ। ਪਹਿਲੀਆਂ ਚਾਰ ਮੰਜ਼ਲਾਂ ਚੜ੍ਹੇ ਬਿਨਾਂ ਅਸੀਂ ਚੌਤਰਫ਼ੀ ਨਹੀਂ ਤੱਕ ਸਕਦੇ, ਇਹ ਮੰਜ਼ਲਾਂ ਦੇਖਣ ਲਈ ਨਹੀਂ, ਉਪਰਲੀ ਮੰਜ਼ਲ ਤਕ ਪਹੁੰਚਣ ਲਈ ਹਨ।

ਇਹ ਠੀਕ ਹੈ, ਉਪਰਲੀ ਮੰਜ਼ਲ ਹੀ ਮਨੁੱਖ-ਜੀਵਨ ਦਾ ਮਨੋਰਥ ਹੈ, ਪਰ ਪਹਿਲੀਆਂ ਮੰਜ਼ਲਾਂ ਵਿਚ ਹੀ ਇਸ ਮਨੋਰਥ ਦੀਆਂ ਪੌੜੀਆਂ ਹਨ, ਜਿਨ੍ਹਾਂ ਨੂੰ ਚੜ੍ਹਨ ਦੀ ਸਮਰਥਾ ਸਾਡੀ ਬੁਨਿਆਦੀ ਲੋੜ ਹੈ।

ਹਰ ਮੰਜ਼ਲ ਦੇ ਮਨੁੱਖ ਨੂੰ ਮਜ਼੍ਹਬ ਨਾਲ ਬੋਝਲ ਕਰਨਾ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਹਰ ਰਿੜ੍ਹਨ ਵਾਲੇ ਬੱਚੇ ਲਈ ਬਾਈਸਿਕਲ ਦਾ ਫ਼ਿਕਰ ਕਰਨਾ।

ਮਜ਼੍ਹਬ ਵਾਸਤੇ ਮੰਦਰਾਂ ਦੀ ਜ਼ਰੂਰਤ ਕਦੇ ਹੁੰਦੀ ਹੋਵੇਗੀ, ਪਰ ਅੱਜ ਸੁਹਣੀਆਂ ਲਾਇਬ੍ਰੇਰੀਆਂ ਤੇ ਚੰਗੇ ਆਸ਼ਰਮਾਂ ਦੀ ਲੋੜ ਹੈ, ਜਿਥੇ ਸਰੇਸ਼ਟ ਸੰਗਤ ਦੀ ਸਹਾਇਤਾ ਨਾਲ ਜ਼ਿੰਦਗੀ ਦੁਆਲਿਓਂ ਵਹਿਮਾਂ ਦੇ ਚੱਕਰ ਘਟਾਏ ਜਾਣ ਤੇ ਨਜ਼ਰ ਸਾਫ਼ ਕੀਤੀ ਜਾਏ। ਭਰਮ ਪਾਣੇ ਮਜ਼੍ਹਬ ਨਹੀਂ, ਭਰਮ ਕੱਢਣੇ ਮਜ਼੍ਹਬ ਹੈ। ਜ਼ਿੰਦਗੀ ਇੱਕ ਸਮਝਿਆ ਜਾ ਸਕਣ ਵਾਲਾ ਅਟੱਲ ਕਾਨੂੰਨ ਹੈ — ਇਸ ਵਿਚ ਜੋ ਕੁਝ ਔਖਾ ਤੇ ਗੁੰਝਲਦਾਰ ਹੈ, ਉਹ ਗ਼ੈਰ-ਕੁਦਰਤੀ ਹੈ — ਇਹ ਆਪਣੇ ਆਪ ਵਿਚ ਬੜੀ ਸਰਲ ਤੇ ਸੰਭਾਵਨਾ ਭਰੀ ਘਟਨਾ ਹੈ।

ਸਾਵੀਂ ਪੱਧਰੀ ਜ਼ਿੰਦਗੀ ਲਈ ਕਿਸੇ ਪੂਜਾ, ਕਿਸੇ ਉਚੇਚੇ ਈਮਾਨ, ਕਿਸੇ ਸਿਖੀ-ਸੇਵਕੀ ਜਾਂ ਪੀਰੀ-ਮੁਰੀਦੀ ਦੀ ਲੋੜ ਨਹੀਂ। ਸਭ ਬਾਣੀਆਂ ਤੇ

ਧਰਮ-ਪੁਸਤਕਾਂ ਪੜ੍ਹਣ-ਯੋਗ ਹਨ, ਸਿਖਿਆਦਾਇਕ ਵੀ ਹੋਣਗੀਆਂ, ਪਰ ਕਿਸੇ ਦਾ ਮੰਤ੍ਰਾਂ ਵਾਂਗ ਰੋਜ਼ਾਨਾ ਰਟਣਾ ਕੁਝ ਨਹੀਂ ਸੁਆਰ ਸਕਦਾ। ਕੁਰਕਸ਼ੇਤਰ ਦੇ ਮੇਲਿਆਂ, ਹਰਦੁਆਰ ਦੇ ਕੁੰਭਾਂ ਤੇ ਮਜ਼ਾਰਾਂ ਦੀਆਂ ਜ਼ਿਆਰਤਾਂ ਵਿਚ ਮਹਾਤਮ ਨਹੀਂ। ਇਹ ਸਭ ਅੱਖਾਂ ਦੀ ਭੁੱਖ ਨੂੰ ਅੰਬਾਕੜੀਆਂ ਨਾਲ ਲਾਹੁਣ ਦੇ ਨਿਸਫਲ ਜਤਨ ਹਨ।

ਅਸਲੀ ਭੁਖ ਸਰੀਰਕ ਲੋੜਾਂ ਤੋਂ ਨਿਸਚਿੰਤ ਰਹਿ ਕੇ, ਜ਼ਿੰਦਗੀ ਦੀ ਖ਼ੂਬਸੂਰਤੀ ਤੇ ਏਕਤਾ ਨੂੰ ਮਾਣ ਸਕਣਾ ਹੈ। ਸੁਤੰਤ੍ਰਤਾ ਤੇ ਅਨੰਦ ਕਾਮਯਾਬ ਜ਼ਿੰਦਗੀ ਦੀਆਂ ਨਿਸ਼ਾਨੀਆਂ ਹਨ।

ਇਹ ਆਖਿਆ ਜਾਂਦਾ ਹੈ, ਕਿ ਹੇਠਲੇ ਤਬਕੇ ਦੇ ਲੋਕਾਂ ਲਈ ਮਜ਼੍ਹਬ ਦੇ ਡਰ ਬੜੇ ਜ਼ਰੂਰੀ ਹਨ। ਇਹਨਾਂ ਬਿਨਾਂ ਉਹ ਬੜੇ ਮਾੜੇ ਕਰਮ ਕਰਨਗੇ। ਪਰ ਇਹ ਸਾਬਤ ਹੋ ਚੁੱਕਾ ਹੈ, ਕਿ ਵੱਡੇ ਤੋਂ ਵੱਡਾ ਡਰ, ਮੌਤ ਦਾ ਵੀ, ਗੁਨਾਹਾਂ ਤੋਂ ਰੋਕ ਨਹੀਂ ਸਕਦਾ। ਜਿਥੇ ਬਹੁਤੇ ਲੋਕਾਂ ਨੂੰ ਫਾਂਸੀ ਦਿੱਤੀ ਜਾਂਦੀ ਹੈ, ਉਥੇ ਕਤਲ ਵਧਦੇ ਹਨ — ਪਰ ਜਿਥੇ ਫਾਂਸੀ ਦੀ ਸਜ਼ਾ ਉੱਕੀ ਹਟਾ ਦਿੱਤੀ ਗਈ ਹੈ, ਉਥੇ ਕਤਲ ਕੋਈ ਟਾਵਾਂ ਹੁੰਦਾ ਹੈ।

ਗੁਨਾਹ ਕਿਸੇ ਸਰੀਰਕ ਜਾਂ ਮਾਨਸਿਕ ਘਾਟਾਂ ਦਾ ਪ੍ਰਗਟਾਵਾ ਹੈ। ਇਹਨਾਂ ਘਾਟਾਂ ਨੂੰ ਦੂਰ ਕੀਤਿਆਂ, ਕਈ ਭਾਈਚਾਰਿਆਂ ਨੇ ਗੁਨਾਹਾਂ ਉਤੇ ਫ਼ਤਹਿ ਪਾ ਲਈ ਹੈ। ਜਿਥੇ ਲੋਕ ਭੁੱਖੇ ਨਹੀਂ, ਉਥੇ ਚੋਰੀ ਨਹੀਂ; ਜਿਥੇ ਕੰਮਾਂ ਦੀ ਘਾਟ ਨਹੀਂ, ਉਥੇ ਈਰਖਾ ਨਹੀਂ; ਜਿਥੇ ਸਮਾਜਿਕ ਰਸਮਾਂ ਕੁਦਰਤੀ ਹਨ, ਉਥੇ ਦੁਰਾਚਾਰ ਨਹੀਂ। ਗੁਨਾਹਾਂ ਦਾ ਇਲਾਜ ਮਜ਼੍ਹਬ ਨਹੀਂ। ਮਜ਼੍ਹਬ ਉਹ ਅਵਸਥਾ ਹੈ, ਜਿਹੜੀ ਗੁਨਾਹਾਂ ਤੋਂ ਉੱਚੇ ਹੋ ਜਾਇਆਂ ਪ੍ਰਾਪਤ ਹੁੰਦੀ ਹੈ। ਗੁਨਾਹਾਂ ਦਾ ਇਲਾਜ ਸਾਇੰਸ ਹੈ, ਜਿਹੜੀ ਮਨੁੱਖ ਨੂੰ ਸਰੀਰਕ ਲੋੜਾਂ ਤੋਂ ਨਿਸਚਿੰਤ ਕਰ ਸਕਦੀ ਹੈ। ਕਿਹੋ ਜਿਹੀ ਏਕਤਾ? ਨਾ ਸਿਰਫ਼ ਸਭ ਕੌਮਾਂ ਬਲਕਿ ਸਾਰੇ ਜੀਵ ਇੱਕੋ ਹਸਤੀ ਦਾ ਭਾਗ ਹਨ, ਤੇ ਸਭ ਦਾ ਸੁਖ ਹੀ ਜ਼ਿੰਦਗੀ ਨੂੰ ਸੁਖੀ ਕਰ ਸਕਦਾ ਹੈ। ਫੇਰ ਕਿਸੇ ਨਫ਼ਰਤ, ਕਦੂਰਤ, ਵਖੇਵੇਂ, ਵਿਸ਼ੇਸ਼ਤਾ ਦੀ ਗੁੰਜਾਇਸ਼ ਨਹੀਂ ਰਹਿੰਦੀ।

ਜਿਸ ਕਿਸੇ ਨੇ ਸੁਖ ਦੇਣਾ ਤੇ ਸੁਖ ਲੈਣਾ ਹੈ, ਉਹ ਆਪਣੇ ਧਾਰਮਿਕ ਵਿਸ਼ਵਾਸ ਵਿਚੋਂ ਹਰ ਕਿਸਮ ਦੀ ਗੁੰਝਲ ਦੂਰ ਕਰੇ, ਤੇ ਇਸ ਸਰਲ ਜਹੀ ਸਚਾਈ ਨੂੰ ਸਮਝ ਲਵੇ, ਕਿ ਕਰਮਾਂ ਦਾ ਸਿੱਟਾ ਅਟਲ ਹੁੰਦਾ ਹੈ। ਜੋ ਜੀਵਨ

ਵਿਚ ਕੋਈ ਚਾਹੇ, ਉਹਨੂੰ ਓਹੋ ਕਰਮ ਕੀਤਿਆਂ ਮਿਲ ਸਕਦਾ ਹੈ। ਕਰਮਾਂ ਤੋਂ ਭਾਵ ਜਨਮ ਤੋਂ ਪਹਿਲੇ ਕਰਮ ਨਹੀਂ, ਇਸ ਜ਼ਿੰਦਗੀ ਦੇ ਕਰਮ ਹਨ। ਬਸ ਇਹਨਾਂ ਕਰਮਾਂ ਵਿਚ ਸੁਚੱਜਤਾ ਲਿਆਉਣਾ ਹੀ ਸਭ ਤੋਂ ਉੱਤਮ ਜੀਵਨ ਜਾਚ ਹੈ। ਸੁਚੱਜੇ ਕਰਮਾਂ ਦਾ ਫਲ ਸਿਰਫ਼ ਇਸ ਲਈ ਰੋਕਣ ਵਾਲਾ, ਕਿ ਉਹਨਾਂ ਵਿਚ ਉਸ ਦੀ ਆਪਣੀ ਸਿਫ਼ਤ ਸਲਾਹ ਨਹੀਂ, ਉਹ ਰੱਬ ਨਹੀਂ, ਕੋਈ ਖ਼ੁਦ-ਪਸੰਦ ਸ਼ੈਤਾਨ ਹੋ ਸਕਦਾ ਹੈ।

ਜਿਸ ਦਾ ਇਹ ਜੀਵਨ ਸੰਤੁਸ਼ਟ ਹੈ, ਉਹ ਅਗਲੇ ਜੀਵਨ ਦੀ ਚਿੰਤਾ ਨਾ ਕਰੇ। ਮਨੁੱਖ ਸਿਰਫ਼ ਆਪਣੇ ਏਸ ਜੀਵਨ ਦੀ ਕਾਮਯਾਬੀ ਦਾ ਜ਼ਿੰਮੇਵਾਰ ਹੈ। ਚੰਗਾ ਰਹਿਣ, ਚੰਗਾ ਸੋਚਣ, ਚੰਗਾ ਕਰਨ ਤੋਂ ਉਚੇਰੀ ਕੋਈ ਸਮਾਧੀ ਨਹੀਂ, ਕੋਈ ਪ੍ਰਾਪਤੀ ਜਾਂ ਦਰਸ਼ਨ ਨਹੀਂ।

## 2. ਪਰਾਧੀਨਤਾ

ਸਿਧਾਂਤਕ ਮਜ਼੍ਹਬ ਤੋਂ ਉੱਤਰ ਕੇ ਦੂਜਾ ਪਰਛਾਵਾਂ ਪਰਾਧੀਨਤਾ ਹੈ। ਪਰਾਧੀਨਤਾ ਨਿਸਫਲਤਾ ਦੀ ਸੂਚਨਾ ਹੈ। ਮਨੁੱਖ ਦਾ ਇਤਿਹਾਸ ਪਰਾ-ਧੀਨਤਾ ਦੇ ਖ਼ਿਲਾਫ਼ ਇੱਕ ਅਮੁੱਕ ਖਿੱਚੋ-ਤਾਣ ਹੈ। ਮਨੁੱਖ ਦੀ ਉੱਨਤੀ ਦਾ ਨਾਪ ਇਹਦੀਆਂ ਸੰਸਥਾਵਾਂ ਦੀ ਆਜ਼ਾਦੀ ਹੈ। ਪਹਿਲੀ ਲੜਾਈ ਵਿਚਾਰ ਦੀ ਆਜ਼ਾਦੀ ਲਈ ਲੜੀ ਗਈ, ਦੂਜੀ ਬੋਲਣ ਦੀ ਆਜ਼ਾਦੀ ਲਈ, ਤੀਜੀ ਪਰਚਾਰ ਦੀ ਆਜ਼ਾਦੀ ਲਈ, ਚੌਥੀ ਮੇਲ-ਮਿਲਾਪ ਦੀ ਆਜ਼ਾਦੀ ਲਈ, ਤੇ ਪੰਜਵੀਂ ਮਜ਼੍ਹਬ ਦੀ ਆਜ਼ਾਦੀ ਲਈ। ਜਿੰਨਾ ਚਿਰ ਮਨੁੱਖ ਇਹਨਾਂ ਪੰਜਾਂ ਗੱਲਾਂ ਲਈ ਪਰਾਧੀਨ ਰਹਿੰਦਾ ਹੈ, ਓਨਾ ਚਿਰ ਉਹ ਨਾ ਸੁਖੀ ਤੇ ਨਾ ਉੱਨਤ ਹੋ ਸਕਦਾ ਹੈ। ਵਿਕਾਸ ਲਈ ਸੁਤੰਤ੍ਰ ਮਨ ਤੇ ਸੁਤੰਤ੍ਰ ਬੁੱਲ੍ਹ ਜ਼ਰੂਰੀ ਹਨ, ਤਾਂ ਕਿ ਹਰ ਵਿਸ਼ੇ ਉਤੇ ਆਪਣੇ ਖ਼ਿਆਲ ਪ੍ਰਗਟ ਕੀਤੇ ਜਾ ਸਕਣ।

"ਕੋਈ ਦੂਜਾ ਆਦਮੀ ਕਿਸੇ ਬਾਲਗ਼ ਲਈ ਫ਼ੈਸਲਾ ਕਰਨ ਦਾ ਹੱਕ ਨਹੀਂ ਰਖਦਾ ਕਿ ਉਹ ਕਿਸ ਤਰ੍ਹਾਂ ਆਪਣੀ ਖ਼ੁਸ਼ੀ ਲੱਭੇ। ਕੋਈ ਦੂਜਾ ਨਾ ਸਾਡੀ ਪੀੜ ਪਛਾਣ ਸਕਦਾ ਹੈ, ਨਾ ਸਾਡੀ ਖ਼ੁਸ਼ੀ। ਕੋਈ ਆਦਮੀ ਦੂਜੇ ਦੇ ਲਾਭ ਲਈ ਦੂਜੇ ਉਤੇ ਹਕੂਮਤ ਨਹੀਂ ਕਰ ਸਕਦਾ, ਕੋਈ ਆਦਮੀ ਆਪਣੇ ਭਰਾਵਾਂ ਦੇ ਮਨਾਂ ਤੇ ਸਰੀਰਾਂ ਓਤੇ ਹਾਕਮ ਹੋਣ ਦੇ ਯੋਗ ਨਹੀਂ। ਭਵਿਖ

ਦਾ ਵੱਡਾ ਆਦਮੀ ਉਹ ਹੈ ਜਿਹੜਾ ਲੋਕਾਂ ਵਿਚ ਤਾਕਤ ਪੈਦਾ ਕਰੇ, ਨਾ ਕਿ ਲੋਕਾਂ ਉਤੇ ਤਾਕਤ ਪੈਦਾ ਕਰੇ। ਭਵਿਖ ਦਾ ਵੱਡਾ ਆਦਮੀ ਵੱਡਾ ਹੋਣੋ ਇਨਕਾਰ ਕਰੇਗਾ, ਉਹ ਆਪਣੇ ਆਪ ਨੂੰ ਮਨੁੱਖ ਦੀ ਸਮੁੱਚੀ ਜ਼ਿੰਦਗੀ ਵਿਚ ਗੁਆ ਦੇਵੇਗਾ। ਸਭ ਤੋਂ ਚੰਗਾ ਜੋ ਕੁਝ ਕੋਈ ਆਦਮੀ ਕਿਸੇ ਕੌਮ ਜਾਂ ਕਿਸੇ ਵਿਅੱਕਤੀ ਲਈ ਕਰ ਸਕਦਾ ਹੈ, ਉਹ ਓਸ ਕੌਮ ਜਾਂ ਵਿਅੱਕਤੀ ਨੂੰ ਆਜ਼ਾਦ ਕਰ ਦੇਣਾ ਹੈ।"

ਜਿਹੜੀ ਕੌਮ ਪਰਾਧੀਨ ਹੈ, ਉਹਦਾ ਸਭ ਕੁਝ ਉਸ ਵੇਲੇ ਗ਼ਲਤ ਹੈ। ਉਸ ਕੌਮ ਉਤੇ ਸਭ ਤੋਂ ਵੱਡੀ ਮਿਹਰਬਾਨੀ ਉਸ ਨੂੰ ਸੁਤੰਤ੍ਰ ਕਰ ਦੇਣਾ ਹੈ। ਕਿਸੇ ਕੌਮ ਦਾ ਸਭ ਤੋਂ ਪਹਿਲਾ ਫ਼ਿਕਰ ਪਰਾਧੀਨਤਾ ਤੋਂ ਖ਼ਲਾਸੀ ਪਾਣਾ ਹੋਣਾ ਚਾਹੀਦਾ ਹੈ। ਸਭ ਸੁਧਾਰ ਬੇ-ਅਰਥ ਹਨ। ਕੌਮ ਦੇ ਗ਼ੁਲਾਮ ਰਹਿੰਦਿਆਂ, ਕਿਸੇ ਫ਼ਿਰਕੇ ਜਾਂ ਵਿਅੱਕਤੀ ਦੇ ਉਚੇਚੇ ਹੱਕ ਬਰਕਤ ਨਹੀਂ, ਜ਼ਹਿਮਤ ਹਨ। ਮਜ਼੍ਹਬ, ਅਖ਼ਲਾਕ, ਸਚਾਈ, ਸਿਰਫ਼ ਸਵਾਧੀਨਤਾ ਦੇ ਗਜ਼ ਨਾਲ ਹੀ ਨਾਪੀਆਂ ਜਾਣ ਵਾਲੀਆਂ ਸਿਫ਼ਤਾਂ ਹਨ। ਗ਼ੁਲਾਮ ਕੌਮ ਦੀਆਂ ਟਾਵੀਆਂ ਟਾਵੀਆਂ ਵਿਅੱਕਤੀਆਂ ਵਿਚ ਤਾਂ ਇਹ ਸਿਫ਼ਤਾਂ ਹੋ ਸਕਦੀਆਂ ਹਨ, ਪਰ ਗ਼ੁਲਾਮ ਕੌਮ ਕੌਮੀ ਤੌਰ ਉਤੇ ਇਨ੍ਹਾਂ ਤੋਂ ਖ਼ਾਲੀ ਰਹਿੰਦੀ ਹੈ।

ਪਰ ਇਸ ਬਾਰੇ ਚੰਗੀ ਗੱਲ ਇਹ ਹੈ, ਕਿ ਜਿੰਨਾ ਚਿਰ ਕੋਈ ਪਰਾਧੀਨ ਰਹਿਣ ਲਈ ਰਾਜ਼ੀ ਨਾ ਹੋ ਜਾਏ, ਉਨਾ ਚਿਰ ਕੋਈ ਉਸ ਨੂੰ ਪਰਾਧੀਨ ਨਹੀਂ ਰਖ ਸਕਦਾ। ਪਰਾਧੀਨਤਾ ਤੋਂ ਖ਼ਲਾਸੀ ਪਾਣ ਦੀ ਇੱਕੋ ਇਕ ਜਾਚ, ਪਰਾਧੀਨ ਰਹਿਣ ਤੋਂ ਇਨਕਾਰ ਕਰਨਾ ਹੈ। ਸਰੀਰ ਨੂੰ ਕੈਦ ਕੀਤਿਆਂ, ਕੋਈ ਕਿਸੇ ਨੂੰ ਪਰਾਧੀਨ ਨਹੀਂ ਬਣਾ ਸਕਦਾ। ਪਰਾਧੀਨਤਾ, ਇੱਛਾ ਦੀ ਕੈਦ ਬਿਨਾਂ ਮੁਕੰਮਲ ਨਹੀਂ ਹੁੰਦੀ।

ਜਿਥੇ ਲੋਕ ਹਾਕਮਾਂ ਦੇ ਸ੍ਵੈਸੇਵਕ ਬਣ ਸਕਦੇ ਹਨ, ਉਹਨਾਂ ਦੇ ਦਿੱਤੇ ਖ਼ਿਤਾਬਾਂ ਦਾ ਫ਼ਖ਼ਰ ਕਰ ਸਕਦੇ ਹਨ, ਉਹਨਾਂ ਦੀ ਬੋਲੀ ਨੂੰ ਆਪਣੀ ਬੋਲੀ ਨਾਲੋਂ ਉਚੇਰਾ ਦਰਜਾ ਦੇ ਸਕਦੇ ਹਨ, ਉਹਨਾਂ ਨੂੰ ਭੇਤ ਦੇਣ ਲਈ ਆਪਣੇ ਭਰਾਵਾਂ ਵਿਰੁਧ ਖ਼ੁਫ਼ੀਏ ਬਣ ਸਕਦੇ ਹਨ, ਆਪਣੀ ਵਿਰਾਸਤ ਦੀਆਂ ਵੰਡੀਆਂ ਉਹਨਾਂ ਕੋਲੋਂ ਪ੍ਰਵਾਨਾ ਮੰਗਦੇ ਹਨ, ਓਥੇ ਉਹਨਾਂ ਆਪਣੀ ਇੱਛਾ ਆਪਣੀ ਮਰਜ਼ੀ ਨਾਲ ਕੈਦ ਕਰਾ ਲਈ ਹੁੰਦੀ ਹੈ। ਕਿਸੇ ਕੌਮ ਦੀ ਇਹ ਅਵਸਥਾ ਉਹਦੀ ਡੂੰਘੀ ਅਖ਼ਲਾਕੀ ਗਿਰਾਵਟ ਦਾ ਸਬੂਤ ਹੁੰਦੀ ਹੈ।

ਇਸ ਅਵਸਥਾ ਵਿਚ ਉਸ ਕੌਮ ਨੂੰ ਕਿਸੇ ਮਜ਼੍ਹਬ, ਅਖ਼ਲਾਕ, ਸੱਭਿਅਤਾ ਜਾਂ ਆਸਤਕਤਾ ਦਾ ਦਾਅਵਾ ਕਰਨ ਦਾ ਹੱਕ ਨਹੀਂ ਰਹਿ ਜਾਂਦਾ। ਇਹ ਡਰ, ਚੋਰੀ, ਖ਼ੁਦਗਰਜ਼ੀ, ਤੇ ਗੁਨਾਹ ਦੇ ਅਹਿਸਾਸ ਦੀ ਅਵਸਥਾ ਹੈ — ਇਹ ਪੂਰਨ ਨਾਸਤਕਤਾ ਹੈ । ਕੋਈ ਆਸਤਕ ਇਸ ਤਰ੍ਹਾਂ ਜ਼ਲੀਲ ਹੋਣਾ ਪ੍ਰਵਾਨ ਨਹੀਂ ਕਰ ਸਕਦਾ। ਆਸਤਕ ਹਮੇਸ਼ਾਂ ਆਪਣੇ ਅਸਲੇ ਨਾਲ ਜੁੜਿਆ, ਚੜ੍ਹਦੀ ਕਲਾ ਵਿਚ ਰਹਿੰਦਿਆਂ ਹੀ ਜ਼ਿੰਦਗੀ ਪ੍ਰਵਾਨ ਕਰ ਸਕਦਾ ਹੈ। ਆਸਤਕ ਨਾ ਪਰਾਧੀਨ ਰਹਿ ਸਕਦਾ ਹੈ, ਨਾ ਕਿਸੇ ਨੂੰ ਪਰਾਧੀਨ ਰਖਦਾ ਹੈ।

ਇਸਤ੍ਰੀਆਂ, ਬੱਚਿਆਂ, ਨੌਕਰਾਂ, ਸਹਾਇਕਾਂ, ਯਤੀਮਾਂ, ਵਿਧਵਾਵਾਂ — ਕਿਸੇ ਨੂੰ ਪਰਾਧੀਨ ਰਖਣਾ ਜ਼ਿੰਦਗੀ ਦੀ ਸਮਰਥਾ ਘਟਾਣਾ ਹੈ। ਦੋ ਸਵਾਧੀਨ ਮਨੁੱਖ ਇੱਕ ਦੂਜੇ ਦੀ ਤਾਕਤ ਨੂੰ ਵਧਾ ਕੇ ਯਾਰਾਂ ਗੁਣਾ ਕਰ ਸਕਦੇ ਹਨ, ਪਰ ਜੇ ਇਹਨਾਂ 'ਚੋਂ ਇੱਕ ਨੂੰ ਦੂਜੇ ਦੇ ਅਧੀਨ ਰਖਣਾ ਪਵੇ ਤਾਂ ਇੱਕ ਦੀ ਤਾਕਤ ਦੂਜੇ ਦੀ ਤਾਕਤ ਵਿਚੋਂ ਮਨਫ਼ੀ ਕਰਨੀ ਪੈਂਦੀ ਹੈ, ਤੇ ਕਈ ਵਾਰੀ ਨਤੀਜਾ ਸਿਫ਼ਰ ਨਿਕਲ ਆਉਂਦਾ ਹੈ।

ਜਿਹੜੇ ਲੋਕ ਪਰਾਧੀਨ ਹਨ, ਉਹਨਾਂ ਦੇ ਸਾਹਮਣੇ ਸਭ ਤੋਂ ਪਹਿਲਾਂ ਕਰਨ ਵਾਲਾ ਕੰਮ ਇਸ ਜੂਲ੍ਹੇ ਨੂੰ ਲਾਹ ਕੇ ਸੁੱਟਣਾ ਹੈ। ਹੱਥ-ਪੈਰ ਬੱਧੇ-ਹੋਏ ਆਦਮੀ ਦੇ ਸਾਹਮਣੇ ਭਾਵੇਂ ਕਿੰਨੇ ਹੀ ਕੰਮ ਕਰਨ ਵਾਲੇ ਹੋਣ, ਉਹ ਸਭ ਤੋਂ ਪਹਿਲਾਂ ਹੱਥਾਂ ਪੈਰਾਂ ਨੂੰ ਖੋਲ੍ਹਣ ਦਾ ਫ਼ਿਕਰ ਕਰਦਾ ਹੈ।

ਆਜ਼ਾਦੀ ਦਾ ਰਾਹ ਕਿਸੇ ਸ਼ਰਤ ਨਾਲ ਵੀ ਰੋਕਿਆ ਨਾ ਜਾਏ। ਹਿੰਦੂ ਮੁਸਲਮਾਨਾਂ ਨਾਲ ਕੀ ਸਲੂਕ ਕਰਨਗੇ ਜਾਂ ਮੁਸਲਮਾਨ ਸਿਖਾਂ ਨਾਲ ਕੀਕਰ ਵਰਤਣਗੇ ? ਇਹ ਗੱਲਾਂ ਪਹਿਲੋਂ ਨਿਰਣਾ ਕਰਨ ਵਾਲੀਆਂ ਨਹੀਂ। ਜਿਹੜਾ ਕੋਈ ਆਪਣੇ ਖਾਧੇ ਲੂਣ ਜਿੰਨੀ ਕੀਮਤ ਵੀ ਰਖਦਾ ਹੈ, ਉਹ ਕਿਸੇ ਖ਼ਿਆਲ ਨਾਲ ਵੀ ਗ਼ੁਲਾਮੀ ਦੀ ਘੜੀ ਲੰਮੀ ਨਹੀਂ ਕਰੇਗਾ। ਗ਼ੁਲਾਮੀ ਅੰਮ੍ਰਿਤ ਨੂੰ ਵਿਸ ਬਣਾਂਦੀ ਹੈ। ਗ਼ੁਲਾਮ ਲੋਕ ਆਪਣੀ ਹੀ ਪੁਲੀਸ, ਆਪਣੀ ਹੀ ਫ਼ੌਜ, ਆਪਣੇ ਹੀ ਅਮਲੇ ਨਾਲ ਆਪਣੀ ਗ਼ੁਲਾਮੀ ਸਾਂਭ ਕੇ ਰਖਦੇ ਹਨ। ਜਦੋਂ ਇਨ੍ਹਾਂ ਨੂੰ ਗ਼ੁਲਾਮੀ ਤੋਂ ਨਫ਼ਰਤ ਹੋ ਜਾਏ, ਓਦੋਂ ਇੱਕ ਦਿਨ ਲਈ ਵੀ ਇਨ੍ਹਾਂ ਨੂੰ ਕੋਈ ਗ਼ੁਲਾਮ ਨਹੀਂ ਰਖ ਸਕਦਾ।

ਸਨਅੱਤ, ਦਸਤਕਾਰੀ, ਵਿਦਿਆ, ਸਮਾਜ-ਸੁਧਾਰ, ਸਭ ਕੰਮ ਪੰਜਾਂ ਸਾਲਾਂ ਵਿਚ ਨੇਪਰੇ ਚੜ੍ਹ ਸਕਦੇ ਹਨ ਜੇ ਇਹਨਾਂ ਉਤੇ ਪਰਾਧੀਨਤਾ ਦਾ

ਜੰਮਿਆ ਕੱਕਰ ਹੱਥਾਂ ਨਾਲ ਖੁਰਚ ਕੇ, ਪੈਰਾਂ ਨਾਲ ਹੂੰਝ ਕੇ, ਫੌਹੜਿਆਂ ਨਾਲ ਘਸੀਟ ਕੇ, ਕਹੀਆਂ ਨਾਲ ਛਿੱਲ ਕੇ — ਜੀਕਰ ਵੀ ਹੋ ਸਕੇ, ਦੂਰ ਕੀਤਾ ਜਾਏ। ਆਪਣੇ ਹੱਕਾਂ ਦੀਆਂ ਪੱਗਾਂ ਤੇ ਚੁੰਨੀਆਂ ਵਿਚ ਵੀ ਭਰ ਭਰ ਕੇ ਇਹ ਕੱਕਰ ਪਰ੍ਹਾਂ ਸੁੱਟਣਾ ਪਵੇ ਤਾਂ ਸੰਕੋਚ ਨਾ ਹੋਵੇ। ਪਾਟ ਜਾਣ ਸਾਡੇ ਹੱਕਾਂ ਦੀਆਂ ਪੱਗਾਂ ਤੇ ਚੁੰਨੀਆਂ -- ਕੋਈ ਪਰਵਾਹ ਨਹੀਂ, ਇਸ ਕੱਕਰ ਦੇ ਹੇਠਾਂ ਸਨਅਤ ਦੇ ਭੰਡਾਰ ਦੱਬੇ ਪਏ ਹਨ, ਜਿਹੜੇ ਸੁਤੰਤ੍ਰ ਹੋ ਕੇ ਸਾਨੂੰ ਸਾਰਿਆਂ ਨੂੰ ਮਾਲਾ-ਮਾਲ ਕਰ ਦੇਣਗੇ, ਹਿੱਸਿਆਂ ਦੀਆਂ ਛੋਟੀਆਂ ਵੱਡੀਆਂ ਢੇਰੀਆਂ ਦਾ ਫ਼ਿਕਰ ਬੇ-ਲੋੜਾ ਹੈ — ਕਿਉਂਕਿ ਸਭ ਦੀਆਂ ਲੋੜਾਂ ਨਾਲੋਂ ਵਡੇਰਾ ਭੰਡਾਰ ਸਾਡੇ ਹੱਥ ਆਉਣਾ ਹੈ।

"ਸਵਾਧੀਨਤਾ ਜਾਂ ਮੌਤ" — ਇਹ ਜ਼ਿੰਦਗੀ ਦਾ ਨਿਹਾਇਤ ਅਕਲ-ਮੰਦ ਫ਼ੈਸਲਾ ਹੈ।

## 3. ਲਿੰਗ-ਗੁਨਾਹਗਾਰੀ

ਪਹਿਲੇ ਦੋ ਪਰਛਾਵਿਆਂ ਹੇਠਾਂ ਪੀਲੀ ਪਈ ਮਨੁੱਖ-ਆਤਮਾ ਆਪਣੇ ਆਪ ਕੋਲੋਂ ਸਹਿਮੀ ਇਕੱਠੀ ਹੁੰਦੀ ਜਾ ਰਹੀ ਹੈ। ਜੀਕਰ ਹਨੇਰੇ ਵਿਚ ਸਹਾਇਕ ਤੋਂ ਵੀ ਦੁਸ਼ਮਣ ਦਾ ਭੁਲੇਖਾ ਪੈਂਦਾ ਹੈ, ਤੇ ਕਦਮ ਕਦਮ ਉੱਤੇ ਡਰਾਉਣੇ ਕਿਆਸ ਉੱਠਦੇ ਹਨ; ਓਕਰ ਪਰਾਧੀਨ ਲੋਕਾ ਨੇ ਆਪਣੇ ਅੰਦਰੋਂ ਹੀ ਲਿੰਗ-ਗੁਨਾਹਗਾਰੀ ਦਾ ਹਊਆ ਕੱਢ ਲਿਆ ਹੈ, ਤੇ ਇਹਦੇ ਕੋਲੋਂ ਡਰ ਡਰ ਕੇ ਨਿਢਾਲ ਹੋ ਰਹੇ ਹਨ।

ਲਿੰਗ-ਅਹਿਸਾਸ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰੇਰਨਾ ਹੈ, ਪਰ ਇਸ ਨੂੰ ਗੁਨਾਹ ਦੇ ਸਾਏ ਹੇਠਾਂ ਰਖ ਕੇ ਮਨੁੱਖ ਨੇ ਠਾਰੀ ਰਖਿਆ, ਜਿਸ ਕਰਕੇ ਇਹ ਆਕਾਸ਼ਾਂ ਵਿਚ ਪਰਵਾਜ਼ ਕਰਨ ਦੀ ਥਾਂ ਧੂੜਾਂ ਵਿਚ ਜੰਮੀ ਹੀ ਰੁਲਦੀ ਰਹੀ।

ਜ਼ਿੰਦਗੀ ਵਿਚ ਸਿਰਫ਼ ਦੋ ਹੀ ਕੰਮ ਗੁਨਾਹ ਹਨ। ਇੱਕ — ਝੂਠ, ਦੂਜਾ — ਬੇ-ਇਨਸਾਫ਼ੀ। ਬੇ-ਇਨਸਾਫ਼ੀ ਤੋਂ ਭਾਵ ਇਹ ਹੈ, ਕਿ ਜੋ ਅਸੀਂ ਆਪਣੇ ਉਤੇ ਹੋਇਆ ਪਸੰਦ ਨਾ ਕਰੀਏ, ਉਹ ਦੂਜਿਆਂ ਨਾਲ ਕਰੀਏ ਜਾਂ ਹੁੰਦਾ ਰਵਾਂ ਰਖੀਏ। ਲੋਕਾਂ ਵਿਚ ਇੱਕ ਗ਼ਲਤ ਖ਼ਿਆਲ ਪ੍ਰਚਲਤ ਹੈ, ਕਿ ਜੇ ਲਿੰਗ ਗੁਨਾਹ ਨਾਲ ਸੰਬੰਧਤ ਨਾ ਰਖਿਆ ਗਿਆ, ਤਾਂ ਬਹੁਤ ਲੋਕ ਵਿਸ਼ੱਈ

ਹੋ ਜਾਣ। ਪਰ ਵਿਸ਼ੈ ਵਲ ਉਹੀ ਲੋਕ ਰੁਚਿਤ ਹੁੰਦੇ ਹਨ, ਜਿਨ੍ਹਾਂ ਵਿਚ ਸ਼ਖ਼ਸੀਅਤ ਦੀ ਰੁਚੀ ਪੈਦਾ ਨਹੀਂ ਹੋਈ ਹੁੰਦੀ। ਸ਼ਖ਼ਸੀਅਤ ਦਾ ਵੱਡਾ ਭਾਗ ਸਚਾਈ, ਤੇ ਛੋਟਾ ਭਾਗ ਇਨਸਾਫ਼ ਹੈ। ਇਹਨਾਂ ਦੋ ਕਦਰਾਂ ਦੇ ਅਸਰ ਹੇਠਾਂ ਉਹ ਠਰੰਮਾ ਪੈਦਾ ਹੁੰਦਾ ਹੈ, ਜਿਹੜਾ ਕਿਸੇ ਡਰ, ਉਪਦੇਸ਼, ਮਨਾਹੀ ਨਾਲ ਨਹੀਂ ਹੁੰਦਾ।

ਝੂਠੇ ਤੇ ਬੇ-ਇਨਸਾਫ਼ੀ ਨੂੰ ਆਦਰ ਦੇ ਦਾਇਰੇ 'ਚੋਂ ਖ਼ਾਰਜ ਕੀਤਾ ਜਾਏ, ਫੇਰ ਕੋਈ ਆਦਮੀ ਕਿਸੇ ਦੀ ਧੀ, ਭੈਣ, ਇਸਤ੍ਰੀ ਨਾਲ ਅਯੋਗ ਰਿਸ਼ਤਾ ਪੈਦਾ ਨਹੀਂ ਕਰ ਸਕੇਗਾ। ਝੂਠ ਗੁਨਾਹ ਹੈ, ਲਿੰਗ ਗੁਨਾਹ ਨਹੀਂ। ਖਾਣਾ, ਪਹਿਨਣਾ, ਸੁੰਘਣਾ, ਵੇਖਣਾ ਗੁਨਾਹ ਨਹੀਂ, ਚੋਰੀ ਇਹਨਾਂ ਨੂੰ ਗੁਨਾਹ ਬਣਾਂਦੀ ਹੈ। ਖਾਣ, ਪੀਣ, ਪਹਿਨਣ ਨਾਲ ਕਿਸੇ ਸੰਗ ਸ਼ਰਮ ਦਾ ਵਾਸਤਾ ਨਹੀਂ, ਲਿੰਗ ਨੂੰ ਵੀ ਕਿਉਂ ਕੁਦਰਤੀ ਅਮਲਾਂ ਜਿੰਨੀ ਕਦਰ ਨਾ ਦਿੱਤੀ ਜਾਏ ?

ਗੁਨਾਹ ਦੇ ਅਹਿਸਾਸ ਨੇ ਲਿੰਗ ਨੂੰ ਪਰਦਿਆਂ ਪਿੱਛੇ ਲੁਕਾ ਕੇ ਇਸ ਵਿਚ ਖ਼ਤਰਨਾਕ ਦਿਲਚਸਪੀ ਪੈਦਾ ਕਰ ਦਿੱਤੀ ਹੈ, ਤੇ ਛੋਟੇ ਵੱਡੇ ਸਭ ਇਹਦੇ ਬਾਰੇ ਰੋਗੀ ਜਿਹੀਆਂ ਭਾਵਨਾਵਾਂ ਰਖਣ ਲੱਗ ਪਏ ਹਨ।

ਮੇਰੀ ਸਿਫ਼ਾਰਸ਼ ਹੈ ਕਿ ਲਿੰਗ ਤੋਂ ਸਭ ਤਾੜਨਾਵਾਂ ਹਟਾ ਲਈਆਂ ਜਾਣ, ਤੇ ਇਹ ਸਾਰੀਆਂ ਤਾੜਨਾਵਾਂ ਸ਼ਖ਼ਸੀਅਤ ਉਤੇ ਜੋੜ ਦਿੱਤੀਆਂ ਜਾਣ। ਝੂਠ ਤੇ ਬੇ-ਇਨਸਾਫ਼ੀ ਨੂੰ ਕੋਈ ਪ੍ਰਵਾਨਗੀ ਨਾ ਦਿੱਤੀ ਜਾਏ। ਕੋਈ ਰਿਸ਼ਵਤ ਲੈਣ ਵਾਲਾ, ਖੋਟੇ ਵਪਾਰ ਵਾਲਾ, ਧਿੰਗੋਜ਼ੋਰੀ ਕਰਨ ਵਾਲਾ, ਆਪਣੀ ਇਸਤ੍ਰੀ ਦੇ ਹੱਕ ਖੋਹਣ ਵਾਲਾ, ਵਫ਼ਾਵਾਂ ਚੁਰਾਣ ਵਾਲਾ ਆਦਮੀ ਜਾਂ ਇਸਤ੍ਰੀ ਭਾਈਚਾਰੇ ਵਿਚ ਪ੍ਰਵਾਨ ਨਾ ਹੋ ਸਕੇ, ਉਹਨੂੰ ਕੋਈ ਸਮਾਜਕ ਪਦਵੀ ਨਾ ਦਿੱਤੀ ਜਾਏ। ਇਸ ਤਾੜਨਾ ਦੇ ਅਧੀਨ ਹੋਰ ਕਿਸੇ ਨੂੰ ਮਿਲਣ ਗਿਲਣ, ਪਿਆਰ ਦੇਣ ਲੈਣ, ਸਿਫ਼ਤ ਸੁਣਨ ਸੁਣਾਨ, ਉਡੀਕਣ ਤੇ ਉਡੀਕ ਕਰਾਣ ਦੀ ਖੁੱਲ੍ਹ ਹੋਵੇ। ਮੈਂ ਬੜਾ ਖ਼ੁਸ਼ ਹੋਵਾਂ ਜੇ ਕੋਈ ਇਹਨਾਂ ਕੀਮਤਾਂ ਦਾ ਅਨੁਸਾਰੀ ਦੋਸਤ ਮੇਰੀ ਪਤਨੀ ਦਾ ਸਨੇਹ ਜਿੱਤ ਸਕੇ, ਤੇ ਮੇਰੀ ਪਤਨੀ ਉਹਨੂੰ ਆਪਣੇ ਘਰ ਆਇਆਂ ਵੇਖ ਕੇ ਖ਼ੁਸ਼ ਹੋਵੇ ਤੇ ਉਹਦੇ ਆਇਆਂ ਸਾਡੇ ਘਰ ਵਿਚ ਚਾਅ ਹੋਵੇ, ਤੇ ਜੇ ਮੈਂ ਆਪਣੀ ਪਤਨੀ ਦੀਆਂ ਅੱਖਾਂ ਵਿਚ ਖ਼ਾਸ ਚਾਅ ਵੀ ਵੇਖਾਂ ਤਾਂ ਮੈਂ ਖ਼ੁਸ਼ ਹੋਵਾਂ, ਕਿਉਂਕਿ ਮੈਨੂੰ ਚਾਅ ਭਰੇ ਨੈਣ ਬੜਾ ਖ਼ੁਸ਼ ਕਰਦੇ ਹਨ।

ਅਖ਼ਲਾਕ ਤੇ ਸਭਿਆਚਾਰ ਖ਼ੂਬਸੂਰਤੀ ਦੀ ਮੰਗ ਕਰਦੇ ਹਨ। ਝੂਠ

ਤੇ ਬੇ-ਵਫ਼ਾਈ ਤੇ ਲਿੰਗ-ਸ਼ੇਖ਼ੀ ਵੱਡੇ ਕੋੜ ਹਨ। ਇਹਨਾਂ ਦਾ ਸਭਿਆਚਾਰ ਵਿਚ ਕੋਈ ਥਾਂ ਨਹੀਂ । ਸਭਿਆਚਾਰ ਉਪਦੇਸ਼ਾਂ ਤੇ ਪ੍ਰਤਿਗਿਆਵਾਂ ਨਾਲ ਨਹੀਂ ਬਣਦਾ, ਇਹ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਨੂੰ ਸੁਖਾਵਾਂ ਬਣਾਨ ਦੇ ਅਭਿਆਸ ਦਾ ਸਿੱਟਾ ਹੁੰਦਾ ਹੈ। ਇਹਦੇ ਅਭਿਆਸ ਲਈ ਜਿੰਨੀ ਚੌੜੀ ਸਾਡੀ ਦੁਨੀਆ ਹੋਵੇਗੀ, ਓਡਾ ਹੀ ਇਹ ਉੱਚਾ ਤੇ ਯਕੀਨੀ ਹੋਵੇਗਾ।

ਇਸਤ੍ਰੀ ਤੇ ਮਰਦ ਦੇ ਮੇਲ-ਮਿਲਾਪ ਉਤੇ ਸੱਚਾਈ ਤੇ ਇਨਸਾਫ਼ ਤੋਂ ਸਿਵਾ ਹੋਰ ਕੋਈ ਪਾਬੰਦੀ ਨਾ ਲਾਈ ਜਾਏ। ਏਸ ਰਿਸ਼ਤੇ ਨੂੰ ਸੁਖਾਵਾਂ ਤੇ ਸਹਾਇਕ ਬਣਾਨ ਲਈ ਮਨੋਵਿਗਿਆਨਕ ਖੋਜਾਂ ਕੀਤੀਆਂ ਜਾਣ।

ਬ੍ਰਹਮਚਰਯ ਦਾ ਉਦੇਸ਼, ਸੁਚੱਜੀ ਤਰ੍ਹਾਂ ਬਾਜ਼ੀ ਖੇਡਣ ਦੀ ਬਜਾਏ, ਖੇਡਣ ਤੋਂ ਹੀ ਇਨਕਾਰ ਕਰਨਾ ਹੈ। ਚੋਰੀ ਕਰ ਕੇ ਖਾਣ ਨਾਲੋਂ ਮਰ ਜਾਣਾ ਭਾਵੇਂ ਉੱਚਾ ਹੋਵੇ, ਪਰ ਹੁੰਦਿਆਂ ਸੁੰਦਿਆਂ ਨਾ ਖਾਣਾ ਖ਼ੁਦਕੁਸ਼ੀ ਹੈ। ਜੀਕਰ ਨਾ ਖਾਣ ਵਿਚ ਕੋਈ ਮਹਾਤਮ ਨਹੀਂ, ਉਕਰ ਬ੍ਰਹਮਚਰਜ ਵਿਚ ਵੀ ਕੋਈ ਮਹਾਤਮ ਨਹੀਂ । ਇਹ ਖ਼ਿਆਲ ਬਿਲਕੁਲ ਬੇ-ਬੁਨਿਆਦ ਹੈ ਕਿ ਬ੍ਰਹਮਚਰਜ ਆਤਮਾ ਜਾਂ ਸਰੀਰ ਨੂੰ ਮਜ਼ਬੂਤ ਰਖਦਾ ਹੈ । ਜਾਇਜ਼ ਤੌਰ ਉਤੇ ਲਿੰਗ-ਰੁਚੀਆਂ ਨੂੰ ਸੰਤੁਸ਼ਟ ਰਖ ਕੇ, ਚੰਗੀ ਸਿਆਣੀ ਖ਼ੁਰਾਕ ਖਾਣ ਵਾਲੇ ਇਸਤ੍ਰੀ ਮਰਦ ਬੜੀ ਦੇਰ ਤਕ ਮਜ਼ਬੂਤ ਜੀਉਂ ਸਕਦੇ ਹਨ, ਤੇ ਉਹਨਾਂ ਦੇ ਮਨਾਂ ਵਿਚ ਗੁੰਝਲਾਂ ਪੈਣ ਦਾ ਡਰ ਵੀ ਬੜਾ ਘਟ ਹੋਵੇਗਾ। ਬਹੁਤੇ ਬ੍ਰਹਮਚਾਰੀਆਂ ਤੇ ਸਦਾ-ਕੰਵਾਰੀਆਂ ਦੇ ਮਨ ਰੋਗੀ ਹੁੰਦੇ ਹਨ, ਜਿਸ ਕਰਕੇ ਉਹਨਾਂ ਦੇ ਸਰੀਰਾਂ ਵਿਚ ਵੀ ਰੋਗ ਵੜੀ ਜਾਂਦਾ ਹੈ। ਕੋਈ ਵਿਰਲਾ ਬ੍ਰਹਮਚਾਰੀ, ਜਿਹੜਾ ਕਿਸੇ ਉਸਾਰੂ ਕੰਮ ਵਿਚ ਲਿਵਲੀਨ ਹੋ ਸਕਿਆ ਹੋਵੇ, ਸਰੀਰਕ ਤੇ ਮਾਨਸਿਕ ਸਿਹਤ ਕਾਇਮ ਰਖ ਸਕਦਾ ਹੈ।

ਬਹੁਤੇ ਰੋਗ ਤੇ ਬਹੁਤੀ ਨਿਸਫਲਤਾ ਲਿੰਗ-ਅੱਧ-ਫੁੱਲਤਾ ਦਾ ਨਤੀਜਾ ਹੀ ਹੁੰਦੇ ਹਨ। ਲਿੰਗ-ਦੋਸ਼ ਨਾਲ ਨਾਰਾਜ਼ ਹੋਣਾ ਬੀਮਾਰੀ ਦੀਆਂ ਨਿਸ਼ਾਨੀਆਂ ਨਾਲ ਨਾਰਾਜ਼ ਹੋਣਾ ਹੈ। ਜਿਥੇ ਕੋਈ ਆਦਮੀ, ਇਸਤ੍ਰੀ ਜਾਂ ਬੱਚਾ ਬਹੁਤਾ ਲਿੰਗ-ਰੁਚਿਤ ਨਜ਼ਰ ਆਵੇ, ਉਥੇ ਭਾਲ ਕਰੋ, ਕੋਈ ਡੂੰਘੀ ਅਸੰਤੁਸ਼ਟਤਾ ਹੋਵੇਗੀ। ਖ਼ਾਲੀ, ਨਾ-ਖ਼ੁਸ਼ ਤੇ ਅਣ-ਰੁਝਿਆ ਮਨ ਲਿੰਗ-ਉਕਸਾਹਟ ਨਾਲ ਜੀਅ ਦੇ ਡੋਬ ਘਟਾਣਾ ਚਾਹੁੰਦਾ ਹੈ । ਭੈਣਾਂ ਭਰਾਵਾਂ, ਮਿੱਤਰਾਂ-ਸਹੇਲੀਆਂ, ਚਾਚਿਆਂ-ਚਾਚੀਆਂ, ਭਾਬੀਆਂ-ਦਿਓਰਾਂ, ਗੁਆਂਢੀਆਂ ਦਾ ਖੁੱਲ੍ਹਾ ਮੇਲ-

ਜੋਲ ਹੀ, ਅਖ਼ਲਾਕੀ ਖ਼ੂਬਸੂਰਤੀ ਦੀ ਜ਼ਿੰਮੇਵਾਰੀ ਹੇਠਾਂ, ਜ਼ਿੰਦਗੀ ਨੂੰ ਨਿਰਮਲ ਤੇ ਅਰੋਗ ਰਖ ਸਕਦਾ ਹੈ। ਬੜੇ ਸੂਖਮ ਤੇ ਸੁਹਣੇ ਲਿੰਗ-ਮਜ਼ਾਕ ਜ਼ਿੰਦਗੀ ਦੇ ਪਰਵਾਹ ਵਿਚ ਰਵਾਨੀ ਰਖਣ ਲਈ ਮਦਦਗਾਰ ਹੁੰਦੇ ਹਨ। ਮੁਸਕਰਾਹਟ ਤੇ ਅੱਖਾਂ ਦੀ ਭਿੰਨੀ ਜਿਹੀ ਤੱਕਣੀ — ਭਾਵੇਂ ਭੈਣ ਦੀ ਹੋਵੇ, ਭਾਵੇਂ ਮਾਂ ਦੀ. ਭਾਵੇਂ ਭਾਬੀ ਦੀ ਜਾਂ ਮਿੱਤਰ ਦੀ, ਕਈ ਵਾਰੀ ਸਾਡੇ ਦਿਲਾਂ ਦੀ ਸਾਰੀ ਮੈਲ ਸਾਫ਼ ਕਰ ਦੇਂਦੀਆਂ ਹਨ, ਤੇ ਉਦਾਸੀ ਦੀਆਂ ਘਟਾਵਾਂ ਦੂਰ ਕਰ ਕੇ ਕੰਮਾਂ ਲਈ ਸਾਡਾ ਉਤਸ਼ਾਹ ਵਧਾ ਦੇਂਦੀਆਂ ਹਨ।

ਖ਼ੁਸ਼ੀ ਤੇ ਖ਼ੂਬਸੂਰਤੀ ਤੋਂ ਸ਼ਰਮਾਣਾ ਬੇ-ਹੌਸਲਗੀ ਹੈ। ਖ਼ੁਸ਼ੀ ਤੇ ਖ਼ੂਬ-ਸੂਰਤੀ ਪਵਿੱਤਰਤਾ ਦੀਆਂ ਵੱਡੀਆਂ ਜੁਜ਼ਾਂ ਹਨ। ਜੀਕਰ ਖਾਰਾ ਪਾਣੀ, ਪਾਣੀ ਰੂਪ ਦਿਸਦਾ ਵੀ, ਪੀਣ ਦੇ ਕਾਬਿਲ ਨਹੀਂ, ਓਕਰ ਅਪਵਿੱਤਰ ਖ਼ੁਸ਼ੀ ਤੇ ਅਪਵਿੱਤਰ ਖ਼ੂਬਸੂਰਤੀ, ਰੂਪ ਦੇ ਬਾਵਜੂਦ ਵੀ ਸੰਤੁਸ਼ਟ ਨਹੀਂ ਕਰਦੀਆਂ।

ਸਾਰਾ ਜ਼ੋਰ ਖ਼ੁਸ਼ੀ ਤੇ ਖ਼ੂਬਸੂਰਤੀ ਤੋਂ ਬੇ-ਵਾਸਤਾ ਹੋਣ ਉਤੇ ਨਹੀਂ ਹੋਣਾ ਚਾਹੀਦਾ, ਸਿਰਫ਼ ਇਹਨਾਂ ਨੂੰ ਪਵਿੱਤਰ ਰਖਣ ਉਤੇ ਹੋਣਾ ਚਾਹੀਦਾ ਹੈ। ਸਿਆਣਿਆਂ ਨੂੰ, ਖੋਜ ਖੋਜ ਕੇ ਖ਼ੁਸ਼ੀ ਤੇ ਖ਼ੂਬਸੂਰਤੀ ਦੇ ਦੁਆਲਿਓਂ ਬੇ-ਲੋੜੀਆਂ ਵਲਗਣਾਂ ਦੂਰ ਕਰਨੀਆਂ ਚਾਹੀਦੀਆ ਹਨ, ਤਾਂ ਕਿ ਜ਼ਿੰਦਗੀ ਉਤਸ਼ਾਹ ਭਰਪੂਰ ਰਖ ਕੇ ਉਸਾਰੂ ਕੰਮਾਂ ਵਿਚ ਲਾਈ ਜਾ ਸਕੇ। ਸਭ ਤੋਂ ਵੱਡਾ ਉਪਕਾਰ ਮਨੁੱਖਤਾ ਉਤੇ ਇਹੀ ਹੋਵੇਗਾ, ਕਿ ਖ਼ੁਸ਼ੀ ਨੂੰ ਆਸਾਨ ਬਣਾਇਆ ਤੇ ਸ਼ਰਮ ਦੇ ਬੋਝ ਤੋਂ ਆਜ਼ਾਦ ਕਰਾਇਆ ਜਾਏ।

ਸਭ ਸੋਗੀ ਫ਼ਲਸਫ਼ਾ ਗ਼ਲਤ ਹੈ। ਉਹੋ ਫ਼ਲਸਫ਼ਾ ਠੀਕ ਹੈ ਜਿਹੜਾ ਮਨੁੱਖ ਨੂੰ ਸੁਖੀ ਤੇ ਸੁਹਣਾ ਰਹਿਣ ਦੀ ਸੱਚੀ ਤੇ ਇਨਸਾਫ਼ ਭਰੀ ਜਾਂਚ ਦੱਸਦਾ ਹੈ।

ਅੰਤ ਵਿਚ ਮੈਂ ਆਪਣੇ ਹਮਸਫ਼ਰ ਸਾਥੀਆਂ ਨੂੰ ਬੜੇ ਡੂੰਘੇ ਹਿੱਤ ਤੇ ਪੂਰਨ ਦਿਆਨਤਦਾਰੀ ਨਾਲ ਦੱਸਣਾ ਚਾਹੁੰਦਾ ਹਾਂ, ਕਿ ਇਹ ਜ਼ਿੰਦਗੀ ਅਨੂਪਮ ਘਟਨਾ ਹੈ, ਕੋਈ ਮਜਬੂਰੀ ਨਹੀਂ, ਕੋਈ ਸਜ਼ਾ ਨਹੀਂ, ਕੋਈ ਗੋਰਖਧੰਦਾ ਨਹੀਂ। ਹਸਤੀ ਦੇ ਜਲ-ਸਾਗਰ ਉਤੇ "ਹੋਣ-ਥੀਣ" ਦੀ ਮਸਤੀ ਵਿਚੋਂ ਉਠੀ ਇਕ ਲਹਿਰ ਹੈ। ਦੂਜੀਆਂ ਜੀਵਨ-ਲਹਿਰਾਂ ਨੂੰ ਦੱਬੇ ਘਸੋੜੇ ਬਿਨਾਂ ਜਿੰਨੀ ਉਚੀ ਕੋਈ ਲਹਿਰ ਉਠ ਸਕੇ, ਮੁਬਾਰਕ ਹੈ — ਬਾਹਰਲੀਆਂ "ਵਰਜਾਂ, ਰੋਕਾਂ" ਸਭ

ਜ਼ਿੰਦਗੀ ਦੇ ਕਾਨੂੰਨ ਦੇ ਖ਼ਿਲਾਫ਼ ਹਨ ।

ਇਸ ਮਜ਼੍ਹਬ ਦੇ ਗ਼ਲਤ ਅਰਥ ਹਨ ਕਿ ਜ਼ਿੰਦਗੀ ਕਿਸੇ ਦੀ ਇਬਾਦਤ ਕਰਨ ਲਈ ਬਣੀ ਹੈ। ਇਬਾਦਤ ਜਾਂ ਖ਼ੁਸ਼ਾਮਦ ਤੋਂ ਜੇ ਕੋਈ ਹਸਤੀ ਪੂਰਨ ਤੌਰ ਉਤੇ ਬੇ-ਲੋੜ ਹੋ ਸਕਦੀ ਹੈ, ਤਾਂ ਉਹ ਰੱਬ ਹੈ, ਜਿਹਨੂੰ ਨਾ ਕੋਈ ਘਟਾ ਤੇ ਨਾ ਵਧਾ ਸਕਦਾ ਹੈ। ਜ਼ਿੰਦਗੀ ਅਨੰਤ ਹੋਂਦ ਦੇ ਅੰਦਰੋਂ ਧੜਕੀ ਹੋਈ ਖ਼ੁਸ਼ੀ ਹੈ। ਜਦੋਂ ਇਹ ਖ਼ੁਸ਼ੀ ਅਜੇ ਧੜਕੀ ਨਹੀਂ ਸੀ, ਓਦੋਂ ਹੋਂਦ ਹੈ ਸੀ, ਜ਼ਿੰਦਗੀ ਹੈ ਨਹੀਂ ਸੀ, ਤੇ ਜਦੋਂ ਇਹ ਧੜਕਣੋਂ ਬੰਦ ਹੋ ਜਾਏਗੀ, ਉਦੋਂ ਹੋਂਦ ਰਹਿ ਜਾਏਗੀ, ਜ਼ਿੰਦਗੀ ਮੁੱਕ ਜਾਏਗੀ।

ਇਸ ਖ਼ੁਸ਼ੀ ਨੂੰ ਸਮਝਣਾ ਤੇ ਮਾਣਨਾ ਮਜ਼੍ਹਬ ਦਾ ਅਸਲੀ ਆਸ਼ਾ ਹੈ । ਮਨਾਹੀਆਂ ਵਾਲਾ ਨਫ਼ੀ ਮਜ਼੍ਹਬ ਰੁਕੀ ਹੋਈ ਸਮਝ ਦਾ ਡਰਾਉਣਾ ਸੁਪਨਾ ਹੈ —- ਹਕੀਕਤ ਬੜੀ ਹਸਣੀ ਖੇਡਣੀ ਤੇ ਵਿਛ-ਵਿਛ ਪੈਣੀ ਹੈ।

ਇਹ ਹਸਣੀ ਖੇਡਣੀ ਹਕੀਕਤ ਪਰਾਧੀਨਤਾ ਦੀਆਂ ਛਾਵਾਂ ਵਿਚੋਂ ਨਹੀਂ ਦਿੱਸਦੀ। ਇਹ ਹੈ ਹੀ ਖਿੜੀ ਮਸਤੀ ਹੋਈ ਸਵਾਧੀਨਤਾ। ਪਰਾਧੀਨਤਾ ਦੀਆਂ ਬਰਫ਼ਾਂ ਇਸ ਦਾ ਖੇੜਾ ਜਜ਼ਬ ਨਹੀਂ ਕਰ ਸਕਦੀਆਂ, ਵਾਪਸ ਕਰ ਦੇਂਦੀਆਂ ਹਨ।

ਜਿਹੜਾ ਪਰਾਧੀਨ ਨਹੀਂ, ਉਹ ਜ਼ਿੰਦਗੀ ਵਾਂਗ ਵਿਗਸੇਗਾ, ਖਿਲਰੇਗਾ; ਉਹ ਖ਼ੁਸ਼ੀ ਤੇ ਖ਼ੂਬਸੂਰਤੀ ਨੂੰ ਗੁਨਾਹ ਨਹੀਂ ਸਮਝੇਗਾ । ਖ਼ੁਸ਼ੀ ਨੂੰ ਜਰ ਨਾ ਸਕਣਾ, ਖ਼ੂਬਸੂਰਤੀ ਨੂੰ ਵੇਖਣ ਦੀ ਅਕਲ ਨਾ ਰਖਣਾ ਗੁਨਾਹ ਹੈ। ਜਿਨ੍ਹਾਂ ਦੇ ਅੰਦਰ ਖ਼ੂਬਸੂਰਤੀ ਮੈਲੀਆਂ ਖ਼ਾਹਿਸ਼ਾਂ ਜਗਾਂਦੀ ਹੈ, ਉਹ ਬੀਮਾਰ ਹਨ। ਖ਼ੂਬਸੂਰਤੀ ਹੁਨਰ, ਨੇਕੀ ਤੇ ਪਿਆਰ ਦਾ ਧਰੂ ਤਾਰਾ ਹੈ। ਮੈਲੀਆਂ ਅੱਖਾਂ ਨੂੰ ਇਹ ਦਿੱਸ ਨਹੀਂ ਸਕਦਾ, ਇਹਦੀਆਂ ਕਿਰਨਾਂ ਬੜੀਆਂ ਬਰੀਕ ਹਨ।

[ 1945

12

# ਨਵੇਂ ਵਰ੍ਹੇ ਨੂੰ ਤਿਆਰ ਹੋ ਕੇ ਮਿਲੀਏ

ਇਹ ਵਰ੍ਹਾ, ਦੁਨੀਆ ਦੇ ਇਤਿਹਾਸ ਵਿਚ ਸਮੇਂ ਦੀ ਉਹ ਘੜੀ ਹੈ, ਜਿਹੜੀ ਕੌਮਾਂ, ਮੁਲਕਾਂ, ਵਿਅੱਕਤੀਆਂ ਦੀਆਂ ਨਵੀਆਂ ਤਕਦੀਰਾਂ ਦਾ ਮੁੱਢ ਗਿਣੀ ਜਾਏਗੀ।

ਏਸ ਵਰ੍ਹੇ, ਸਦੀਆਂ ਉਤੇ ਅਸਰ ਪਾਣ ਵਾਲੇ ਫ਼ੈਸਲੇ ਕੀਤੇ ਜਾਣੇ ਹਨ, ਇਨਕਲਾਬੀ ਈਜਾਦਾਂ ਹੋਣੀਆਂ ਤੇ ਕਈ ਸੰਧੀਆਂ ਲਿਖੀਆਂ ਜਾਣੀਆਂ ਹਨ। ਇਹ ਵਰ੍ਹਾ ਜ਼ਿੰਦਗੀ ਦੀ ਲੰਮੀ ਚੜ੍ਹਾਈ ਵਿਚ ਉਹ ਗਲਿਆਰਾ ਹੈ, ਜਿਥੋਂ ਨਵੀਆਂ ਮੰਜ਼ਲਾਂ ਵਲ ਕਈ ਪਾਸਿਆਂ ਤੋਂ ਪੌੜੀਆਂ ਚੜ੍ਹਦੀਆਂ ਹਨ, — ਤੇ ਅਸੀਂ ਕਿਸੇ ਉੱਚੀ ਅਟਾਰੀ ਦੀ ਖੁੱਲ੍ਹੀ ਬਾਰਾਂਦਰੀ ਵਿਚ ਪਹੁੰਚਦੇ ਹਾਂ, ਜਾਂ ਕਿਸੇ ਬੰਦੀ-ਖ਼ਾਨੇ ਵਿਚ ਜਾ ਗੁਆਚਦੇ ਹਾਂ — ਇਹ ਸਾਡੀ ਚੋਣ ਉਤੇ ਨਿਰਭਰ ਹੋਵੇਗਾ।

ਗੇਣਵੇਂ ਲੜਾਈ ਦੇ ਠੇਕੇਦਾਰਾਂ ਦੇ ਸਿਵਾ ਅਸੀਂ ਸਾਰੇ ਲੋਕ ਏਸ ਵਰ੍ਹੇ ਕੋਲੋਂ ਆਪਣੀ ਕਿਸਮਤ ਪੁਛ ਰਹੇ ਹਾਂ। ਸਾਨੂੰ ਜਾਪਦਾ ਹੈ ਜੀਕਰ ਇਹਦੀਆਂ ਤਿੰਨ ਸੌ ਪੈਂਠ ਤਹਿਆਂ ਵਿਚੋਂ ਕਿਸੇ ਇੱਕ ਦੇ ਹੇਠਾਂ ਸਾਡੀ ਹੋਣੀ ਲੁਕੀ ਹੈ, ਪਿਛਲੇ ਚੌਂਹ ਵਰ੍ਹਿਆਂ ਤੋਂ ਸਾਡੀ ਜੀਵਨ-ਨਦੀ ਵਿਚ ਮਸਾਂ ਥੱਲਾ

ਹੀ ਕੱਜਣ ਜੋਗਾ ਪਾਣੀ ਵਗਦਾ ਰਿਹਾ ਹੈ, ਕੰਢਿਆਂ ਤਕ ਭਰ ਕੇ ਵਗਣਾ ਸੁਪਨਾ ਹੋ ਗਿਆ ਹੈ।

ਪਰ ਇਸ ਵਰ੍ਹੇ ਉਹ ਬੰਨ੍ਹ ਟੁੱਟਣ ਵਾਲੇ ਹਨ, ਜਿਨ੍ਹਾਂ ਪਿਛੇ ਸਾਡਾ ਜੀਵਨ-ਜਲ ਰੁਕਿਆ ਪਿਆ ਹੈ। ਏਸ ਵਰ੍ਹੇ, ਆਸ ਹੈ, ਮੁੜ ਰੌਆਂ ਤੁਰਨਗੀਆਂ, ਕਾਂਗਾਂ ਉਠਣਗੀਆਂ ਤੇ ਨਦੀਆਂ ਨਾਲੇ ਫੇਰ ਨੱਕੋ-ਨੱਕ ਛਲਕਣਗੇ।

ਏਸ ਹੋਣੀਆਂ-ਆਫਰੇ ਵਰ੍ਹੇ ਦੇ ਨਵੇਂ ਦਿਨਾਂ ਵਿਚ ਮੈਂ ਆਪਣੇ ਪਾਠਕਾਂ ਨੂੰ ਦਿਲ ਦੀਆਂ ਡੂੰਘਾਈਆਂ ਵਿਚੋਂ ਉੱਠੀਆਂ ਸ਼ੁਭ-ਇੱਛਾਵਾਂ ਭੇਟ ਕਰਨਾ ਚਾਹੁੰਦਾ ਹਾਂ। ਰਸਮੀ ਇੱਛਾਵਾਂ ਨਹੀਂ, ਜਿਹੜੀਆਂ ਏਨ੍ਹੀਂ ਦਿਨੀਂ ਅਸੀਂ ਰਾਹ ਜਾਂਦੇ ਸਤ ਬਗਾਨਿਆਂ ਨੂੰ ਵੀ ਦੇ ਦੇਂਦੇ ਹਾਂ — ਬਲਕਿ ਉਸ ਦਿਲ ਦੀਆਂ ਉਮੰਗਾਂ ਜਿਸ ਵਿਚ ਕਿਸੇ ਜ਼ਿਮੀਂ ਅਸਮਾਨ ਜੋਡੀ ਭੁੱਖ ਦਾ ਅਹਿਸਾਸ ਘਰ ਬਣਾ ਬੈਠਾ ਹੈ — ਉਹ ਭੁੱਖ ਜਿਦ੍ਹੇ ਤ੍ਰਿਪਤਾਣ ਲਈ ਸਾਰੀ ਦੁਨੀਆ ਲੋੜੀਂਦੀ ਹੋਵੇ।

ਏਸੇ ਭੁੱਖ ਨਾਲ ਝਟਕਦਿਆਂ ਮੈਂ ਸਫ਼ਰ ਕੀਤੇ, ਲਿਖਿਆ, ਪਿਆਰਿਆ — ਪਰ ਜੋ ਵੀ ਕੀਤਾ, ਉਸ ਨੇ ਮੇਰੀ ਭੁੱਖ ਸਵਾਈ ਕੀਤੀ, ਤੇ ਓੜਕ ਇਹ ਯਕੀਨ ਪੱਕਾ ਕਰਾਇਆ ਕਿ ਕਿਸੇ ਕਲਾਕਾਰ ਦੀ ਨਿੱਜੀ ਕਲਾ ਭਾਵੇਂ ਕੇਡੀ ਹੀ ਸੰਪੂਰਨ ਹੋਵੇ, ਉਹਦੀ ਸ਼ਖ਼ਸੀ ਮੁਹੱਬਤ ਭਾਵੇਂ ਕੇਡੀ ਹੀ ਰੱਬੀ ਹੋਵੇ, ਚੰਗੇਰੀ ਦੁਨੀਆ ਦੇ ਆਦਰਸ਼ ਨੂੰ ਦੋਵੇਂ ਹੀ ਨਹੀਂ ਪਹੁੰਚ ਸਕਦੇ, ਤੇ ਚੰਗੇਰੀ ਹੁੰਦੀ ਦੁਨੀਆ ਵਿਚ ਰਹਿਣ ਦੇ ਅਹਿਸਾਸ ਬਿਨਾਂ ਉਹ ਹਾਰਦਿਕ ਅਮਨ ਨਹੀਂ ਮਿਲ ਸਕਦਾ, ਜਿਸ ਦੀ ਚਰਚਾ ਨਾਲ ਵੇਦ ਕੁਰਾਨ ਭਰੇ ਹਨ।

ਪਿਛਲੇ ਪੰਝੀਆਂ ਤੀਹਾਂ ਵਰ੍ਹਿਆਂ ਵਿਚ ਮਨੁੱਖੀ ਦਿਲ ਦੀਆਂ ਖੋਹਾਂ ਏਸੇ ਕਰਕੇ ਵਧ ਗਈਆਂ ਹਨ, ਕਿ ਦੋ ਵਾਰੀ, ਮਾਰੂ ਲੜਾਈਆਂ ਨੇ ਹਾਰਦਿਕ ਅਮਨ ਦੀ ਸੰਭਾਵਨਾ ਅਣਹੋਂਦ ਵਿਚ ਵਟਾ ਦਿੱਤੀ, ਤੇ ਚੰਗੇਰੀ ਦੁਨੀਆ ਦਾ ਆਦਰਸ਼ ਚਿਕਨਾ-ਚੂਰ ਕਰ ਦਿੱਤਾ।

ਤੇ ਚੂੰਕਿ ਮੇਰੀ ਭੁੱਖ ਮਿਟਾਣ ਲਈ ਸਾਰੀ ਦੁਨੀਆ ਚਾਹੀਦੀ ਹੈ, ਇਸ ਲਈ ਜ਼ਰੂਰੀ ਹੈ ਕਿ ਮੈਂ ਸਾਰੀ ਦੁਨੀਆ ਨੂੰ ਆਪਣੀ ਜ਼ਿੰਦਗੀ ਵਿਚ ਸ਼ਾਮਲ ਕਰਾਂ। ਇਹੀ ਕਾਰਣ ਸੀ, ਕਿ ਜਾਪਾਨੀ ਨਜ਼ਾਮ ਦੇ ਖ਼ਿਲਾਫ਼ ਹੁੰਦਿਆਂ ਹੋਇਆਂ

ਵੀ, ਹੀਰੋਸ਼ੀਮਾ ਉਤੇ ਪਰਮਾਣੂ ਬੰਬ ਦਾ ਸਦਮਾ ਮੈਂ ਕਿੰਨੀਆਂ ਰਾਤਾਂ ਨਹੀਂ ਭੁੱਲ ਸਕਿਆ । ਅੱਖ ਲੱਗਦੀ ਤੇ ਮੇਰਾ ਅੰਗ ਅੰਗ ਦੁਖਣ ਲੱਗ ਪੈਂਦਾ ਤੇ ਮੈਂ ਜਾਗ ਪੈਂਦਾ ਸਾਂ, ਤੇ ਦਿਲ ਹੀ ਦਿਲ ਵਿਚ ਪਰਮਾਣੂ ਬੰਬ ਮਾਰਨ ਵਾਲਿਆਂ ਉਤੇ ਨਾਰਾਜ਼ ਹੁੰਦਾ ਸਾਂ । ਮੈਨੂੰ ਅਮਰੀਕਨਾਂ ਨੇ ਬੜਾ ਪਿਆਰ ਦਿੱਤਾ ਸੀ, ਜਿਦ੍ਹਾ ਜ਼ਿਕਰ ਮੈਂ ਹਮੇਸ਼ਾਂ ਸ਼ੁਕਰੀਏ ਨਾਲ ਕਰਦਾ ਰਿਹਾ ਹਾਂ, ਪਰ ਉਨ੍ਹੀਂ ਦਿਨੀਂ ਉਸ ਪਿਆਰ ਨੂੰ ਯਾਦ ਕਰਨਾ ਮੇਰੇ ਲਈ ਔਖਾ ਹੋ ਗਿਆ ਸੀ ।

ਲੰਡਨ, ਬਰਲਿਨ ਵੀਆਨਾ ਉਤੇ ਪੈਂਦੇ ਬੰਬ ਮੈਂ ਆਪਣੀ ਛਾਤੀ ਉਤੇ ਪੈਂਦੇ ਮਹਿਸੂਸ ਕੀਤੇ ਹਨ । ਇਹਨਾਂ ਥਾਵਾਂ ਉਤੇ ਮੈਂ ਤੁਰਿਆ ਹਾਂ, ਇਹਨਾਂ ਨੂੰ ਪਿਆਰ ਕੀਤਾ ਹੈ, ਉਥੋਂ ਦੇ ਇਸਤ੍ਰੀਆਂ ਮਰਦਾਂ ਕੋਲੋਂ ਕਈ ਮਿਹਰਬਾਨੀਆਂ ਲਈਆਂ ਹਨ । ਪਰ ਫੇਰ ਵੀ ਉਹਨਾਂ ਨਾਲ ਮੇਰਾ ਸੰਬੰਧ ਆਪਣੇ ਪਾਠਕਾਂ ਨਾਲੋਂ ਦੁਰਾਡਾ ਹੈ । ਮੇਰੇ ਪਾਠਕ ਮੇਰੀ ਲੜੀ ਦੇ ਗੁਆਂਢੀ ਮਣਕੇ ਹਨ । ਜਿਨ੍ਹਾਂ ਦੇ ਦਿਲਾਂ ਨਾਲ ਮੇਰੀਆਂ ਰੀਝਾਂ ਛੁਹੰਦੀਆਂ ਹਨ, ਜਿਨ੍ਹਾਂ ਦੀਆਂ ਤਕਦੀਰਾਂ ਨਾਲ ਮੇਰੀ ਤਕਦੀਰ ਕਈ ਥਾਈਂ ਲੱਗਦੀ ਹੈ, ਜਿਨ੍ਹਾਂ ਦੀ ਖ਼ੁਸ਼ਹਾਲੀ, ਤਸੱਲੀ ਤੇ ਚੰਗਿਆਈ ਨਾਲ ਮੇਰਾ ਆਤਮਕ ਰਿਸ਼ਤਾ ਹੈ । ਕੋਈ ਲੇਖਕ ਆਪਣੇ ਪਾਠਕਾਂ ਦੇ ਆਰਥਕ ਤੇ ਮਾਨਸਿਕ ਪੱਧਰ ਤੋਂ ਬਹੁਤਾ ਉੱਚਾ ਨਹੀਂ ਚੜ੍ਹ ਸਕਦਾ ।

ਤੁਸੀਂ, ਮੇਰੇ ਪਾਠਕ, ਮੇਰੀ ਦੁਨੀਆ ਦੇ ਬੜੇ ਪਿਆਰੇ ਭਾਗ ਹੋ, ਏਸ ਲਈ ਮੇਰੇ ਸੁਪਨਿਆਂ ਦੇ ਪਾਤਰ ਹੋ । ਤੁਹਾਡੇ ਰਾਹੀਂ ਮੈਂ ਆਪਣੀ ਦੁਨੀਆ ਚੰਗੀ ਬਣਾ ਸਕਦਾ ਹਾਂ, ਮੇਰੇ ਅਧਿਐਨ ਦੀ ਹਰ ਸਤਰ ਤੇ ਮੇਰੀ ਲੇਖਣੀ ਦੇ ਹਰ ਸ਼ਬਦ ਦਾ ਮਨੋਰਥ ਤੁਹਾਡੀਆਂ ਜ਼ਿੰਦਗੀਆਂ ਵਿਚ ਕੋਈ ਚੰਗੀ ਪ੍ਰੇਰਨਾ ਪਾ ਸਕਣਾ ਹੈ । ਤੁਹਾਡੇ ਵਲੋਂ ਜਿਹੜੀ ਪ੍ਰਸੰਸਾ ਦੀ ਚਿੱਠੀ ਆਉਂਦੀ ਹੈ, ਉਸ ਨੂੰ ਮੈਂ ਬੜੀ ਕੀਮਤੀ ਤਸੱਲੀ ਸਮਝਦਾ ਹਾਂ ।

ਤੁਹਾਡੇ ਨਾਲ ਇਹ ਰਿਸ਼ਤਾ ਰਖਣ ਵਾਲਾ ਤੁਹਾਡੇ ਲਈ ਨਵੀਆਂ ਖ਼ੁਸ਼ੀਆਂ ਦੀ ਚਾਹ ਪ੍ਰਗਟ ਕਰ ਛੱਡਣ ਨਾਲ ਸੰਤੁਸ਼ਟ ਨਹੀਂ ਹੋ ਸਕਦਾ । ਉਹ ਬੜੇ ਪਿਆਰ ਤੇ ਸਤਿਕਾਰ ਨਾਲ ਕਹਿਣਾ ਚਾਹੁੰਦਾ ਹੈ, ਕਿ ਇਤਿਹਾਸ ਦੇ ਇਸ ਲਾਸਾਨੀ ਵਰ੍ਹੇ ਨੂੰ ਚੰਗੀ ਤਰ੍ਹਾਂ ਤਿਆਰ ਹੋ ਕੇ ਮਿਲਿਆ ਜਾਏ । ਇਹ ਵਰ੍ਹਾ ਨਵੀਆਂ ਖ਼ੁਸ਼ੀਆਂ ਮਾਣਨ ਦਾ ਨਹੀਂ, ਕਿਉਂਕਿ ਖ਼ੁਸ਼ੀਆਂ ਦਾ ਬਾਗ਼ ਬੇ-ਮਿਸਾਲ ਕੱਕਰਾਂ ਨਾਲ ਸੜ ਸੁੱਕ ਗਿਆ ਹੈ, ਪਰ ਹੁਣ ਸੂਰਜੀ ਕਿਰਨਾਂ

ਨਿੱਘੀਆਂ ਹੋਈਆਂ ਹਨ, ਤੇ ਜੀਉਂਦੇ ਬੂਟਿਆਂ ਨੂੰ ਗਰਮਾਣ, ਮੋਇਆਂ ਨੂੰ ਪੁੱਟ ਕੇ ਖਾਦ-ਟੋਏ ਵਿਚ ਪਾਣ, ਤੇ ਨਵੀਆਂ ਪਨੀਰੀਆਂ ਲਾਣ ਦਾ ਸਮਾਂ ਹੈ। ਜਿਹੜਾ ਕੋਈ ਏਨਾ ਕੁਝ ਨਹੀਂ ਕਰੇਗਾ, ਉਹ ਕਿਸੇ ਬਹਾਰ ਦਾ ਚਿੱਤਰ ਅੱਖਾਂ ਵਿਚ ਨਹੀਂ ਵਸਾ ਸਕੇਗਾ।

ਇਸ ਸਾਲ ਦੇ ਗਲਿਆਰੇ ਵਿਚੋਂ ਅਸਾਂ ਨਵੀਆਂ ਪੌੜੀਆਂ ਦੀ ਚੋਣ ਕਰਨੀ ਹੈ। ਬਿਨ ਸੋਚੇ ਕੀਤੀ ਚੋਣ ਜੀਵਨ ਭਰ ਦੀ ਹਸਰਤ ਬਣ ਜਾਏਗੀ। ਏਸ ਲਈ ਚੰਗਾ ਹੋਵੇ, ਜੇ ਚੋਣ ਤੋਂ ਪਹਿਲਾਂ ਅਸੀਂ ਆਪਣੀ ਤੈ ਕੀਤੀ ਮੰਜ਼ਲ ਉਤੇ ਧਿਆਨ ਮਾਰ ਲਈਏ, ਤਾਕਿ ਅਗਲੀ ਮੰਜ਼ਲ ਦੀ ਚੋਣ ਲਈ ਕੋਈ ਯਕੀਨੀ ਨਿਸ਼ਾਨੀਆਂ ਨੀਯਤ ਕਰ ਸਕੀਏ।

## ਸਾਡੀ ਤੈ ਹੋਈ ਮੰਜ਼ਲ

ਅਸੀਂ ਆਪਣੀ ਧਰਤੀ ਨੂੰ ਪੁੰਨ ਧਰਤੀ ਸਮਝਦੇ ਸਾਂ, ਏਸ ਲਈ ਦੂਜਿਆਂ ਦੀਆਂ ਧਰਤੀਆਂ ਨਾਲ ਸਾਡੀ ਹਿਕਾਰਤ ਹੋ ਜਾਂਦੀ ਸੀ। ਦੂਜੀਆਂ ਧਰਤੀਆਂ ਖੋਹ ਲੈਣ ਦਾ ਜਤਨ ਵੀ ਅਸੀਂ ਕਰਦੇ ਸਾਂ।

ਇਹ ਜੀਵਨ ਅਸੀਂ ਹਕੀਕਤ ਕੋਲੋਂ ਵਿਛੋੜਾ ਗਿਣਦੇ ਸਾਂ, ਤੇ ਇਸ ਤੋਂ ਮੁੱਕਤ ਹੋਣ ਨੂੰ ਬੜੀ ਵੱਡੀ ਪ੍ਰਾਰਥਨਾ, ਤੇ ਪੱਕੀ ਰਿਹਾਇਸ਼ ਅਸੀਂ ਨਰਕਾਂ ਜਾਂ ਸਵਰਗਾਂ ਜਾਂ ਰੱਬੀ ਵਿਸ਼ਾਲਤਾ ਵਿਚ ਮੁੱਕ ਜਾਣ ਨੂੰ ਗਿਣਦੇ ਸਾਂ।

ਸਾਡੇ ਲਈ ਜ਼ਿੰਦਗੀ ਦਾ ਮਨੋਰਥ ਰੱਬ ਦੀ ਇਬਾਦਤ, ਤੇ ਜ਼ਿੰਦਗੀ ਦੀ ਮੰਜ਼ਲ ਜੰਮਣ ਮਰਨ ਤੋਂ ਛੁਟਕਾਰਾ ਸੀ। ਜ਼ਿੰਦਗੀ ਦਾ ਮੂਲ ਕੰਮ ਮਜ਼੍ਹਬ ਦਾ ਰਸਮੀ ਅਭਿਆਸ, ਤੇ ਮੂਲ ਮੰਗ ਰੱਬ ਦੇ ਦਰਸ਼ਨ ਸੀ।

ਮੌਤ ਵੇਲੇ ਤੇ ਮੌਤੋਂ ਬਾਅਦ ਹਰ ਕਿਰਿਆ ਲਈ ਸੰਤਾਨ ਲੋੜੀਂਦੀ ਹੋਣ ਕਰਕੇ, ਸੰਤਾਨ ਲਈ ਚਿੰਤਾਤੁਰ ਰਹਿੰਦੇ ਸਾਂ। ਹਰ ਸ਼ਖ਼ਸ ਇੱਕ ਵਖਰੀ ਤਾਰ ਸੀ ਜਿਸ ਦਾ ਇੱਕ ਸਿਰਾ ਰੱਬ ਨਾਲ ਜੁੜਿਆ ਹੋਇਆ ਸੀ। ਏਸੇ ਸਿਰੇ ਤੋਂ ਸੁਨੇਹੇ ਸੁਣਨ ਲਈ ਹਰ ਸ਼ਖ਼ਸ ਅੱਖਾਂ ਮੀਟੀ ਰਖਦਾ, ਤੇ ਇਸ ਅੱਖ-ਮੀਟੀ ਅਵਸਥਾ ਨੂੰ ਸਮਾਧੀ ਆਖਦਾ ਸੀ। ਜ਼ਿੰਦਗੀ ਸਾਗਰ ਦੇ ਜਲ ਵਾਂਗ ਅਖੰਡ ਏਕਤਾ ਦੀ ਥਾਂ, ਵਖਰੇ ਵਖਰੇ ਅਣਗਿਣਤ ਜਜ਼ੀਰੇ ਸਮਝੀ ਜਾਂਦੀ ਸੀ। ਹਰ ਸ਼ਖ਼ਸ ਇੱਕ ਜਜ਼ੀਰਾ ਸੀ, ਜਿਸ ਦੀ ਹਰ ਲੋੜ ਆਸ ਪਾਸ ਦੇ ਜਜ਼ੀਰਿਆਂ

ਤੋਂ ਨਹੀਂ, ਉਤੋਂ ਆਕਾਸ਼ ਰਾਹੀਂ ਕਿਸੇ ਰੱਬੀ ਪ੍ਰਬੰਧ ਹੇਠਾਂ ਪੂਰੀ ਕੀਤੀ ਜਾਂਦੀ ਸੀ। ਆਸ ਪਾਸ ਜਜ਼ੀਰੇ ਭਾਵੇਂ ਕਿਹੋ ਜਿਹੇ ਤੇ ਕਿਸੇ ਹਾਲਤ ਵਿਚ ਹੋਣ, ਜੇ ਸਾਡੇ ਜਜ਼ੀਰੇ ਉਤੇ ਰੱਬੀ ਮਿਹਰ ਦੀ ਬਰਖਾ ਕਾਫ਼ੀ ਹੋ ਜਾਂਦੀ ਤਾਂ ਅਸੀਂ ਆਪਣੇ ਆਪ ਨੂੰ ਚੋਣਵੀਂ ਹਸਤੀ ਸਮਝ ਕੇ ਕਿਰਤੱਗ ਹੁੰਦੇ ਤੇ ਗੁਆਂਢੀਆਂ ਕੋਲੋਂ ਏਸ ਲਈ ਸਤਿਕਾਰ ਮੰਗਦੇ।

ਜੇ ਗੁਆਂਢੀ ਜਜ਼ੀਰਿਆਂ ਉਤੇ ਕੋਈ ਸਰੀਰਕ ਜਾਂ ਮਾਨਸਿਕ ਵਬਾ ਖਿੱਲਰ ਜਾਂਦੀ, ਤਾਂ ਅਸੀਂ ਆਪਣੇ ਜਜ਼ੀਰੇ ਉਤੇ ਹਵਨ ਕਰਦੇ, ਸਮਿਗਰੀਆਂ ਧੁਖਾਂਦੇ, ਪ੍ਰਾਰਥਨਾਵਾਂ ਕਰਦੇ, ਗੁਆਂਢੀ ਅਸਰਾਂ ਦੇ ਖ਼ਿਲਾਫ਼ ਕੰਧਾਂ ਉੱਚੀਆਂ ਕਰਦੇ — ਪਰ ਕਦੇ ਗੁਆਂਢੀ ਜਜ਼ੀਰੇ ਨੂੰ ਆਪਣੀ ਤਕਦੀਰ ਦਾ ਅਨਿੱਖੜਵਾਂ ਹਿੱਸਾ ਨਾ ਸਮਝਦੇ।

ਜੇ ਕੋਈ ਦੂਜਾ ਸਾਡੀ ਚੋਰੀ ਕਰਦਾ ਜਾਂ ਸਾਨੂੰ ਨੁਕਸਾਨ ਪਹੁੰਚਾਂਦਾ ਤਾਂ ਉਹਨੂੰ ਕੈਦ ਕਰ ਦੇਂਦੇ, ਜਾਂ ਮਾਰ ਦੇਂਦੇ, ਪਰ ਇਸ ਕੈਦ ਤੇ ਮੌਤ ਦਾ ਆਪਣੇ ਉਤੇ ਕੋਈ ਅਸਰ ਨਾ ਵਿਚਾਰਦੇ।

ਜੇ ਕੋਈ ਭੁੱਖਾ, ਨੰਗਾ, ਦੁਖੀ, ਅੰਨ੍ਹਾ, ਲੂਲ੍ਹਾ, ਕੋੜ੍ਹਾ ਵੇਖਦੇ, ਤਾਂ ਉਹਦੇ ਕਰਮਾਂ ਦਾ ਫਲ ਸਮਝ ਕੇ ਆਪਣੀ ਚੰਗੀ ਅਵਸਥਾ ਲਈ ਰੱਬ ਦਾ ਸ਼ੁਕਰ ਕਰ ਛੱਡਦੇ। ਨੇਕੀ ਤੇ ਚੰਗਿਆਈ ਨੂੰ ਕਿਸੇ ਰੱਬੀ ਮਿਹਰ ਦਾ ਸਿੱਟਾ ਸਮਝਦੇ, ਅਮੀਰੀ ਗ਼ਰੀਬੀ ਨੂੰ ਰੱਬ ਦਾ ਭਾਣਾ ਗਿਣਦੇ, ਤੇ ਗ਼ਰੀਬਾਂ ਨੂੰ ਟੁੱਕਰ ਚੱਪਾ ਸੁੱਟ ਪਾਣ ਜਾਂ ਕਦੇ ਇਕੱਠਿਆਂ ਕਰ ਕੇ ਲੰਗਰ ਕਰ ਦੇਣ ਵਿਚ ਬੜਾ ਮਹਾਤਮ ਸਮਝਦੇ।

ਸਾਡੀ ਪਿਛਲੀ ਮੰਜ਼ਲ ਉਤੇ ਅਨੇਕਾਂ ਗ਼ਰੀਬ ਨੌਜਵਾਨ, ਅਨੇਕਾਂ ਹੋਣਹਾਰ ਗ਼ਲਤ ਜੁੜੇ ਜੋੜ, ਲਿੰਗ–ਗੁੰਝਲਾਂ ਵਿਚ ਫਾਥੇ ਸ਼ੁਦਾਈ ਹੋ ਗਏ, ਪਰ ਕਿਸੇ ਨੇ ਕੁਦਰਤ ਦੇ ਕਾਨੂੰਨ ਦੀ ਪੜਤਾਲ ਕਰ ਕੇ ਹੱਲ ਨਾ ਸੋਚਿਆ। ਹਰ ਸ਼ਹਿਰ ਵਿਚ ਚੱਕਲੇ ਬਣ ਗਏ, ਸਾਰਾ ਰੋਜ਼ਾਨਾ ਜੀਵਨ ਲਿੰਗ-ਖਿੱਚਾਂ ਨਾਲ ਤਣ ਗਿਆ, ਅਸੀਂ ਅਣਹੋਣੀ ਪਵਿੱਤਰਤਾ ਦੇ ਭੁਲੇਖੇ ਹੀ ਪਾਲਦੇ ਰਹੇ।

ਕਈ ਥਾਈਂ ਗਿਣਵੇਂ ਲੋਕਾਂ ਨੇ ਆਪਣੇ ਮੁਲਕ ਦੀ ਸਾਰੀ ਧਰਤੀ ਸਾਂਭ ਲਈ, ਪਿੰਡਾਂ ਦੇ ਪਿੰਡ ਇੱਕ ਆਦਮੀ ਦੀ ਮਲਕੀਅਤ ਬਣ ਗਏ। ਕਿਸੇ ਨੇ ਇਸ ਧਿੰਗੋਜ਼ੋਰੀ ਤੇ ਤਿਊੜੀ ਨਾ ਪਾਈ। ਹਜ਼ਾਰਾਂ ਆਦਮੀ ਇੱਕ ਦੀ ਰਈਅਤ ਬਣ ਗਏ, ਕੰਗਾਲ, ਬੇ-ਅਣਖ ਤੇ ਓੜਕ ਬੇ–ਪ੍ਰੀਤ ਤੇ ਬੇ-

ਰਸੂਖ ਹੋ ਗਏ। ਦੁਨੀਆ ਇੱਕ ਕਬਾੜੀਏ ਦੀ ਦੁਕਾਨ ਜਾਪਣ ਲੱਗ ਪਈ, ਜਿਸ ਵਿਚ ਕੋਈ ਵਿਰਲੀ ਚੀਜ਼ ਚਮਕੀਲੀ ਤੇ ਸੁਹਣੀ, ਪਰ ਬਾਕੀ ਢੇਰ ਸਭ ਟੁੱਟਾ-ਭੱਜਾ, ਜ਼ੰਗ ਖਾਧਾ ਤੇ ਭੀੜਾ ਖੋਚਲਾ।

ਇਸ ਨਿਰਾਸ, ਬੇ-ਮਨੋਰਥ ਤੇ ਅਵਸਰ-ਹੀਣ ਅਵਸਥਾ ਵਿਚੋਂ ਸਰਬ ਵਿਆਪੀ ਅਸੰਤੁਸ਼ਟਤਾ ਦੀਆਂ ਆਹਾਂ ਉਠੀਆਂ। ਮਾਲਕ ਬੇ-ਆਰਾਮ ਹੋਏ ਤੇ ਇਹਤਿਆਤਨ ਉਹਨਾਂ ਤਲਵਾਰ, ਬੰਦੂਕ, ਤੋਪ, ਟੈਂਕ, ਗੈਸਾਂ ਤੇ ਪਰਮਾਣੂ ਬੰਬ ਬਣਵਾਏ। ਬੰਬ ਪਾਟੇ ਤੇ ਸਾਰੀ ਦੁਨੀਆ ਧੂੰਆਂ-ਧਾਰ ਹੋ ਗਈ। ਅਨੇਕਾਂ ਮੋਏ, ਅਨੇਕਾਂ ਝੁਲਸੇ ਗਏ, ਅਨੇਕਾਂ ਆਪਣੀ ਧਰਤੀ ਨਾਲੋਂ ਉਖੜ ਗਏ, ਤੇ ਅਨੇਕਾਂ ਦੀਆਂ ਆਸਾਂ ਗੁਆਚ ਗਈਆਂ।

ਹੁਣ ਇਸ ਸਾਲ ਵਿਚ ਉਹ ਧੂੰਆਂ ਉੱਚਾ ਹੋਇਆ ਹੈ, ਅੱਗਾਂ ਹਿੱਸੀਆਂ ਹਨ, ਰੁਕਿਆ ਸਾਹ ਸੌਖਾ ਹੋਇਆ ਹੈ, ਤੇ ਆਲੇ-ਦੁਆਲੇ ਦੇ ਨਕਸ਼ ਕੁਝ ਸਾਫ਼ ਦਿੱਸੇ ਹਨ। ਇਹ ਵੇਲਾ ਹੈ ਆਪਣੀ ਸਮਰਥਾ, ਆਪਣੀਆਂ ਸੰਭਾਵਨਾਵਾਂ, ਤੇ ਆਪਣੇ ਵਿਸ਼ਵਾਸਾਂ ਨੂੰ ਪੜਚੋਲਣ ਤੇ ਅਗਲੀ ਮੰਜ਼ਲ ਲਈ ਕੋਈ ਸਿਆਣਾ ਰਾਹ ਚੁਣਨ ਦਾ। ਕਈ ਰਾਹ ਬਰਬਾਦੀ ਵਲ ਜਾਂਦੇ ਹਨ, ਕਈ ਆਬਾਦੀ ਵਲ, ਕਈ ਨਰਕਾਂ ਵਲ ਤੇ ਕਈ ਸੁਰਗਾਂ ਵਲ, ਕਈ ਬੀਆਬਾਨਾਂ ਤੇ ਕਈ ਗੁਲਜ਼ਾਰਾਂ ਵਲ।

ਆਓ, ਪਿਛਲੇ ਤਜਰਬੇ ਦੀ ਰੌਸ਼ਨੀ ਵਿਚ ਨਵਾਂ ਮਾਰਗ ਤੇ ਨਵੇਂ ਵਿਸ਼ਵਾਸ ਚੁਣੀਏ।

## ਨਵਾਂ ਮਾਰਗ ਤੇ ਨਵੇਂ ਵਿਸ਼ਵਾਸ

ਪੁਰਾਣੇ ਮਾਰਗ ਦੇ ਵਿਸ਼ਵਾਸ ਸਾਹਮਣੇ ਰਖ ਲੈਣੇ, ਚੋਣ ਕਰਨ ਵਿਚ ਸਹਾਇਤਾ ਦੇ ਸਕਦੇ ਹਨ।

1. ਬੰਦਾ ਗੁਨਾਹਗਾਰ ਤੇ ਬੇ-ਵੱਸ ਹੈ। ਇਹ ਰੱਬੀ ਆਸਰੇ ਦਾ ਮੁਥਾਜ ਹੈ। ਰੱਬ ਖਿੰਨ ਵਿਚ ਸ਼ਾਹ ਤੇ ਖਿੰਨ ਵਿਚ ਫ਼ਕੀਰ ਬਣਾ ਦੇਂਦਾ ਹੈ। ਹਰ ਕਿਸੇ ਨੂੰ ਦੁਖ ਆਉਂਦੇ, ਹਰ ਕਿਸੇ ਦੇ ਘਰ ਮੌਤਾਂ ਹੁੰਦੀਆਂ, ਹਰ ਕਿਸੇ ਨਾਲ ਹਾਦਸੇ ਹੋ ਸਕਦੇ ਹਨ। ਓਦੋਂ ਰੱਬ ਹੀ ਰਾਖਾ ਬਣ ਸਕਦਾ ਹੈ। ਰੱਬ ਦੇ ਛੁਟ ਕਈ ਵਾਰੀ ਦੁਨੀਆ ਵਿਚ ਸਾਨੂੰ ਕੋਈ ਆਪਣਾ ਨਹੀਂ ਦਿੱਸਦਾ।

2. ਹੁਨਰ ਸਿਖ ਕੇ ਜਾਂ ਰੱਬੀ ਘਰੋਂ ਦਾਤਾਂ ਮੰਗ ਕੇ, ਜਾਂ ਸਾਜ਼ਸ਼ਾਂ ਕਰ ਕੇ ਜਿਹੜਾ ਕੋਈ ਚਾਰ ਪੈਸੇ ਇਕੱਠੇ ਕਰ ਲਏ, ਉਹਦੇ ਵਿਚੋਂ ਕੁਝ ਹਿੱਸਾ ਧਰਮ-ਖਾਤੇ ਪਾ ਦੇਵੇ, ਆਪਣੇ ਸਮੇਂ ਦਾ ਕੁਝ ਹਿੱਸਾ ਦਾਤੇ ਦੀ ਯਾਦ ਵਿਚ ਲਾ ਦੇਵੇ, ਤੇ ਜਿਉਂ ਜਿਉਂ ਧਨ ਵਧਦਾ ਜਾਏ, ਆਲੇ-ਦੁਆਲੇ ਦੀਆਂ ਜ਼ਮੀਨਾਂ ਤੇ ਘਰ ਖ਼ਰੀਦ ਕੇ ਆਪਣੀ ਸੰਤਾਨ ਦੇ ਨਾਂ ਲਿਖਾਂਦਾ ਜਾਏ — ਤੇ ਮੋਇਆਂ ਉਹਦੀ ਸੰਤਾਨ ਕਿਰਿਆ-ਕਰਮ ਧੂੰਮ-ਧਾਮ ਨਾਲ ਕਰਾ ਦੇਵੇ, ਤੇ ਮੌਤੋਂ ਬਾਅਦ ਉਹਦੇ ਵਰ੍ਹੀਣੇ ਮਨਾਂਦੀ ਰਹੇ — ਉਹ ਕਾਮਯਾਬ ਸਮਝਿਆ ਜਾਏਗਾ ਤੇ ਦਰਗਾਹੇ ਪ੍ਰਵਾਨ ਹੋਵੇਗਾ। ਉਹਦੇ ਦੁਆਲੇ ਲੋਕ ਭਾਵੇਂ ਨੰਗੇ ਫਿਰਨ, ਭਾਵੇਂ ਭੁੱਖੇ ਮਰਨ, ਉਹਨਾਂ ਉਤੇ ਤਰਸ ਜਾਂ ਉਹਨਾਂ ਲਈ ਪ੍ਰਾਰਥਨਾ ਕਰ ਛੱਡਣ ਦੇ ਸਿਵਾ ਉਹਦੀ ਕੋਈ ਜ਼ਿੰਮੇਵਾਰੀ ਨਹੀਂ।

3. ਕੌਮ ਤੇ ਮੁਲਕ ਵਿਚ ਕਿਸੇ ਤਰ੍ਹਾਂ — ਸੌਦਾਗਰੀ, ਚਾਲਾਕੀ, ਜਾਂ ਫ਼ੌਜਾਂ ਨਾਲ — ਏਨੀ ਤਾਕਤ ਪੈਦਾ ਕਰ ਲਈ ਜਾਏ, ਕਿ ਜਿਹੜਾ ਕੋਈ ਅੜੇ ਉਹ ਝੜੇ, ਤੇ ਸਾਡੀ ਹਰ ਮੈਦਾਨ ਵਿਚ ਫ਼ਤਹਿ ਹੋਵੇ। ਓੜਕ ਸਾਡੀ ਏਨੀ ਵਿਸ਼ਾਲ ਸਲਤਨੱਤ ਹੋ ਜਾਏ ਕਿ ਉਸ ਉਤੇ ਕਦੇ ਸੂਰਜ ਨਾ ਡੁੱਬੇ। ਸਾਡੇ ਹਮ-ਕੌਮ ਤੇ ਹਮਵਤਨ ਦੂਜਿਆਂ ਉਤੇ ਹੁਕਮਰਾਨ ਹੋਣ, ਲੱਖਾਂ ਗ਼ੈਰਾਂ ਦੀ ਹੋਣੀ ਸਾਡੀ ਮੁੱਠ ਵਿਚ ਹੋਵੇ, ਸਾਡਾ ਝੰਡਾ ਅਨੇਕਾਂ ਧਰਤੀਆਂ ਉਤੇ ਝੂਲੇ, ਤੇ ਅਨੇਕਾਂ ਧਰਤੀਆਂ ਦੀ ਦੌਲਤ ਨਾਲ ਸਾਡੇ ਖ਼ਜ਼ਾਨੇ ਮਾਲਾ-ਮਾਲ ਹੋਣ, ਤੇ ਸਾਡੀ ਬੋਲੀ ਅਨੇਕਾਂ ਮੁਲਕਾਂ ਵਿਚ ਬੋਲੀ ਜਾਏ।

ਸਾਡਾ ਸਜ਼ਰਾ ਨਸਲ ਸੂਰਜ, ਚੰਨ ਜਾਂ ਰੱਬ ਨਾਲ ਸਿੱਧਾ ਜੋੜਿਆ ਜਾਏ। ਅਸੀਂ ਆਜ਼ਾਦੀ ਦੇ ਗੀਤ ਗਾਵੀਏ, ਤੇ ਜੇ ਹੋਰ ਕੋਈ ਉਹ ਗੀਤ ਗਾਏ, ਤਾਂ ਉਹਦਾ ਗਲਾ ਘੁੱਟਣ ਦੀ ਸਮਰਥਾ ਸਾਡੇ ਵਿਚ ਹੋਵੇ।

4. ਲਿੰਗ-ਰੁਚੀਆਂ ਸ਼ੈਤਾਨੀ ਰੁਚੀਆਂ ਹਨ। ਸਿਰਫ਼ ਸੰਤਾਨ-ਉਤਪਤੀ ਲਈ ਇਹਨਾਂ ਨਾਲ ਉਨਾ ਕੁ ਸੰਬੰਧ ਰਖਿਆ ਜਾਏ ਜਿੰਨਾ ਇੱਕ ਕਿਸਾਨ ਖਾਦ ਨਾਲ ਰਖਦਾ ਹੈ। ਮੈਲੇ ਕਪੜੇ ਪਹਿਣ ਕੇ ਉਹ ਖਾਦ ਆਪਣੀ ਪੈਲੀ ਵਿਚ ਪਾ ਲੈਂਦਾ ਹੈ, ਨੱਕ ਅਗੇ ਕਪੜਾ ਬੰਨ੍ਹ ਲੈਂਦਾ ਹੈ, ਤੇ ਫੇਰ ਕਪੜੇ ਬਦਲ ਕੇ ਚੰਗੀ ਤਰ੍ਹਾਂ ਹੱਥ ਪੈਰ ਧੋ ਲੈਂਦਾ ਹੈ।

ਬਦ-ਦਿਆਨਤੀ, ਬੇ-ਵਫ਼ਾਈ, ਆਤਮਕ ਕਠੋਰਤਾ, ਮਿੱਤਰ ਧਰੋਹ, ਝੂਠ, ਵਿਖਾਲਾ, ਸਭ ਮੁਆਫ਼ ਕੀਤੇ ਜਾ ਸਕਦੇ ਹਨ। ਪਰ ਲਿੰਗ-ਰੁਚੀ ਦਾ ਵਿਖਾਲਾ

ਸਰੀਰਕ ਤੇ ਅਖ਼ਲਾਕੀ ਮੌਤ ਸਮਝਿਆ ਜਾਏ (ਕਈ ਥਾਈਂ ਇਹੋ ਜਿਹੀ ਗੱਲ ਨਿਕਲਦਿਆਂ ਬਿਨਾਂ ਪੜਤਾਲ ਹੀ, ਇਸਤ੍ਰੀ ਮਰਦ ਦੋਹਾਂ ਨੂੰ ਕਤਲ ਕੀਤਾ ਜਾਂਦਾ ਹੈ)।

ਪੁਰਾਣੇ ਮਾਰਗ ਦੇ ਇਹ ਚਾਰ ਵੱਡੇ ਵਿਸ਼ਵਾਸ ਹਨ, ਤੇ ਜੇ ਅਸੀਂ ਆਪਣੇ ਆਪ ਨੂੰ ਗੁੰਮਰਾਹ ਹੋਇਆ ਸਮਝਦੇ ਹਾਂ; ਤਾਂ ਗ਼ਲਤੀ ਸਾਨੂੰ ਆਪਣੇ ਵਿਸ਼ਵਾਸਾਂ ਵਿਚੋਂ ਢੂੰਡਣੀ ਚਾਹੀਦੀ ਹੈ।

1. ਕੀ ਰੱਬੀ ਆਸਰੇ ਦੀ ਮੁਥਾਜੀ ਏਸ ਲਈ ਨਹੀਂ ਕਿ ਅਸੀਂ ਜਜ਼ੀਰਾ ਬਣ ਕੇ ਜੀਉਣ ਦੀ ਗ਼ਲਤੀ ਕਰ ਰਹੇ ਹਾਂ ? ਜੰਗਲਾਂ ਵਿਚ ਇਕੱਠੇ ਮਿਲ ਕੇ ਰਹਿਣ ਵਾਲੇ ਕਮਜ਼ੋਰ ਜਾਨਵਰ ਸ਼ੇਰਾਂ ਤੋਂ ਵੀ ਨਿਸਚਿੰਤ ਰਹਿ ਸਕਦੇ ਹਨ। ਇਕਲੌਤੇ ਪੁੱਤਰ ਦੀ ਮੌਤ ਏਸੇ ਕਰਕੇ ਸਾਡੇ ਖੰਭ ਮਰੁੰਡ ਦੇਂਦੀ ਹੈ, ਕਿ ਅਸਾਂ ਕੋਈ ਹੋਰ ਖੰਭ ਪੈਦਾ ਨਹੀਂ ਕੀਤੇ ਹੁੰਦੇ; ਜੇ ਜ਼ਿੰਦਗੀ ਵਿਚ ਛੋਟੇ ਮੋਟੇ ਹੋਰ ਖੰਭ ਵੀ ਉੱਗਣ ਦਿੱਤੇ ਹੋਣ ਤਾਂ ਉਹ ਲੋੜ ਵੇਲੇ ਵੱਡੇ ਹੋ ਜਾਂਦੇ ਤੇ ਜ਼ਿੰਦਗੀ ਵਿਚ ਉਡਾਰੀ ਕਾਇਮ ਰਖਦੇ ਹਨ। ਮੌਤ ਏਸ ਲਈ ਬੜੀ ਭਿਆਨਕ ਤੇ ਬਰਬਾਦੀ ਦਾ ਡਰਾਵਾ ਹੁੰਦੀ ਹੈ, ਕਿ ਅਸੀਂ ਜ਼ਿੰਦਗੀ ਦੇ ਸਾਗਰ ਕੋਲੋਂ ਅੱਡ ਹੋ ਕੇ ਤੰਗ ਝੀਲਾਂ ਖਾੜੀਆਂ ਬਣੇ ਰਹਿੰਦੇ ਹਾਂ। ਜ਼ਰਾ ਕੁ ਲੰਮੀ ਔੜ ਸਾਡੇ ਪਾਣੀ ਪੇਤਲੇ ਕਰ ਦੇਂਦੀ ਹੈ। ਜ਼ਿੰਦਗੀ ਦਾ ਗਿਆਨ ਹਾਸਲ ਨਾ ਕਰਨ ਕਰਕੇ, ਅਸੀਂ ਇਤਫ਼ਾਕ ਦੀ ਰੌ ਉਤੇ ਤੀਲਿਆਂ ਵਾਂਗ ਤਰਦੇ ਰਹਿੰਦੇ ਹਾਂ, ਖਿੱਨ ਵਿਚ ਕਿਸੇ ਜ਼ਰਖ਼ੇਜ਼ ਕੰਢੇ ਤੇ ਖਿੱਨ ਵਿਚ ਕਿਸੇ ਤਪਦੀ ਰੇਤ ਨਾਲ ਜਾ ਲੱਗਦੇ ਹਾਂ। ਸਾਥੀਆਂ ਦੇ ਹੱਥਾਂ ਵਿਚ ਖੁੰਗੀਆਂ ਨਾ ਪਾਣ ਕਰਕੇ ਹੌਲੀ ਪੌਣ ਵਿਚ ਹੀ ਆਪਣੇ ਪੈਰਾਂ ਉਤੇ ਖਲੋ ਸਕਦੇ ਹਾਂ — ਝੱਖੜ ਸਾਨੂੰ ਕਿਤੇ ਦਾ ਕਿਤੇ ਜਾ ਪਟਕਾਂਦਾ ਹੈ। ਸਾਡੀ ਨਿਰਬਲਤਾ ਵਿਚੋਂ ਸਿਵਾਏ ਦੁਆਵਾਂ ਤੇ ਬੇਨਤੀਆਂ ਦੇ ਹੋਰ ਕੋਈ ਵਿਸ਼ਵਾਸ ਮਜ਼ਬੂਤ ਨਹੀਂ ਹੋ ਸਕਦਾ।

ਕੀ ਇਸ ਤੋਂ ਸਾਨੂੰ ਇਹ ਤਾੜਨਾ ਨਹੀਂ ਮਿਲਦੀ, ਕਿ ਜੀਕਰ ਰੇਤ ਵਰਗੀ ਪੋਲੀ ਧਰਤੀ ਉਤੇ ਨੀਂਹ ਚੋੜੀ ਖਿਲਾਰਿਆਂ ਤੇ ਉਸਾਰੀ ਦਾ ਸਾਰਾ ਭਾਰ ਇੱਕੋ ਜਿਹਾ ਵੰਡਿਆਂ, ਕਈ-ਛੱਤੇ ਮਕਾਨ ਵੀ ਸਾਬਤ ਰਖੇ ਜਾ ਸਕਦੇ ਹਨ, ਉਕਰ ਮਨੁੱਖ ਆਪਣੀਆਂ ਤਕਦੀਰਾਂ ਸਾਂਝੀਆਂ ਕਰ ਕੇ, ਸਾਥੀਆਂ ਨਾਲ ਖੁੰਗੀਆਂ ਪਾ ਕੇ, ਹਰ ਕਿਸਮ ਦੇ ਝੱਖੜ-ਝਾਂਜੇ ਤੋਂ ਸੁਰਖਿਅਤ ਹੋ ਸਕਦੇ ਹਨ। ਫੇਰ ਗੁਨਾਹ ਦਾ ਅਹਿਸਾਸ ਹੀ ਉਡ ਜਾਏਗਾ, ਤੇ ਕੁਦਰਤ

ਦੇ ਕਾਨੂੰਨ ਦੀ ਸਦੀਵਤਾ ਤੋਂ ਵਡੇਰੀ ਸੁਰਖਿਆ ਕਿਸੇ ਨੂੰ ਦਰਕਾਰ ਨਹੀਂ ਰਹੇਗੀ। ਜਦੋਂ ਅਸੀਂ ਦੁਆ ਮੰਗਦੇ ਹਾਂ, ਓਦੋਂ ਅਸੀਂ ਸਾਥੀਆਂ ਤੋਂ ਬੇ-ਭਰੋਸਾ ਹੁੰਦੇ ਹਾਂ; ਤੇ ਜਦੋਂ ਅਸੀਂ ਸਾਥੀਆਂ ਵਿਚ ਭਰੋਸਾ ਰਖਦੇ ਹਾਂ, ਜ਼ਿੰਦਗੀ ਵਿਚ ਸੁਹਜ ਸੁਆਦ ਵਧ ਜਾਂਦੇ ਹਨ, ਮੁਥਾਜੀ ਘਟ ਜਾਂਦੀ ਹੈ, ਤੇ ਅਸੀਂ ਚੰਗੀ ਤਰ੍ਹਾਂ ਜੀਊ ਤੇ ਚੰਗੀ ਤਰ੍ਹਾਂ ਮਰ ਸਕਦੇ ਹਾਂ।

ਜੇ ਕਦੇ ਸਾਰੇ ਮਨੁੱਖ ਆਪਣੇ ਸੁਖ-ਦੁਖ ਸਾਂਝੇ ਕਰ ਲੈਣ, ਆਪਣੀਆਂ ਤਕਦੀਰਾਂ ਇੱਕ ਲੜੀ ਵਿਚ ਪ੍ਰੋ ਲੈਣ, ਤਾਂ ਕਿਸੇ ਗ਼ੈਰ-ਕੁਦਰਤੀ ਤਸੱਲੀ ਜਾਂ ਸਰੂਰ ਦੀ ਇਸ "ਗੁਨਾਹਗਾਰ" ਬੰਦੇ ਨੂੰ ਲੋੜ ਨਾ ਰਹੇ, ਕਿਸੇ ਗਿਰਜੇ, ਕਿਸੇ ਮੰਦਰ ਵਿਚ ਮਿੰਨਤਾਂ ਨਾ ਕਰੇ, ਕਿਸੇ ਅਗਲੇ ਸਵਰਗ ਜਾਂ ਪ੍ਰਵਾਨਗੀ ਦੀ ਇਹਨੂੰ ਹਸਰਤ ਨਾ ਰਹੇ।

ਭਾਵੇਂ ਸਾਡੇ ਇਹ ਵਿਸ਼ਵਾਸ ਪਵਿੱਤਰ ਬਣ ਗਏ ਹਨ. ਪਰ ਹੈਨ ਇਹ ਸਾਡੀਆਂ ਅਪੂਰਨ ਆਸਾਂ ਦੇ ਪਾਸਕੂ ! ਜਿੰਨੀਆਂ ਅਪੂਰਨ ਸਾਡੀਆਂ ਆਸਾਂ, ਉਨੇ ਹੀ ਭਾਰੇ ਇਹ ਵਿਸ਼ਵਾਸ।

5. ਜਿੰਨਾਂ ਚਿਰ ਬਹੁਤੇ ਲੋਕ ਗ਼ਰੀਬ, ਬੀਮਾਰ, ਨਿੰਮੋਝੂਣ ਤੇ ਮੁਥਾਜ ਹਨ, ਉਨਾ ਚਿਰ ਦੁਨੀਆ ਕੋਝੀ ਰਹੇਗੀ, ਇਹਦੇ ਵਿਚ ਚੋਰੀਆਂ ਦੀ ਚਿੰਤਾ, ਬੀਮਾਰੀਆਂ ਦਾ ਸਹਿਮ. ਉਦਾਸੀ ਦੀਆਂ ਘਟਾਵਾਂ ਦਾ ਹਨੇਰਾ ਰਹੇਗਾ। ਇਸ ਹਨੇਰੇ ਵਿਚ ਹੁਸਨ ਨਹੀਂ ਪੱਲਰ ਸਕਦਾ, ਦਿਲ ਨਹੀਂ ਮੌਲ ਸਕਦੇ, ਕੋਮਲ-ਹੁਨਰਾਂ ਨੂੰ ਦਾਦ ਨਹੀਂ ਮਿਲ ਸਕਦੀ, ਪਿਆਰ ਦੀਆਂ ਨਿੱਘੀਆਂ ਛੁਹਾਂ ਹਾਸਦਿਆਂ ਦੇ ਧੱਕੇ ਨਹੀਂ ਠੱਲ੍ਹ ਸਕਦੀਆਂ, ਅੱਖਾਂ ਵਿਚ ਜਾਦੂ ਮੁਸਕਣੀ ਨਹੀਂ ਆ ਸਕਦੀ।

ਕੰਗਾਲਾਂ ਤੇ ਗ਼ਰੀਬਾਂ ਵਿਚ ਅਮੀਰੀ ਈਰਖਾਵਾਂ ਪੈਦਾ ਕਰਦੀ ਹੈ, ਅਮਨ ਤੋੜਦੀ, ਸ਼ਰਮਸਾਰ ਕਰਦੀ, ਤੇ ਅਨੋਖੇ ਗੁਨਾਹ ਦੇ ਬੀਜ ਖਿਲਾਰਦੀ ਹੈ, ਪਰ ਬਰਾਬਰ ਦੇ ਅਮੀਰ ਸਾਥੀਆਂ ਵਿਚ ਹੁਸਨ, ਸੰਗੀਤ ਤੇ ਪ੍ਰੇਮ ਜਗਮਗ ਕਰਦੇ ਹਨ।

ਏਸ ਲਈ ਸਾਥੀਆਂ ਦੀ ਤਕਦੀਰ ਤੋਂ ਵਖਰੀ ਅਮੀਰੀ ਨੂੰ ਬਰਬਾਦੀ ਵਲ ਜਾਂਦਾ ਰਾਹ ਸਮਝਿਆ ਜਾਏ।

3. ਸੌਦਾਗਰੀ, ਚਾਲਾਕੀ ਤੇ ਫ਼ੌਜਾਂ ਨਾਲ ਦੂਜਿਆਂ ਦੀ ਦੌਲਤ ਖੋਹ ਲਿਆਉਣਾ ਏਸ ਤਰ੍ਹਾਂ ਹੈ, ਜੀਕਰ ਆਪਣਾ ਖੂਹ ਅਣਵਰਤਿਆ ਛੱਡ ਕੇ,

ਗੁਆਂਢੀ ਦੇ ਖੂਹ ਉਤੇ ਭੀੜ ਪਾਣਾ। ਆਪਣੇ ਖੂਹ ਦਾ ਪਾਣੀ ਬੋ ਦੇਣ ਲੱਗ ਪੈਂਦਾ ਹੈ, ਤੇ ਗੁਆਂਢੀ ਦੇ ਦਾ ਗੰਦਲਾ ਹੋ ਜਾਂਦਾ ਹੈ। ਹਰ ਮਨੁੱਖ ਦੌਲਤ ਦੇ ਖ਼ਜ਼ਾਨਿਆਂ ਉਤੇ ਖਲੋਤਾ ਹੈ — ਸਾਡੀ ਧਰਤੀ ਦੇ ਚੱਪੇ ਚੱਪੇ ਹੇਠਾਂ ਅਮੁੱਕ ਦੌਲਤ ਹੈ। ਅਸੀਂ ਆਪਣੀ ਥਾਂ ਛੱਡ ਕੇ ਖੋਹਾ-ਮੋਹੀ ਵਿਚ ਆਪਾ ਛਿੱਲਦੇ ਛਲਾਂਦੇ ਹਾਂ, ਕਿਸੇ ਦੇ ਵਸੀਲੇ ਖੋਹ ਕੇ ਅਸੀਂ ਉਹਨੂੰ ਮੁਥਾਜ ਤੇ ਭਾਰੂ ਬਣਾਂਦੇ ਹਾਂ। ਸ਼ਖ਼ਸੀ ਅਮੀਰੀ ਲਈ ਵੀ ਅਮੀਰ ਦੁਨੀਆ ਜ਼ਰੂਰੀ ਹੈ। ਆਜ਼ਾਦੀ ਦਾ ਮਜ਼ਾ ਆਜ਼ਾਦ ਦੁਨੀਆ ਵਿਚ ਹੀ ਹੈ, ਦੂਜਿਆਂ ਕੋਲੋਂ ਰਾਖੀ ਰਖਣ ਦੀ ਜ਼ਹਿਮਤ ਗ਼ੁਲਾਮੀ ਨਾਲੋਂ ਘਟ ਨਹੀਂ, ਹਰੇਕ ਗ਼ੁਲਾਮ ਆਜ਼ਾਦੀ ਦੇ ਖ਼ਿਲਾਫ਼ ਪਤਾ ਨਹੀਂ ਕਦੋਂ ਪਾਟ ਪੈਣ ਵਾਲਾ ਬੰਬ ਹੈ। ਜਿੰਨੀ ਵਿਸ਼ਾਲ ਕਿਸੇ ਦੀ ਸਲਤਨੱਤ, ਓਨੀ ਸ਼ਕੀਆ ਉਹਦੀ ਆਜ਼ਾਦੀ।

ਕਿਸੇ ਦੀ ਤਕਦੀਰ ਨੂੰ ਮੁੱਠੀ ਵਿਚ ਲੈਣਾ ਆਪਣੀ ਮੁੱਠੀ ਬੇ-ਕਾਰ ਰਖਣਾ ਹੈ। ਕਿਸੇ ਉਤੇ ਆਪਣੀ ਬੋਲੀ ਦਾ ਭਾਰ ਪਾਣਾ, ਜ਼ਿੰਦਗੀ 'ਚੋਂ ਸੰਗੀਤ ਘਟਾਣਾ ਹੈ, ਸੰਗੀਤ ਸਿਰਫ਼ ਮਾਤ-ਬੋਲੀ ਦੇ ਸਾਜ਼ ਦਾ ਤਰਾਨਾ ਹੈ।

ਰੂਹ ਮੁਰਦਾ ਦੌਲਤ ਲਈ ਨਹੀਂ ਤਾਂਘਦੀ — ਤੇ ਜੀਊਂਦੀ ਦੌਲਤ ਦਾ ਖ਼ਜ਼ਾਨਾ ਮਨੁੱਖ ਦਾ ਦਿਲ ਹੈ। ਇਹ ਖ਼ਜ਼ਾਨਾ ਗ਼ੁਲਾਮੀ ਵਿਚ ਸੁੰਗੜਦਾ ਤੇ ਆਜ਼ਾਦੀ ਵਿਚ ਖਿਲਰਦਾ ਹੈ। ਆਜ਼ਾਦ ਦਿਲ ਦੀ ਛੁਹ ਉਮਰਾਂ ਦੀਆਂ ਭੁੱਖਾਂ ਲਾਹ ਦੇਂਦੀ ਹੈ। ਸਾਡੀ ਧਰਤੀ ਉਤੇ ਰਹਿਣ ਵਾਲਾ ਹਰ ਮਨੁੱਖ ਪਿਆਰ ਤੇ ਹੁਸਨ ਦਾ ਸੋਮਾ ਹੈ। ਪਿਆਰ ਤੇ ਹੁਸਨ ਨਾਲੋਂ ਵਡੇਰੀ ਕੋਈ ਬਰਕਤ ਏਡੀ ਨਾਯਾਬ ਏਸ ਲਈ ਹੈ, ਕਿ ਬਹੁਤੇ ਸੋਮੇ ਸਾਡੀ ਮੂਰਖਤਾ ਨਾਲ ਬੰਦ ਹੋ ਜਾਂਦੇ ਹਨ, ਕਈਆਂ ਦੇ ਪਾਣੀਆਂ ਨੂੰ ਇਹ ਬੰਦਸ਼ ਜ਼ਹਿਰੀਲੇ ਕਰ ਦੇਂਦੀ ਹੈ, ਉਹ ਸੁਖਾਣ ਦੀ ਥਾਂ ਮਾਰੂ ਹੋ ਜਾਂਦੇ ਹਨ। ਹਰ ਨਰੋਇਆ ਮਨੁੱਖ-ਦਿਲ ਸੁਹਣਾ ਤੇ ਅਮੀਰ ਹੁੰਦਾ ਹੈ, ਕੀ ਅਫ਼ਰੀਕਨ ਹਬਸ਼ੀ ਤੇ ਕੀ ਅਮਰੀਕਨ ਗੋਰੇ ਦਾ।

ਸਿਰਫ਼ ਮਨੁੱਖੀ ਹੁਸਨ ਨੂੰ ਗ਼ਰੀਬੀ ਤੇ ਗ਼ੁਲਾਮੀ ਦੇ ਪਰਦਿਆਂ ਹੇਠੋਂ ਕੱਢਣ ਦੀ ਢਿੱਲ ਹੈ, ਕਿ ਕੁਦਰਤ ਦੀਆਂ ਹੁਸੀਨ ਵਾਦੀਆਂ ਮਾਤ ਪੈ ਜਾਣਗੀਆਂ। ਇਹ ਜੀਊਂਦਾ, ਇਹ ਗੌਂਦਾ, ਇਹ ਸੁਖਾਂਦਾ, ਤੇ ਇਹ ਪਿਆਰ ਦਾ ਹੁਸਨ।

4. ਦੌਲਤ ਦੀ ਰੁਚੀ ਕਬਜ਼ੇ ਦੀ ਰੁਚੀ ਹੈ, ਸ਼ੁਹਰਤ ਦੀ ਰੁਚੀ ਵਿਖਾਲੇ

ਦੀ ਰੁਚੀ ਹੈ, ਤਾਕਤ ਦੀ ਰੁਚੀ ਹੰਕਾਰ ਦੀ ਰੁਚੀ ਹੈ, ਪਰ ਲਿੰਗ-ਰੁਚੀ ਕੋਈ ਆਤਮਕ ਇਨਕਲਾਬ ਹੈ। ਇਹ ਜਦੋਂ ਪਹਿਲੀ ਵਾਰੀ ਉੱਠਦੀ ਹੈ, ਇਸ ਵਿਚ ਕੁਰਬਾਨ ਹੋਣ, ਕਿਸੇ ਵਿਚ ਆਪਣੀ ਹਸਤੀ ਖੋਹ ਦੇਣ ਦੀ ਅਰਾਧਨਾ ਹੁੰਦੀ ਹੈ। ਕਿਸੇ ਹੋਰ ਰੁਚੀ ਦਾ ਸੰਬੰਧ ਸ਼ੈਤਾਨ ਨਾਲ ਹੋ ਸਕਦਾ ਹੈ, ਕਿਉਂਕਿ ਹਰ ਹੋਰ ਰੁਚੀ ਸ਼ੈਤਾਨੀ ਰਿਸ਼ਵਤ ਦਾ ਲਾਲਚ ਕਬੂਲ ਸਕਦੀ ਹੈ, ਪਰ ਇਹ ਆਤਮਕ ਰੁਚੀ ਕੁਝ ਲੈਣ ਲਈ ਨਹੀਂ, ਸਭ ਕੁਝ ਦੇਣ ਲਈ ਪੈਦਾ ਹੁੰਦੀ ਹੈ।

ਪਰ ਮਿੱਟੀ ਘੱਟੇ ਨਾਲ ਰੋਕੇ ਵਰਜੇ ਅੰਮ੍ਰਿਤ ਸੋਮੇ ਵੀ ਚਿੱਕੜ ਵਰਗੇ ਮੈਲੇ ਹੋ ਜਾਂਦੇ ਹਨ। ਅਸਾਂ ਏਸ ਰਾਜ-ਰੁਚੀ ਉਤੇ ਸ਼ੈਤਾਨੀ ਚੀਥੜੇ ਪਾ ਕੇ ਇਹਦਾ ਹੁਲੀਆ ਵਟਾ ਦਿੱਤਾ ਹੈ, ਜਿਸ ਕਰਕੇ ਹਰ ਪਾਸਿਓਂ ਇਹਦੇ ਉਤੇ ਪੱਥਰ ਪੈਂਦੇ ਹਨ।

ਮੇਰਾ ਇਹ ਭਾਵ ਨਹੀਂ, ਕਿ ਅੰਮ੍ਰਿਤ-ਸੋਮੇ ਖੁੱਲ੍ਹੇ ਵਗਣ ਦੇਣੇ ਚਾਹੀਦੇ ਹਨ। ਖੁੱਲ੍ਹਾ ਡੁੱਲ੍ਹਿਆ ਅੰਮ੍ਰਿਤ ਵੀ ਚਿਕੜ ਬਣ ਜਾਂਦਾ ਹੈ। ਅੰਮ੍ਰਿਤ-ਸੋਮੇ ਸਗੋਂ ਵਧੇਰੀ ਸੰਭਾਲ ਤੇ ਵਧੇਰੇ ਮਰਯਾਦਾ ਦੀ ਮੰਗ ਕਰਦੇ ਹਨ।

ਮੇਰੀ ਮੰਗ ਹੈ, ਕਿ ਇਸ ਸੋਮੇ ਨੂੰ ਕਿਸੇ ਆੜ ਦਾ ਮੂੰਹ ਸਮਝ ਕੇ ਮਿੱਟੀ ਦੀਆਂ ਢੇਮਾਂ ਨਾਲ ਨਾ ਬੱਧਾ ਜਾਏ, ਇਹ ਆਤਮਕ ਸੋਮਾ ਹੈ, ਇਹਦੀਆਂ ਸੋਮਾਂ ਮਨ ਦੀ ਕੋਮਲ ਧਰਤੀ ਵਿਚੋਂ ਪੈਂਦੀਆਂ ਹਨ, ਇਹਦੇ ਕਾਬੂ ਦਾ ਕੇਂਦਰ ਸ਼ਖ਼ਸੀਅਤ ਦੀਆਂ ਡੂੰਘਾਈਆਂ ਵਿਚ ਲੁਕਿਆ ਹੁੰਦਾ ਹੈ।

ਇਸ ਸੋਮੇ ਦੀ ਵਰਤੋਂ ਲਈ ਸਮਾਜ ਭਾਵੇਂ ਕਿਹੋ ਜਿਹੀ ਮੁਸ਼ਕਲ ਮਰਯਾਦਾ ਨੀਯਤ ਕਰੇ, ਪਰ ਇਸ ਵਿਚ ਖ਼ੁਨਾਮੀ ਦੀ ਵਿਸ ਨਾ ਮਿਲਾਏ। ਇਹ ਕੰਵਾਰਾ ਵੀ ਅਤਿ ਸੁੱਚੇ ਪਿਆਰਾਂ ਨੂੰ ਜਨਮ ਦੇ ਸਕਦਾ ਹੈ। ਜ਼ਿੰਦਗੀ ਦਾ ਸਾਰਾ ਹੁਨਰ, ਸਾਰੀ ਕਵਿਤਾ, ਸਾਰਾ ਸੰਗੀਤ ਏਸ ਵਿਚੋਂ ਨਿਕਲਿਆ ਹੈ।

ਨਵੇਂ ਮਾਰਗ ਉਤੇ ਇਹਦਾ ਨਵਾਂ ਮੁੱਲ ਪਾਣਾ ਪਵੇਗਾ। ਪਵਿੱਤਰਤਾ ਜਿੰਨੀ ਕੋਈ ਮੰਗੇ — ਹਿਮਾਲੀਆ ਦੀਆਂ ਅਛੂਹ ਬਰਫ਼ਾਂ ਜਿੰਨੀ ਵੀ; ਪਰ ਹਰ ਵਿਕਾਸ ਦੀ ਮਾਂ ਨੂੰ ਚੁੜੇਲ ਆਖਣਾ ਗੁਨਾਹ ਕਰਾਰ ਦਿੱਤਾ ਜਾਏ।

ਨਵਾਂ ਵਕ਼ਤ ਸਾਡੇ ਕੋਲੋਂ ਬੜੀ ਡੂੰਘੀ ਪੜਚੋਲ ਮੰਗਦਾ ਹੈ, ਸਾਡੇ ਸਾਹਮਣੇ ਹਿੰਦੂ, ਮੁਸਲਮਾਨ, ਸਿਖ ਦਾ ਸਵਾਲ ਹੈ, ਸਰਮਾਏਦਾਰ ਤੇ ਮਜ਼ਦੂਰ ਦਾ ਸਵਾਲ

ਹੈ, ਕਿਸਾਨ ਤੇ ਜਗੀਰਦਾਰ ਦਾ ਸਵਾਲ ਹੈ, ਇਸਤ੍ਰੀ ਤੇ ਮਰਦ ਦਾ ਸਵਾਲ ਹੈ, ਹਮ-ਮਜ਼੍ਹਬ ਤੇ ਗ਼ੈਰ-ਮਜ਼੍ਹਬ ਦਾ ਸਵਾਲ ਹੈ।

ਮੈਂ ਆਪਣੇ ਪਾਠਕਾਂ ਨੂੰ ਆਪਣਾ ਉਹ ਪਿਆਰ ਭੇਟ ਕਰ ਕੇ ਜਿਸ ਵਿਚ ਨਾ ਉਮਰ, ਨਾ ਕੌਮ, ਨਾ ਮਜ਼੍ਹਬ ਦਾ ਵੇਰਵਾ ਹੈ -- ਸਿਫ਼ਾਰਸ਼ ਕਰਨਾ ਚਾਹੁੰਦਾ ਹਾਂ, ਕਿ ਜੇ ਇਹ ਆਪਣੇ ਚੌਂਹ ਮੂਲ ਵਿਸ਼ਵਾਸਾਂ ਤੇ ਆਪਣੀਆਂ ਬੁਨਿਆਦੀ ਰੀਝਾਂ ਦੀ ਪੜਚੋਲ ਕਰਨ, ਤਾਂ ਉਹਨਾਂ ਨੂੰ ਯਕੀਨੀ ਤੌਰ ਉਤੇ ਉਪਰਲੇ ਸਾਰੇ ਸਵਾਲਾਂ ਦਾ ਹੱਲ ਲੱਭ ਜਾਏਗਾ, ਤੇ ਇੱਕਦੱਮ ਉਹਨਾਂ ਦੇ ਮਨ ਦੀ ਉਹ ਅਵਸਥਾ ਬਣ ਜਾਏਗੀ ਜਿਸ ਵਿਚ ਆਪਣੇ ਬੇਗਾਨੇ ਦੀ ਤਮੀਜ਼ ਮਿਟ ਜਾਂਦੀ ਹੈ, ਤੇ ਸਿਰਫ਼ ਆਪਣੇ ਹਰ ਸਾਥੀ ਨੂੰ ਖ਼ੁਸ਼ਹਾਲ, ਸੁਹਣਾ ਤੇ ਪਿਆਰ ਦੀ ਕਦਰ ਪਾਣ ਵਾਲਾ ਵੇਖਣ ਦੀ ਖ਼ਾਹਿਸ਼ ਰਹਿ ਜਾਂਦੀ ਹੈ, ਤੇ ਇਸ ਖ਼ਾਹਿਸ਼ ਨੂੰ ਪੂਰਿਆਂ ਕਰਨ ਲਈ ਕੋਈ ਕੁਰਬਾਨੀ ਵੱਡੀ ਨਹੀਂ ਜਾਪਦੀ, ਵੱਡੇ ਤੋਂ ਵੱਡੇ ਤਅੱਸਬ ਵੀ ਘੋਲ ਘੁਮਾਣ ਨੂੰ ਜੀਅ ਕਰ ਆਉਂਦਾ ਹੈ।

[ 1946

## 13
# ਭਵਿਖ ਦੀ ਜੰਤਰੀ

ਇੱਕ ਪਰਦੇਸ ਵਿਚ ਕਿਸੇ ਬਰਾਦਰੀ ਦੇ ਚੋਖੇ ਲੋਕ ਜਾ ਵੱਸੇ। ਇਸ ਬਰਾਦਰੀ ਦੇ ਦੋ ਨੌਜਵਾਨ ਲੜਕੇ ਦੋਸਤ ਸਨ। ਇੱਕ ਨੇ ਸਕੂਲ ਦੀ ਪੜ੍ਹਾਈ ਦੇ ਬਾਅਦ ਚਾਰ ਵਰ੍ਹੇ ਲਾ ਕੇ ਤਰਖਾਣਾ ਕੰਮ ਸਿਖ ਲਿਆ ਤੇ ਫ਼ਰਨੀਚਰ ਦੀ ਦੁਕਾਨ ਪਾ ਲਈ। ਬਹੁਤੇ ਘਰਾਂ ਵਿਚ ਆਉਣ ਜਾਣ ਕਰਕੇ ਉਹ ਕਈਆਂ ਦਾ ਅਜ਼ੀਜ਼ ਬਣ ਗਿਆ। ਉਹਦੀ ਸਲਾਹ ਨਾਲ ਕਈ ਝਗੜੇ ਵੀ ਨਜਿੱਠੇ ਜਾਣ ਲੱਗ ਪਏ।

ਦੂਜਾ ਇੱਕ ਵਾਰੀ ਵਕਾਲਤ ਵਿਚ ਫ਼ੇਲ੍ਹ ਹੋ ਗਿਆ। ਦੂਜੀ ਵਾਰੀ ਉਸ ਇਮਤਿਹਾਨ ਲੈਣ ਵਾਲਿਆਂ ਨੂੰ ਰਿਸ਼ਵਤ ਦਿੱਤੀ, ਪਰ ਪਾਸ ਨਾ ਹੋ ਸਕਿਆ। ਤੀਜੀ ਵਾਰੀ ਉਸ ਨਕਲ ਮਾਰੀ, ਕੱਢੇ ਜਾਣੋਂ ਮਸਾਂ ਬਚਿਆ। ਚੌਥੇ ਸਾਲ ਸੱਨਦ ਮਿਲ ਗਈ।

ਪਰ ਜਦੋਂ ਕਿਸੇ ਚੋਰ-ਮਾਲਕ ਨੂੰ ਦੋ ਹਜ਼ਾਰ ਰੁਪਈਆ "ਪਗੜੀ" ਦੇ ਕੇ ਉਸ ਦੁਕਾਨ ਕਰਾਏ ਉਤੇ ਲਈ ਤੇ ਆਪਣਾ ਨਾਂ-ਫੱਟਾ ਟੰਗਿਆ, ਤਾਂ ਬਰਾਦਰੀ ਨੇ ਤਰਖਾਣ ਲੜਕੇ ਦੇ ਅਸਰ ਹੇਠਾਂ ਫ਼ੈਸਲਾ ਕੀਤਾ ਕਿ ਪਰਦੇਸੀ ਕਚਹਿਰੀਆਂ ਵਿਚ ਖੁਆਰ ਹੋਣ ਦੀ ਥਾਂ ਅਗੋਂ ਝਗੜੇ ਪੰਚਾਇਤ ਵਿਚ ਤਹਿ ਕਰ ਲਏ

ਜਾਣਗੇ ।

ਉਸ ਵੇਲੇ ਵਕੀਲ ਲੜਕੇ ਨੇ ਆਪਣੀ ਨਿਸਫਲ ਖ਼ੁਸ਼ਾਮਦ ਤੇ ਅਨੀਂਦੀਆ ਰਾਤਾਂ ਉਤੇ ਅਫ਼ਸੋਸ ਕਰਕੇ ਆਖਿਆ : ਕਦੇ ਮੈਨੂੰ ਪਤਾ ਹੁੰਦਾ !

ਇਹੀ ਹਸਰਤ ਉਸ ਚੋਰ ਦੇ ਦਿਲੋਂ ਉੱਠੀ ਸੀ, ਜਿਹੜਾ ਆਪਣੇ ਭੁੱਖੇ ਬੱਚਿਆਂ ਦਾ ਢਿੱਡ ਭਰਨ ਲਈ ਗੁਆਂਢੀ ਦੀ ਚੋਰੀ ਕਰਨ ਗਿਆ । ਫੜੇ ਜਾਣ ਦੇ ਡਰੋਂ ਉਸ ਨੇ ਗੁਆਂਢੀ ਦੇ ਬੱਚੇ ਦਾ ਗਲਾ ਘੁੱਟ ਦਿੱਤਾ । ਪਰ ਦੂਜੇ ਦਿਨ ਐਲਾਨ ਹੋ ਗਿਆ ਕਿ ਸਰਮਾਏਦਾਰ ਸਰਕਾਰ ਨੂੰ ਭਾਂਜ ਹੋ ਗਈ ਤੇ ਲੋਕ-ਰਾਜ ਕਾਇਮ ਕੀਤਾ ਗਿਆ ਹੈ । ਰੋਟੀ, ਕਪੜਾ, ਮਕਾਨ ਹਰ ਟੱਬਰ ਦੇ ਜਮਾਂਦਰੂ ਹੱਕ ਸਮਝੇ ਜਾਣਗੇ ।

ਉਹ ਚੋਰ ਜਦੋਂ ਸਰਕਾਰੀ ਡੀਪੋ ਵਿਚੋਂ ਆਪਣੇ ਸਾਰੇ ਬੱਚਿਆਂ ਲਈ ਰਸਦ ਲਿਆ ਰਿਹਾ ਸੀ, ਉਹਦੀਆਂ ਅੱਖਾਂ ਸਾਹਮਣੇ ਆਪਣੇ ਗੁਆਂਢੀ ਦਾ ਉਹ ਭੋਲੂ ਜਿਹਾ ਬੱਚਾ ਆ ਗਿਆ, ਜਿਦ੍ਹਾ ਰਾਤੀਂ ਉਸ ਗਲਾ ਘੁੱਟ ਦਿੱਤਾ ਸੀ । ਉਹਦੇ ਮੂੰਹੋਂ ਆਪ-ਮੁਹਾਰੀ ਚੀਕ ਨਿਕਲ ਗਈ ਤੇ ਸਾਰੀ ਰਸਦ ਜ਼ਮੀਨ ਉਤੇ ਖਿਲਰ ਗਈ । ਲੋਕਾਂ ਸੁਣਿਆ, ਉਹ ਆਖੀ ਜਾਂਦਾ ਸੀ : "ਜੇ ਕਦੇ ਮੈਨੂੰ ਪਤਾ ਹੁੰਦਾ !"

## ਭਵਿਖ ਦੀ ਜੰਤਰੀ

ਇਸ ਚੋਰ ਤੇ ਉਸ ਉਮੈਦਵਾਰ ਵਕੀਲ ਨੂੰ ਹੋਣੀ ਦਾ ਪਤਾ ਨਹੀਂ ਸੀ, ਹਨੇਰੇ ਵਰਤਮਾਨ ਵਿਚ ਉਹ ਹਨੇਰੀਆਂ ਯੋਜਨਾਵਾਂ ਬਣਾ ਰਹੇ ਸਨ । ਓਦੋਂ ਉਹਨਾਂ ਲਈ ਹੋਣੀ ਦਾ ਪਤਾ ਲਾ ਸਕਣਾ ਮੁਸ਼ਕਲ ਸੀ, ਪਰ ਅੱਜ ਇਹੋ ਜਿਹੇ ਸਿਆਣੇ ਪੈਦਾ ਹੋ ਗਏ ਹਨ, ਜਿਨ੍ਹਾਂ ਨੇ ਹੋਣੀ ਦੀ ਜੰਤਰੀ ਲਿਖ ਦਿੱਤੀ ਹੈ — ਕਦੋਂ ਹਵਾਈ ਜਹਾਜ਼ ਸਾਰੇ ਅਕਾਸ਼ ਵਿਚ ਕਾਵਾਂ ਇੱਲਾਂ ਵਾਂਗ ਝੁਰਮੁਟ ਪਾਈ ਰਖਣਗੇ; ਕਦੋਂ ਕੋਇਲੇ ਦਾ ਯੁਗ ਖ਼ਤਮ ਤੇ ਬਿਜਲੀ ਦਾ ਯੁਗ ਜਗਮਗਾ ਜਾਏਗਾ; ਕਦੋਂ ਪਰਮਾਣੂ ਸ਼ਕਤੀ ਕੌਡੀਆਂ ਦੇ ਮੁੱਲ ਮਨੁੱਖ ਦੀ ਸੇਵਾ ਕਰੇਗੀ; ਕਦੋਂ ਜੇਲ੍ਹਖ਼ਾਨੇ ਉੱਡ ਜਾਣਗੇ; ਕਦੋਂ ਕਚਹਿਰੀਆਂ ਬੰਦ ਹੋ ਜਾਣਗੀਆਂ; ਕਦੋਂ ਪਰਦੇਸਾਂ ਦੀਆਂ ਹੱਦਾਂ ਮਿਟ ਜਾਣਗੀਆਂ; ਕਦੋਂ ਸਿਪਾਹੀਆਂ ਦੀਆਂ ਤਸਵੀਰਾਂ ਅਜਾਇਬ ਘਰਾਂ ਵਿਚ ਵੇਖ ਕੇ ਲੋਕ ਅਨੋਖੀਆਂ ਵਰਦੀਆਂ

ਤੇ ਅਨੋਖੇ ਹਥਿਆਰਾਂ ਉਤੇ ਹੱਸਿਆ ਕਰਨਗੇ; ਕਦੋਂ ਅੱਜ ਦੇ ਮੁਲਕਾਂ ਵਿਚ ਅੱਧਿਓਂ ਬਹੁਤੀਆਂ ਪਤਨੀਆਂ ਉਹਨਾਂ ਮੁਲਕਾਂ ਦੀਆਂ ਹੋਣਗੀਆਂ, ਜਿਹੜੇ ਅੱਜ ਪਰਦੇਸੀ ਆਖੇ ਜਾਂਦੇ ਹਨ। ਅੱਜ ਭਾਵੇਂ ਇੱਕੋ ਸ਼ਹਿਰ ਦੇ ਹਿੰਦੂ ਮੁਸਲਮਾਨ ਦੀ ਸ਼ਾਦੀ ਨਹੀਂ ਹੋ ਸਕਦੀ, ਫੇਰ ਰੋਜ਼ਾਨਾ ਕਿਸੇ ਹਿੰਦੂ ਇਸਤ੍ਰੀ ਨੂੰ ਵਿਆਹੁਣ ਲਈ ਮੈਕਸੀਕੋ, ਅਮਰੀਕਾ, ਆਈਸਲੈਂਡ ਤੋਂ ਜੰਞ ਆਈ ਹੋਵੇਗੀ, ਤੇ ਰੋਜ਼ਾਨਾ ਜੰਞਾਂ ਏਥੋਂ ਉਹਨਾਂ ਮੁਲਕਾਂ ਤੋਂ ਵਹੁਟੀਆਂ ਵਿਆਹੁਣ ਲਈ ਜਾ ਰਹੀਆਂ ਹੋਣਗੀਆਂ। ਦੁਨੀਆ ਦਾ ਕੋਈ ਹਿੱਸਾ ਦੋ ਘੰਟੇ ਤੋਂ ਵਧੇਰੇ ਦੂਰ ਨਹੀਂ ਹੋਵੇਗਾ। ਕੋਇਲੇ ਪੈਟਰੋਲ ਦੇ ਧੂੰਏਂ ਦਾ ਜ਼ਿਕਰ ਕਿਤਾਬਾਂ ਵਿਚ ਪੜ੍ਹਿਆ ਜਾਏਗਾ; ਜ਼ਿੰਦਗੀ ਵਿਚੋਂ ਉਹਦੀ ਕਾਲਖ਼ ਬਿਲਕੁਲ ਉਡ ਜਾਏਗੀ।

ਜ਼ਿੰਦਗੀ ਏਨੀ ਮਾਲਾ-ਮਾਲ ਹੋ ਜਾਏਗੀ, ਕਿ ਨਾ ਕਿਸੇ ਨੂੰ ਕਿਸੇ ਦੀ ਹਿਮਾਇਤ ਤੇ ਨਾ ਕਿਸੇ ਕੋਲੋਂ ਸੁਰਖਿਆ ਦੀ ਲੋੜ ਰਹੇਗੀ। ਹਿੰਦੂ ਮਹਾਸਭਾਵਾਂ ਤੇ ਮੁਸਲਿਮ ਲੀਗਾਂ ਤੇ ਚੀਫ਼ ਖ਼ਾਲਸਾ ਦੀਵਾਨਾਂ ਦੇ ਇਤਿਹਾਸ ਏਉਂ ਹਾਸੋ-ਹੀਣੇ ਜਾਪਣਗੇ, ਜਿਉਂ ਕਿਸੇ ਟਾਪੂ ਦੇ ਵਸਨੀਕਾਂ ਦਾ ਆਪਣੇ ਹਮ-ਕੌਮਾਂ ਲਈ ਸਮੁੰਦਰੀ ਪਾਣੀ ਨੂੰ ਵੰਡ ਵੰਡ ਕੇ ਸਾਂਭਣਾ।

ਓਦੋਂ ਜਿਹੜਾ ਸਾਡੇ 'ਚੋਂ ਜੀਉਂਦਾ ਹੋਇਆ, ਤੇ ਜੇ ਉਸ ਨੇ ਆਪਣੀ ਕੌਮ ਦੇ ਅਣਡਿੱਠ ਹਮ-ਮਜ਼ੂਬਾਂ ਦੀ ਹਮਦਰਦੀ ਵਜੋਂ ਦੂਜੀ ਕੌਮ ਦੇ ਰੋਜ਼ਾਨਾ ਮੇਲ-ਜੋਲ ਰਖਣ ਵਾਲੇ ਆਦਮੀ ਨੂੰ ਬੇ-ਦਰਦੀ ਨਾਲ ਮਾਰਿਆ ਹੋਵੇਗਾ, ਤਾਂ ਉਹਦੇ ਹੱਥੋਂ ਜ਼ਿੰਦਗੀ ਛੁੱਟ ਛੁੱਟ ਪਵੇਗੀ, ਤੇ ਉਹਦੀ ਬੇਕਰਾਰੀ ਉਹਨੂੰ ਨਵੀਂ ਜ਼ਿੰਦਗੀ ਦਾ ਸਵਰਗ ਮਾਣਨ ਨਹੀਂ ਦੇਵੇਗੀ।

ਜਿਸ ਭਵਿਖ ਦਾ ਉਪਰ ਇਸ਼ਾਰਾ ਹੈ, ਉਹ ਭਵਿਖ ਬਹੁਤ ਦੁਰਾਡਾ ਨਹੀਂ, ਸਦੀਆਂ ਦੀ ਭਵਿਖ-ਬਾਣੀ ਨਹੀਂ — ਸਿਰਫ਼ ਅਗਲੇ ਪੰਜਾਹ ਸਾਲਾਂ ਵਿਚ ਆਉਣ ਵਾਲੀ ਜ਼ਿੰਦਗੀ ਦੇ ਸਾਹਮਣੇ ਮੈਂ ਅੱਜ ਦੀ ਖਿੱਚੋਤਾਣ, ਨਫ਼ਰਤ, ਤੇ ਅੱਜ ਦੇ ਕੌਮੀ ਦਾਅਵਿਆਂ ਨੂੰ ਨੌਜਵਾਨਾਂ ਦੀ ਪੜਚੋਲ ਲਈ ਅੱਗੇ ਕਰਨਾ ਚਾਹਿਆ ਹੈ। ਨੌਜਵਾਨਾਂ ਦੀ ਬਹੁਤੀ ਜ਼ਿੰਦਗੀ ਭਵਿਖ ਵਿਚ ਹੈ, ਉਹਨਾਂ 'ਚੋਂ ਬਹੁਤੇ ਇਹ ਅਗਲੀ ਅੱਧੀ ਸਦੀ ਦੇ ਕਰਦਾਰ ਹੋਣਗੇ। ਨੌਜਵਾਨਾਂ ਲਈ ਬੜਾ ਜ਼ਰੂਰੀ ਹੈ ਕਿ ਉਹ ਇਸ ਤਰ੍ਹਾਂ ਕਾਹਲੀ ਕਾਹਲੀ ਬਦਲਦੇ ਯੁਗ ਵਿਚ, ਤਅੱਸਬਾਂ ਦੇ ਬੋਦੇ ਸਮਿਆਨ ਉਤੇ ਵਕਤ ਤੇ ਮਿਹਨਤ ਜ਼ਾਇਆ ਨਾ ਕਰਨ। ਨਹੀਂ ਤਾਂ ਉਹਨਾਂ ਨੂੰ ਹਸਰਤਾਂ ਵਿਚ ਹੱਥ ਮਲ ਕੇ ਕਹਿਣਾ ਪਵੇਗਾ : "ਕਦੇ

ਪਤਾ ਹੁੰਦਾ !"

ਇਹ ਪਤਾ ਅੱਜ ਲੁਕਿਆ ਹੋਇਆ ਨਹੀਂ। ਦਿਮਾਗ਼ ਖੋਲ੍ਹ ਕੇ ਜ਼ਿੰਦਗੀ ਦੀ ਰਾਹ ਉਤੇ ਸਿੱਧਾ ਵੇਖਿਆਂ, ਅਗਲੇ ਪੰਜਾਹ ਵਰ੍ਹਿਆਂ ਦੀ ਝਾਤੀ ਹੱਛੀ ਖ਼ਾਸੀ ਦਰੁਸਤੀ ਨਾਲ ਲੱਭ ਸਕਦੀ ਹੈ। ਉਸ ਝਾਤੀ ਦੇ ਰੂਬਰੂ ਉਹਨਾਂ ਨੂੰ ਆਪਣੀਆਂ ਹਮਦਰਦੀਆਂ ਤੇ ਆਪਣੇ ਤਅੱਸਬਾਂ ਦੀ ਖੁੱਲ੍ਹੀ ਪੜਚੋਲ ਕਰਨੀ ਚਾਹੀਦੀ ਹੈ।

## ਕੌਮੀਅਤ ਦਾ ਨਿਸਫਲ ਅਹਿਸਾਸ

ਇਸ ਵੇਲੇ ਮੁਸਲਿਮ ਲੀਗ ਕਹਿੰਦੀ ਹੈ, ਕਿ ਉਹ ਮੁਸਲਮਾਨਾਂ ਦੀ ਮਾਂ ਹੈ; ਹੋਰ ਜਿਹੜਾ ਕੋਈ ਮੁਸਲਮਾਨ ਨਾਲ ਹੇਜ ਦੱਸਦਾ ਹੈ ਉਹ ਫਫੇਕੁੱਟਣ ਹੋਵੇਗਾ। ਹਿੰਦੂ ਮਹਾਸਭਾ ਦਾ ਰਾਸ਼ਟਰੀਯ ਸਵੈਮ-ਸੇਵਕ-ਸੰਘ ਤਲਵਾਰਾਂ, ਗੱਤਕਿਆਂ ਤੇ ਅਖਾੜਿਆਂ ਨਾਲ ਤੱਕੜਾ ਹੋ ਕੇ, ਕਿਸੇ ਨੂੰ ਆਪਣੇ ਵਲ ਤੱਕਣਾ ਅਸੰਭਵ ਬਣਾ ਦੇਣ ਦਾ ਆਦਰਸ਼ ਪੇਸ਼ ਕਰ ਰਿਹਾ ਹੈ। ਖ਼ਾਲਸਾ, ਹਿੰਦੂ ਤੇ ਮੁਸਲਮਾਨ ਦੋਹਾਂ ਤੋਂ ਨਿਆਰਾ, ਇਹ ਯਕੀਨ ਰਖਦਾ ਹੈ, ਕਿ ਖੁਆਰ ਹੋ ਕੇ ਸਭ ਨੇ ਉਸੇ ਦੀ ਸ਼ਰਨ ਲੈਣੀ ਹੈ — ਓਹੀ ਬਚੇਗਾ ਜੋ ਖ਼ਾਲਸੇ ਦੀ ਸ਼ਰਨ ਲਏਗਾ।

ਪਿੰਡ ਪਿੰਡ, ਸ਼ਹਿਰ ਸ਼ਹਿਰ ਵਿਚ ਇਹਨਾਂ ਜਥੇਬੰਦੀਆਂ ਨੇ ਮਨੁੱਖਤਾ ਦੀ ਜੱਥੇਬੰਦੀ ਨੂੰ ਟੋਟੇ ਟੋਟੇ ਕਰ ਦਿੱਤਾ ਹੈ।

ਇਕ ਸ਼ਾਮੀਂ ਸੁਖੀ-ਸਾਂਦੀ ਵੱਸਦੇ ਕਲਕੱਤੇ ਵਿਚ, ਪਰਸਪਰ ਵਿਹਾਰ ਦੇ ਇਕਰਾਰ ਕਰਕੇ, ਲੋਕ ਸੁੱਤੇ ਸਨ। ਦੂਜੇ ਦਿਨ ਕਈਆਂ ਨੇ ਇਕੱਠਿਆਂ ਕਿਤੇ ਜਾਣ ਦਾ ਪ੍ਰੋਗਰਾਮ ਬਣਾਇਆ ਸੀ, ਪਰ ਅਜਿਹੀ ਚੰਦਰੀ ਪ੍ਰਭਾਤ ਚੜ੍ਹੀ ਕਿ ਹਿੰਦੂ, ਮੁਸਲਮਾਨ, ਸਿਖ, ਤਿੰਨਾਂ ਨੇ ਇੱਕ ਦੂਜੇ ਦੇ ਢਿੱਡ ਪਾੜ ਸੁੱਟੇ।

ਬੰਬਈ ਵਿਚ ਸੈਂਕੜੇ ਹਿੰਦੂ ਮੁਸਲਮਾਨ ਲਹੂ-ਲੁਹਾਨ ਹੋ ਗਏ। ਨੋਆਖਲੀ ਵਿਚ ਅਚਾਨਕ ਕਿਆਮਤ ਟੁੱਟ ਪਈ। ਇਸਤ੍ਰੀਆਂ ਗੁੰਮ ਹੋ ਗਈਆਂ, ਬੱਚਿਆਂ ਦੀਆਂ ਲਾਸ਼ਾਂ ਬੇ-ਪਛਾਣ ਖਿਲਰ ਗਈਆਂ। ਜਿਹੜੇ ਮਕਾਨ ਕਲ੍ਹ ਜਿਨ੍ਹਾਂ ਰਾਜਾਂ ਨੇ ਇੱਟ ਇੱਟ ਕਰਕੇ ਜੋੜੇ ਤੇ ਜਿਨ੍ਹਾਂ ਦੀਆਂ ਨੀਹਾਂ ਰਖਣ ਲੱਗਿਆ ਉਹਨਾਂ ਮਠਿਆਈ ਖਾਧੀ ਸੀ, ਉਹ ਮਕਾਨ ਉਹਨਾਂ ਰਾਜਾਂ ਨੇ ਆਪ ਹੀ ਸਾੜ ਦਿੱਤੇ।

ਬਿਹਾਰ ਵਿਚ ਤ੍ਰਾਸ ਤ੍ਰਾਸ ਹੋਣ ਲੱਗ ਪਈ। ਅਹਿੰਸਾ ਨਦੀ ਵਿਚ ਹੜ੍ਹ

ਆ ਗਿਆ । ਗਊਆਂ ਬੱਕਰੀਆਂ ਉਤੇ ਦਇਆ ਕਰਨ ਵਾਲੀਆਂ ਇਸਤ੍ਰੀਆਂ ਦੇ ਪਤੀਆਂ ਨੇ ਉਹਨਾਂ ਦੇ ਸਾਹਮਣੇ ਹਜ਼ਾਰਾਂ ਲੋਕ ਕਤਲ ਕਰ ਦਿੱਤੇ, ਤਰਲੇ ਲੈਂਦੀਆਂ ਅੱਖਾਂ ਵਿਚ ਤਲਵਾਰਾਂ ਦੀਆਂ ਨੋਕਾਂ ਖੋਭ ਦਿੱਤੀਆਂ । ਲੂਲ੍ਹੀਆਂ ਗਊਆਂ ਲਈ ਗਊ ਸ਼ਲਾਵਾਂ ਖੋਲ੍ਹਣ ਵਾਲਿਆਂ ਨੇ ਹਜ਼ਾਰਾਂ ਟੱਬਰਾਂ ਦੇ ਘਰ, ਠੁਰਕਦੇ ਸਹਿਮੇ ਬੱਚਿਆਂ ਦੇ ਸਾਹਮਣੇ ਸੁਆਹ ਕਰ ਦਿੱਤੇ । ਅਜ਼ਲ ਤੋਂ ਦੇਵਤਿਆਂ ਦੀ ਪੂਜਾ ਕਰਨ ਵਾਲੇ ਇਕ ਰਾਤ ਵਿਚ ਵਹਿਸ਼ੀ ਬਣ ਗਏ ।

ਇਹਨਾਂ ਦੀਆਂ ਖ਼ਬਰਾਂ ਸੁਣ ਕੇ ਸਾਰੇ ਮੁਲਕ ਵਿਚ ਸਾਧਾਰਣ ਮਨੁੱਖ ਸਹਿਮ ਗਿਆ । ਘਰੋਂ ਬਾਹਰ ਨਿਕਲਣਾ ਚਿੰਤਾ ਬਣ ਗਈ । ਸਾਰੇ ਮੁਲਕ ਦੀਆਂ ਅੱਖਾਂ ਵਿਚ ਸ਼ੱਕ ਦੀ ਧੁੰਦ ਛਾ ਗਈ — ਸਾਰਾ ਜੀਵਨ ਬੇਰੰਗ ਹੋ ਗਿਆ ।

ਸਰਦਾਰ ਪਟੇਲ ਨੇ ਕਾਂਗਰਸ ਦੇ ਸਾਂਝੇ ਪਲੇਟਫ਼ਾਰਮ ਤੋਂ ਲਲਕਾਰਿਆ, ਕਿ ਤਲਵਾਰ ਨਾਲ ਤਲਵਾਰ ਭਿੜਾਈ ਜਾਏਗੀ । ਸਾਰੀਆਂ ਅਖ਼ਬਾਰਾਂ ਭੂਏ ਚੜ੍ਹ ਗਈਆਂ । ਮਹੱਲਿਆਂ ਵਿਚ ਮਿੱਲਤ ਦੇ ਖਿਦਮਤਗਾਰਾਂ ਤੇ ਰਾਸ਼ਟਰੀਯ ਸਵੈਮ-ਸੇਵਕ-ਸੰਘ ਨੇ ਭਵਾਂ ਚਾੜ੍ਹ ਲਈਆਂ ।

## ਵਿਧਾਨ ਸਭਾ

ਹਾਕਮਾਂ ਨੇ ਮਹਿਕੂਮਾਂ ਨੂੰ ਇਕ ਵਿਧਾਨ ਸਭਾ ਬਣਾਨ ਦੀ ਖੁਲ੍ਹ ਦਿੱਤੀ । ਮਹਿਕੂਮਾਂ ਨੇ ਖ਼ੁਦ-ਮੁਖ਼ਤਾਰੀ ਦਾ ਸਾਂਗ ਰਚਿਆ । ਹਾਕਮ ਹੱਸੇ, ਉਹਨਾਂ ਮੁਖੀਏ ਨੂੰ ਸੱਦ ਕੇ ਭੁਲੇਖਾ ਕੱਢ ਦਿਤਾ ।

ਪਰ ਸਰਦਾਰ ਪਟੇਲ ਦਾ ਇਸ ਵਿਧਾਨ ਸਭਾ ਨਾਲ ਬੜਾ ਇਸ਼ਕ ਹੋ ਗਿਆ ਹੈ । ਉਹਨਾਂ ਆਖਿਆ, ਅਸਮਾਨ ਪਏ ਟੁਟਣ ਤੇ ਧਰਤੀ ਪਈ ਪਾਟੇ, ਵਿਧਾਨ ਸਭਾ ਇਕ ਦਿਨ ਅਗਾਂਹ ਪਿਛਾਂਹ ਨਹੀਂ ਹੋਵੇਗੀ ।

ਧਰਤੀ ਸੱਚੀ ਮੁੱਚੀ ਪਾਟ ਗਈ । ਲੀਗ ਨੇ ਸ਼ਾਮਲ ਹੋਣੋ ਇਨਕਾਰ ਕਰ ਦਿੱਤਾ, ਤੇ ਇੰਗਲਿਸਤਾਨ ਦੀ ਪਾਰਲੀਮੈਂਟ ਨੇ ਕਹਿ ਦਿੱਤਾ, ਕਿ ਕਾਂਗਰਸ ਨੇ ਕੈਬੀਨੈਟ ਮਿਸ਼ਨ ਦਾ ਭਾਵ ਗਲਤ ਸਮਝਿਆ ਹੈ । ਰਿਆਸਤਾਂ ਨੇ ਕਹਿ ਦਿੱਤਾ ਕਿ ਉਹ ਅਜੇ ਕਿਸੇ ਬੁਨਿਆਦੀ ਮੁਆਮਲੇ ਉਤੇ ਬਹਿਸ ਨਹੀਂ ਕਰਨਗੇ ।

ਪਰ ਵਿਧਾਨ ਸਭਾ ਬੜੇ ਸ਼ੋਰ-ਸ਼ਾਰ ਨਾਲ ਕੀਤੀ ਜਾ ਰਹੀ ਹੈ । ਉਨ੍ਹਾਂ ਦੀਆਂ ਫ਼ੌਜਾਂ ਸਾਹਮਣੇ ਆਜ਼ਾਦੀ ਦੇ ਕਿਲ੍ਹੇ ਹਵਾ ਵਿਚ ਉਸਾਰੇ ਜਾ ਰਹੇ ਹਨ,

ਜਿਨ੍ਹਾਂ ਕਹਿ ਦਿੱਤਾ ਹੈ, ਇਸ ਭੁਲੇਖੇ ਹੇਠਾਂ ਕੀਤੇ ਫ਼ੈਸਲੇ ਕਿਸੇ ਉਤੇ ਠੋਸੇ ਨਹੀਂ ਜਾਣਗੇ।

ਭਵਿਖ ਦੀ ਰਾਹ ਉਤੇ ਨੀਝ ਲਾ ਕੇ ਵੇਖਣ ਵਾਲੇ, ਇਹਨਾਂ ਆਗੂਆਂ ਨੂੰ ਅਫ਼ਸੋਸ ਕਰਦਿਆਂ ਸੁਣ ਸਕਦੇ ਹਨ — "ਕਦੇ ਪਤਾ ਹੁੰਦਾ !"

ਅੱਜ ਹਿੰਦੂ ਸਰਮਾਏਦਾਰ ਮੁਲਕ ਦੀਆਂ ਵੱਡੀਆਂ ਛੋਟੀਆਂ ਅਖ਼ਬਾਰਾਂ ਖ਼ਰੀਦੀ ਜਾ ਰਹੇ ਹਨ, ਅੰਗਰੇਜ਼ੀ ਸਰਮਾਏਦਾਰਾਂ ਨਾਲ ਮਿਲ ਕੇ ਹਿੰਦੁਸਤਾਨੀ ਜਨਤਾ ਨੂੰ ਲੁੱਟਣ ਦੀਆਂ ਤਜਵੀਜ਼ਾਂ ਬਣਾ ਰਹੇ ਹਨ। ਰਲਵੇਂ ਸਰਮਾਏ ਨਾਲ ਕਰਖ਼ਾਨੇ ਖੁੱਲ੍ਹ ਰਹੇ ਤੇ ਚੋਰ-ਮੰਡੀਆਂ ਰਾਹੀਂ ਰੁਪਈਆ ਧੜਾ ਧੜ ਇਕੱਠਾ ਕੀਤਾ ਜਾ ਰਿਹਾ ਹੈ।

ਮੁਸਲਮਾਨ ਸਰਮਾਏਦਾਰ ਈਰਖਾ ਦੇ ਵੱਟ ਖਾ ਕੇ ਆਪਣੇ ਹਮ-ਮਜ਼੍ਹਬਾਂ ਨੂੰ ਭੜਕਾ ਰਹੇ ਹਨ। ਦੰਗਾ, ਫ਼ਸਾਦ, ਖ਼ੂਨ-ਖ਼ਰਾਬਾ ਹਿੰਦੂ ਵਪਾਰੀਆਂ ਨੂੰ ਜ਼ਿੱਚ ਕਰਨਗੇ, ਤੇ ਮਜਬੂਰ ਹੋ ਕੇ ਉਹ ਉਹਨਾਂ ਨਾਲ ਹਿੱਸਾ ਵੰਡਾਣਗੇ। ਉਹ ਸਾਫ਼ ਕਹਿੰਦੇ ਹਨ, ਕਿ ਦਾਲਮੀਏ ਬਿਰਲੇ ਜਨਤਾ ਦੇ ਜੰਗਲ ਦੇ ਤਿੰਨ ਹਿੱਸੇ ਲੈ ਲੈਣ ਤੇ ਖੁੱਲ੍ਹਾ ਸ਼ਿਕਾਰ ਖੇਡਣ, ਉਹ ਕੋਈ ਇਤਰਾਜ਼ ਨਹੀਂ ਕਰਨਗੇ ਜੇ ਚੌਥਾ ਹਿੱਸਾ ਇਸਫ਼ਾਹੀਨੀਆਂ ਨੂੰ ਸੌਂਪ ਦਿੱਤਾ ਜਾਏ। ਪਰ ਭਵਿਖ ਦੇ ਦਰਸ਼ੀ ਨੂੰ ਇਹਨਾਂ ਦੋਹਾਂ ਦੀ ਹਸਰਤ ਹੋਣੀ ਦੇ ਚਿੱਤਰ-ਪੱਟ ਉਤੇ ਸਾਫ਼-ਸਾਫ਼ ਖਿੱਚੀ ਦਿੱਸ ਪਵੇਗੀ।

## ਬੰਦ-ਖ਼ਲਾਸੀ

ਇਹ ਲੁੱਟ-ਘਸੁੱਟ ਓਨਾ ਚਿਰ ਹੀ ਹੈ, ਜਿੰਨਾ ਚਿਰ ਜ਼ਿੰਦਗੀ ਨੂੰ ਬੰਦ-ਖ਼ਲਾਸ ਕਰਨ ਵਾਲਿਆਂ ਨੂੰ ਸਰਮਾਏ ਦੀਆਂ ਸੀਖਾਂ ਪਿੱਛੇ ਬੇ-ਵੱਸ ਰਖਿਆ ਜਾਂਦਾ ਹੈ, ਇਹਨਾਂ ਬੰਦੀ-ਛੋੜਾਂ ਨੇ ਕੈਦਖ਼ਾਨੇ ਦੀਆਂ ਸੀਖਾਂ ਪੰਘਰਾ ਸੁੱਟਣ ਦੀ ਕਾਢ ਕੱਢ ਲਈ ਹੈ, ਸੁਤੰਤ੍ਰ ਹੋ ਕੇ ਇਹ ਮਨੁੱਖ-ਸਨੇਹੀ ਹਵਾ 'ਚੋਂ, ਪਾਣੀ 'ਚੋਂ, ਧਰਤੀ 'ਚੋਂ ਏਨੀ ਦੌਲਤ ਪੈਦਾ ਕਰ ਲੈਣਗੇ, ਕਿ ਲੁੱਟ-ਘਸੁੱਟ ਦਾ ਖ਼ਿਆਲ ਇਨਸਾਨੀ ਜ਼ਿੰਦਗੀ ਵਿਚੋਂ ਉੱਡ ਜਾਏਗਾ ਤੇ ਲੁੱਟ-ਘਸੁੱਟ ਨਾਲ ਸੰਬੰਧਤ ਸੰਸਥਾਵਾਂ, ਫ਼ੌਜਾਂ, ਜੇਲ੍ਹਖ਼ਾਨੇ, ਕਚਹਿਰੀਆਂ, ਹਥਿਆਰ, ਘੋਲ-ਕੁਸ਼ਤੀਆਂ — ਸਭ ਬਹੁਲਤਾ ਦੇ ਸੂਰਜ ਸਾਹਮਣੇ ਰਾਤ ਦੀ ਤ੍ਰੇਲ ਵਾਂਗ ਅਲੋਪ ਹੋ ਜਾਣਗੇ।

ਕਦੇ ਸਮੁੰਦਰਾਂ ਦੇ ਪਾਣੀ ਕਿਸੇ ਚੁਰਾਏ ਹਨ ? ਨਹਿਰਾਂ ਦੇ ਪਾਣੀਆਂ ਤੋਂ ਖ਼ੂਨ ਹੋ ਸਕਦੇ ਹਨ । ਜ਼ਿੰਦਗੀ ਦੌਲਤ ਦਾ ਅਖੁੱਟ ਸਮੁੰਦਰ ਬਣਨ ਵਾਲੀ ਹੈ ।

ਅੱਜ ਸਾਡੇ ਮੁਲਕ ਦੇ ਸੌ ਘਰਾਂ ਵਿਚੋਂ ਪਜੰਤਰ ਘਰ ਮੈਲੇ ਚਿੱਕੜ ਦੇ ਬਣੇ ਹੋਏ ਹਨ ਤੇ ਇਹਨਾਂ ਚਿੱਕੜ ਦੀਆਂ ਕੰਧਾਂ ਪਿੱਛੇ ਜੀਵਨ ਵੀ ਚਿੱਕੜ ਵਰਗਾ ਹੀ ਜੀਵਿਆ ਜਾ ਰਿਹਾ ਹੈ । ਅੱਧੇ ਲੋਕ ਭੁੱਖੇ ਹਨ, ਅੱਧਿਓਂ ਬਹੁਤੇ ਨੰਗੇ ਹਨ ਤੇ ਲੱਗਪੱਗ ਸਾਰੇ ਨਾਖ਼ੁਸ਼ ਹਨ । ਬਹੁਤਿਆਂ ਲਈ ਜ਼ਿੰਦਗੀ ਇੱਕ ਜ਼ਹਿਮਤ ਹੈ — ਖੇੜਾ ਕਦੇ ਉਹਨਾਂ ਵੇਖਿਆ ਨਹੀਂ ।

ਇਸ ਅਣਹੋਂਦ ਦੇ ਹਨੇਰੇ ਵਿਚ ਲੋਕ ਕੌਮੀਅਤਾਂ ਬਣਾਂਦੇ ਹਨ, ਤੇ ਗਿਣਵੀਆਂ ਰੋਟੀਆਂ ਤੇ ਮਿਣਵੇਂ ਪਾਣੀਆਂ ਉਤੇ ਭੁੱਖੀਆਂ ਨਜ਼ਰਾਂ ਨਾਲ ਸ਼ਹਿ ਲਾਂਦੇ ਹਨ । ਸਾਂਝੀ ਦੌਲਤ ਵਧਾਣ ਦੀ ਥਾਂ ਕੌਮੀਅਤਾਂ ਦੀ ਤਾਕਤ ਇੱਕ ਦੂਜੇ ਦੇ ਵਿਰੁਧ ਵਧਾਂਦੇ ਤੇ ਹਥਿਆਰਾਂ ਨਾਲ ਤਕੜੇ ਹੁੰਦੇ ਹਨ । ਜਦੋਂ ਦਾਅ ਲੱਗੇ ਦੂਜਿਆਂ ਦੀ ਥਾਂ ਖੋਂਹਦੇ, ਇਸਤ੍ਰੀਆਂ ਚੁੱਕ ਲਿਆਉਂਦੇ, ਆਦਮੀਆਂ ਨੂੰ ਈਨਾਂ ਮਨਾਂਦੇ ਹਨ । ਇਹ ਕੁਝ ਕਰ ਸਕਣ ਦੀ ਸਮਰਥਾ ਨੂੰ ਰੱਬੀ ਚੋਣ ਸਮਝਦੇ ਹਨ ।

ਜਿੰਨਾ ਬਹੁਤਾ ਬੇ-ਦਰਦੀ, ਓਡਾ ਵੱਡਾ ਉਹ ਜਰਨੈਲ; ਜਿੰਨਾ ਵੱਡਾ ਧੋਖੇਬਾਜ਼, ਓਨਾ ਵੱਡਾ ਉਹ ਰਾਜਨੀਤਿੱਗ; ਤੇ ਜਿੰਨਾ ਬਹੁਤਾ ਉਹ ਜਨਤਾ ਦੀ ਸ਼ਖ਼ਸੀਅਤ ਨੂੰ ਨਿਗੂਣਾ ਬਣਾ ਸਕਣ ਵਾਲਾ ਹੋਵੇ, ਓਨਾ ਵੱਡਾ ਉਹ ਮਹਾਂਪੁਰਖ ।

ਪਰ ਦੂਰ-ਦਰਸ਼ੀ ਨੌਜਵਾਨ ਵੇਖ ਲੈਣਗੇ, ਕਿ ਦੱਸ ਹੋਰ ਪੜਾਵਾਂ ਬਾਅਦ ਇਹ ਕੀਮਤਾਂ ਬਦਲ ਜਾਣਗੀਆਂ । ਹਥਿਆਰ ਅਜਾਇਬ-ਘਰਾਂ ਦੇ ਸਿਵਾ ਕਿਤੇ ਨਹੀਂ ਵੇਖੇ ਜਾਣਗੇ । ਹੁਣ ਦੇ ਜਰਨੈਲਾਂ ਨੂੰ ਪੁਰਾਣੇ ਡਾਕੂਆਂ ਨਾਲੋਂ ਕੋਈ ਵਡੇਰੀ ਇੱਜ਼ਤ ਨਹੀਂ ਦਿੱਤੀ ਜਾਏਗੀ, ਪੁਰਾਣੇ ਡਾਕੂ ਤੇ ਅੱਜ ਦੇ ਜਰਨੈਲ ਵਿਚ ਸਿਰਫ਼ ਓਨਾ ਹੀ ਫ਼ਰਕ ਹੈ, ਜਿੰਨਾ ਕਿਸੇ ਹਿੰਦੁਸਤਾਨੀ ਪਿੰਡ ਦੇ ਤੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਦੇ ਜ਼ਬਹ-ਖ਼ਾਨਿਆਂ ਵਿਚ ਹੈ ।

ਓਦੋਂ ਰਾਸ਼ਟਰੀਜ ਸਵੈਮ-ਸੇਵਕ ਤੇ ਮਿੱਲਤ-ਹਿਮੈਤੀ ਹੱਥ ਮਲ ਕੇ ਆਖਣਗੇ : 'ਕਦੇ ਪਤਾ ਹੁੰਦਾ ਕਿ ਦੁਨੀਆ ਨੇ ਐਡੀ ਛੇਤੀ ਇੱਕੋ ਪਰਵਾਰ ਬਣ ਜਾਣਾ ਹੈ, ਤਾਂ ਅਸਾਂ ਕਿਉਂ ਮੁਸਲਮਾਨਾਂ ਦੇ ਢੱਠੇ ਢਾਰਿਆਂ ਤੋਂ ਬੇ-ਧਿਆਨ ਰਹਿ ਕੇ, ਇਹਨਾਂ ਵਿਚ ਜਹਾਲਤ ਦੇ ਕੀੜੇ ਕੁਰਬੁਲ ਕੁਰਬੁਲ ਕਰਨ ਦਿੱਤੇ ।

ਸਾਨੂੰ ਜੇ ਪਤਾ ਹੁੰਦਾ ਕਿ ਇਹ ਜਹਾਲਤ ਸਾਡੀ ਤਰੱਕੀ ਦਾ ਰਾਹ ਰੋਕੇਗੀ ਤੇ ਸਾਡੇ ਕੋਲੋਂ ਇਹ ਹਾਰ ਮਨਾਏਗੀ, ਕਿ 'ਜਿਨਾਹ ਕਿਸੇ ਪਾਸਿਓਂ ਸਾਨੂੰ ਕਦਮ ਪੁੱਟਣ ਨਹੀਂ ਦੇਂਦਾ' ਤਾਂ ਅਸੀਂ ਪਹਿਲੋਂ ਇਹਨਾਂ ਢਾਰਿਆਂ ਨੂੰ ਹੀ ਪੱਕਾ ਕਰ ਦੇਂਦੇ।" ਮੁਸਲਮਾਨ ਆਪਣੇ ਹੱਥੀਂ ਲਾਈਆਂ ਅੱਗਾਂ ਦੇ ਧੂੰਏਂ ਨਾਲ ਬੇ-ਦਮ ਹੋਣ ਦੀ ਮੂਰਖਤਾ ਯਾਦ ਕਰ ਕੇ ਤਲੀਆਂ ਮੱਲਣਗੇ, ਕਿਉਂਕਿ ਉਹਨਾਂ ਦੇ ਆਪਣੇ ਘਰ ਵੀ ਏਸ ਜਵਾਲਾ ਤੋਂ ਨਹੀਂ ਬਚੇ।

ਸਮਝਦਾਰ ਨੌਜਵਾਨਾਂ ਨੂੰ ਪਤਾ ਲੱਗ ਜਾਏਗਾ, ਇਹ ਉਸ ਬੁਨਿਆਦੀ ਸਚਿਆਈ ਦੇ ਅਪਮਾਨ ਦਾ ਸਿੱਟਾ ਹੈ, ਕਿ ਢੱਠੇ ਢਾਰਿਆਂ ਦੀ ਹੋਂਦ ਵਿਚ ਕੋਈ ਮਹਿਲ ਸੁਰਖਿਅਤ ਨਹੀਂ। ਢਾਰਿਆਂ ਦੀ ਸਿਉਂਕ ਕਿਸੇ ਦਿਨ ਕੜੇ ਸ਼ਹਿਤੀਰ ਉਗਲ ਜਾਏਗੀ। ਹਨੇਰੀਆਂ ਕੋਠੜੀਆਂ 'ਚੋਂ ਜ਼ਹਿਰੀਲੀ ਗੈਸ ਉਠ ਕੇ ਸਵੱਛ ਜ਼ਿੰਦਗੀ ਦਾ ਸਾਹ ਰੋਕ ਦੇਵੇਗੀ।

## ਨਰੋਆ ਜੀਵਨ

ਨੌਜਵਾਨਾਂ ਨੂੰ ਯਕੀਨ ਹੋ ਜਾਏਗਾ ਕਿ ਨਰੋਇਆ ਜੀਵਨ ਅਖ਼ੀਰਲੀ ਕੰਗਾਲ-ਕੋਠੜੀ ਨੂੰ ਢਾਹ ਕੇ ਬਣਾਨ ਦੇ ਬਾਅਦ ਹੀ ਯਕੀਨੀ ਹੋ ਸਕਦਾ ਹੈ। ਕੰਗਾਲ-ਕੋਠੜੀ ਭਾਵੇਂ ਹਿੰਦੂ ਦੀ, ਭਾਵੇਂ ਮੁਸਲਮਾਨ ਦੀ, ਜ਼ਿੰਦਗੀ ਦੇ ਰਾਹ ਵਿਚ ਇੱਕ ਬੰਬ ਹੈ — ਪਤਾ ਨਹੀਂ ਕਦੋਂ ਫੱਟ ਪਏ, ਤੇ ਸਾਰੀ ਕੀਤੀ ਅਣਕੀਤੀ ਹੋ ਜਾਏ। ਸਾਰੇ ਗੁਨਾਹ, ਕੰਗਾਲਤਾ ਵਿਚੋਂ ਜੰਮਦੇ ਤੇ ਨਿਵੇਕਲੀ ਅਮੀਰੀ ਵਿਚ ਮੁਕੰਮਲ ਹੁੰਦੇ ਹਨ।

ਜ਼ਿੰਦਗੀ ਦੀ ਅਮੁੱਕ ਅਮੀਰੀ ਹੀ ਵੇਦਾਂ ਗ੍ਰੰਥਾਂ ਵਿਚ ਲਿਖੇ ਤੇ ਮਨੁੱਖ ਹਿਰਦੇ ਵਿਚ "ਤੜਪਦੇ" ਅਮਨ ਨੂੰ ਹੋਂਦ ਵਿਚ ਲਿਆ ਸਕਦੀ ਹੈ, ਉਪਦੇਸ਼ ਤੇ ਧਰਮ-ਪਰਚਾਰ ਮਨੁੱਖ ਨੂੰ ਸਿਰਫ਼ ਠਿੱਠ ਹੀ ਕਰ ਸਕੇ ਹਨ। ਠਿੱਠ ਹੋਏ ਮਨੁੱਖ ਦਾ ਧਾਰਮਿਕ ਨਾਂ ਸ਼ੈਤਾਨ ਹੈ।

ਜ਼ਿੰਦਗੀ ਦਾ ਮਨੋਰਥ ਮਨੁੱਖ-ਜਾਤੀ ਦੀ ਸੰਪੂਰਨਤਾ ਹੈ। ਰੱਬ ਦਾ ਵਿਸ਼ਵਾਸ ਇਸ ਪੂਰਨਤਾ ਦਾ ਨਕਸ਼ਾ ਹੈ, ਉਹ ਮੰਜ਼ਲ ਹੈ ਜਿਹੜੀ ਆਦਮੀ ਨੂੰ ਤੋਰੀ ਲਿਜਾਂਦੀ ਹੈ। ਜਦੋਂ ਮਨੁੱਖ ਰੱਬ ਦੀਆਂ ਸਿਫ਼ਤਾਂ ਬਿਆਨ ਕਰਦਾ ਹੈ, ਓਦੋਂ ਉਹ ਆਪਣੀ ਅੰਤਮ ਮੰਜ਼ਲ ਦਾ ਖ਼ਾਕਾ ਖਿੱਚ ਰਿਹਾ ਹੁੰਦਾ ਹੈ।

ਅਮਨ, ਨੇਕੀ, ਮੁਹਬਤ ਜ਼ਿੰਦਗੀ ਦੀਆਂ ਸਦੀਵੀ ਤਾਂਘਾਂ ਹਨ । ਨਬੀਆਂ ਅਵਤਾਰਾਂ ਨੇ ਇਹਨਾਂ ਦਾ ਹੀ ਸੁਪਨਾ ਵੇਖਿਆ ਤੇ ਮਸਤ ਹੋ ਕੇ ਬਿਆਨ ਕੀਤਾ । ਪਰ ਜ਼ਿੰਦਗੀ ਅਮਲਾਂ ਦਾ ਅਖਾੜਾ ਹੈ, ਉਪਦੇਸ਼ਾਂ ਇਲਹਾਮਾਂ ਦੇ ਚੱਲ-ਚਿੱਤਰ ਵਰਗੇ ਪਰਛਾਵੇਂ ਇਹਦੇ ਪੱਠਿਆਂ ਉਤੇ ਕੋਈ ਅਸਰ ਨਹੀਂ ਪਾਂਦੇ । ਉਚੇ ਤੋਂ ਉਚੇ ਇਲਹਾਮ ਨੇ ਦੁਨੀਆ ਦੀ ਵੱਢ-ਟੁੱਕ ਵਿਚ ਵਾਧਾ ਹੀ ਕੀਤਾ ਹੈ ।

ਅਮਨ, ਨੇਕੀ ਤੇ ਮੁਹਬਤ ਸਮਾਨਤਾ ਤੇ ਬਹੁਲਤਾ ਦੀ ਮੰਗ ਕਰਦੇ ਹਨ । ਜਦੋਂ ਹਰ ਇਨਸਾਨ ਇਹੋ ਜਿਹਾ ਹੋ ਜਾਏਗਾ, ਜਿਹੋ ਜਿਹਾ ਅੱਜ ਉਹ ਆਪਣੇ ਖ਼ੁਦਾ ਨੂੰ ਖ਼ਿਆਲ ਕਰਦਾ ਹੈ, ਓਦੋਂ ਜ਼ਿੰਦਗੀ ਦਾ ਅਮਨ ਅਣਟੁੱਟ ਹੋ ਜਾਏਗਾ । ਅੱਜ ਦਾ ਇਨਸਾਨ ਰੱਬ ਨੂੰ ਰਹੀਮ ਤੇ ਬਖ਼ਸ਼ਿੰਦ ਮੰਨ ਕੇ ਖ਼ੁਸ਼ ਹੁੰਦਾ ਹੈ; ਜਦੋਂ ਹਰ ਇਨਸਾਨ ਆਪ ਰਹਿਮ ਤੇ ਬਖ਼ਸ਼ਿਸ਼ ਦਾ ਸਰਚਸ਼ਮਾ ਹੋ ਜਾਏਗਾ, ਓਦੋਂ ਜ਼ਿੰਦਗੀ ਆਪਣੇ ਮਨੋਰਥ ਦੀ ਪੂਰਨਤਾ ਦੇ ਮਾਰਗ ਉਤੇ ਚੜ੍ਹੇਗੀ ।

## ਭਵਿੱਖ ਦਾ ਮਨੁੱਖ

ਜਿਹੜੇ ਨੌਜਵਾਨਾਂ ਦੀ ਨੀਝ ਵਧੇਰੇ ਤਿੱਖੀ ਹੈ, ਉਹ ਹਜ਼ਾਰਾਂ ਦੀ ਹੋਣੀ ਦਾ ਅਕਸ ਵੀ ਵੇਖ ਸਕਣਗੇ । ਭਵਿੱਖ ਦੇ ਇਨਸਾਨ ਵਿਚ ਪੀੜ ਪੈਦਾ ਕਰਨ ਲਈ ਸੰਕੋਚ ਵਧਦਾ ਜਾਏਗਾ । ਇੱਕ ਸਮਾਂ ਆਵੇਗਾ ਕਿ ਇਹਦੀ ਰਾਹੀਂ ਕਿਸੇ ਪ੍ਰਿੰਦ ਚਰਿੰਦ ਨੂੰ ਵੀ ਤਕਲੀਫ਼ ਨਹੀਂ ਪਹੁੰਚੇਗੀ । ਮਾਸ ਖਾਣਾ ਏਡਾ ਹੀ ਅਨੋਖਾ ਜਾਪੇਗਾ ਜੇਡੀ ਆਦਮਖ਼ੋਰੀ; ਤੇ ਸ਼ਿਕਾਰ ਖੇਡਣਾ ਐਉਂ ਜਾਪੇਗਾ ਜੀਕਰ ਕਿਸੇ ਬੇ-ਦਿਲ ਬਾਦਸ਼ਾਹ ਦਾ ਸਾਂਵਿਆਂ ਵਿਚ ਨਚਦੀਆਂ ਕੁੜੀਆਂ ਉਤੇ ਗੋਲੀ ਚਲਾਣ ਦਾ ਝੱਲਾ ਰੌਂ ।

ਹਜ਼ਾਰ ਸਾਲਾਂ ਦੇ ਅੰਦਰ ਮਨੁੱਖੀ ਰਹਿਮ ਤੇ ਬਖ਼ਸ਼ਿਸ ਲਾ-ਜਵਾਬ ਹੋ ਜਾਣਗੇ । ਜੋ ਸਿਫ਼ਤਾਂ ਅਮਰ ਹੋਣ ਤੋਂ ਛੁਟ, ਅੱਜ ਰੱਬ ਦੀਆਂ ਕੀਤੀਆਂ ਜਾਂਦੀਆਂ ਹਨ, ਉਹ ਓਦੋਂ ਮਨੁੱਖ ਦੀਆਂ ਹੋਣਗੀਆਂ ।

ਇਹ ਯੁਗ ਸ਼ੁਰੂ ਹੋ ਚੁੱਕਾ ਹੈ । ਇਨਸਾਨੀ ਸ਼ਖ਼ਸੀਅਤ ਦਾ ਸਤਿਕਾਰ ਸੁਹਣੀ ਜ਼ਿੰਦਗੀ ਦੀ ਸ਼ਰਤ ਮੰਨੀ ਜਾ ਰਹੀ ਹੈ । ਹਰ ਇਨਸਾਨ ਅਮਿੱਟ ਜੋਤੀ ਦੀ ਰੌ ਉਤੇ ਇਕ ਲਾਟੂ ਹੈ, ਹਰ ਲਾਟੂ ਜ਼ਿੰਦਗੀ ਦੀ ਰੋਸ਼ਨੀ ਵਧਾ ਸਕਦਾ ਹੈ ।

ਅਗਲੇ ਪੜਾਅ ਉਤੇ ਹਰੇਕ ਇਨਸਾਨ ਨੂੰ ਲਾਸਾਨੀ ਦੌਲਤ ਮੰਨਿਆ ਜਾਏਗਾ।

ਰੱਬ ਵਰਗੀ ਮਿਹਰਬਾਨ-ਦਿਲੀ ਤੇ ਬਖ਼ਸ਼ਿਸ਼ ਪੈਦਾ ਹੋਣ ਤੋਂ ਪਹਿਲਾਂ, ਇਨਸਾਨ ਕੋਲ ਰੱਬ ਵਰਗੀ ਬੇ-ਇੰਤਹਾ ਦੌਲਤ ਉਤੇ ਕਾਬੂ ਹੋਣਾ ਜ਼ਰੂਰੀ ਹੈ। ਇਹ ਕਾਬੂ ਚੋਖੀ ਹੱਦ ਤਕ ਅਗਲੇ ਪੰਜਾਹ ਸਾਲਾਂ ਵਿਚ ਪ੍ਰਾਪਤ ਹੋ ਜਾਏਗਾ। ਹਵਾ ਵਿਚੋਂ ਸਾਰੇ ਕਾਰਖ਼ਾਨਿਆਂ ਲਈ ਤਾਕਤ ਪੈਦਾ ਕੀਤੀ ਜਾਏਗੀ। ਫੇਰ ਜ਼ਮੀਨ ਅੰਦਰ ਦੱਬੇ ਜਾਣ ਦੇ ਖ਼ਤਰੇ ਹੇਠਾਂ ਇਹ ਕੋਇਲਾ ਨਹੀਂ ਪੁੱਟਿਆ ਕਰੇਗਾ। ਸੂਰਜ ਦੀਆਂ ਕਿਰਨਾਂ, ਦਰਿਆ ਦੇ ਪਾਣੀ, ਤੇ ਸਮੁੰਦਰ ਦੇ ਜਵਾਰ-ਭਾਟੇ ਇਹਦੀਆਂ ਸਾਰੀਆਂ ਮਸ਼ੀਨਾਂ ਚਲਾਇਆ ਕਰਨਗੇ।

ਫੇਰ ਤੇਲ ਦੇ ਖੂਹਾਂ ਤੇ ਕੋਇਲੇ ਦੇ ਟੋਇਆਂ ਤੋਂ ਇਹ ਜੀਉਂਦੇ ਦਿਲ ਸਦਕੇ ਨਹੀਂ ਕਰਿਆ ਕਰੇਗਾ। ਸਾਰੀ ਦੁਨੀਆ ਇੱਕ ਵੱਡਾ ਸ਼ਹਿਰ ਬਣ ਜਾਏਗੀ — ਪਰਦੇਸੀ ਨਹੀਂ, ਸਭ ਗਿਰਾਈਂ ਹੋ ਜਾਣਗੇ। ਵਖਰੇ ਦੁਰਾੜੇ ਮਹਾਂਦੀਪ ਮਹੱਲਿਆਂ ਨਾਲੋਂ ਨੇੜੇ ਹੋ ਜਾਣਗੇ।

ਅੱਜ ਪੰਡਤ ਜਵਾਹਰ ਲਾਲ ਸਵੇਰੇ ਲੰਡਨ ਤੋਂ ਉਡਦੇ ਹਨ, ਕਲ੍ਹ ਲੌਢੇ ਵੇਲੇ ਕਰਾਚੀ ਪਹੁੰਚ ਜਾਂਦੇ ਹਨ। ਹਵਾਈ ਜਹਾਜ਼ ਲਈ ਸਸਤੀ ਤਾਕਤ ਲੱਭਣ ਦੀ ਢਿੱਲ ਹੈ, ਇਹ ਦੁਨੀਆ ਉਤੇ ਐਉਂ ਫਿਰਣਗੇ ਜਿਉਂ ਬੰਬਈ ਚਲਕੱਤੇ ਵਿਚ ਟ੍ਰਾਮਾਂ। ਕੌਮਾਂਤ੍ਰੀ ਸ਼ਾਦੀਆਂ ਏਨੀਆਂ ਹੋ ਜਾਣਗੀਆਂ ਕਿ ਕੋਈ ਕੌਮ ਆਪਣਾ ਨਾਂ ਨਹੀਂ ਰਖ ਸਕੇਗੀ।

ਜ਼ਿੰਦਗੀ ਦੀਆਂ ਬਹੁਤੀਆਂ ਤਕਲੀਫ਼ਾਂ ਸਾਥੀਆਂ ਨੂੰ, ਗ਼ੈਰ-ਮਜ਼੍ਹਬ, ਗ਼ੈਰ-ਕੌਮ, ਗ਼ੈਰ-ਮੁਲਕ ਦੇ ਲੋਕਾਂ ਨੂੰ, ਚੰਗੀ ਤਰ੍ਹਾਂ ਨਾ ਸਮਝਣ ਦਾ ਨਤੀਜਾ ਹਨ। ਹਵਾਈ ਜਹਾਜ਼ ਫ਼ਾਸਲੇ ਉਤੇ ਫ਼ਤਹਿ ਪਾਏਗਾ, ਤੇ ਵਕਤ ਵਰਗੀ ਬੇ-ਬਹਾ ਦੌਲਤ ਦਾ ਮਨੁੱਖ ਨੂੰ ਬਾਦਸ਼ਾਹ ਬਣਾਏਗਾ। ਫੇਰ ਗ਼ੈਰ-ਮੁਲਕਾਂ ਨਾਲ ਲੜਨਾ ਤੇ ਕਿਤੇ ਰਿਹਾ, ਦੁਨੀਆ ਦੀ ਸਾਰੀ ਅਬਾਦੀ ਸਾਡੇ ਚੌੜੇ ਹੋਏ ਭਾਈਚਾਰਕ ਜਜ਼ਬਿਆਂ ਲਈ ਕਾਫ਼ੀ ਨਹੀਂ ਰਹੇਗੀ। ਜਦੋਂ ਕਿਸੇ ਇਕ ਮਨੁੱਖ ਦੇ ਸਾਹਮਣੇ ਵੀ ਰੋਟੀ, ਕਪੜੇ, ਰਿਹਾਇਸ਼ ਜਾਂ ਕੰਮ ਦਾ ਸਵਾਲ ਨਹੀਂ ਰਹਿ ਜਾਏਗਾ, ਓਦੋਂ ਮਨੁੱਖ ਦੀ ਸੁਚੱਜੀ ਵਿਹਲ ਵਿਚੋਂ ਵਧੀਆ ਕਿਸਮ ਦੇ ਹੁਨਰ, ਹੁਸਨ ਤੇ ਮੁਹੱਬਤਾਂ ਪੈਦਾ ਹੋਣਗੇ, ਜਿਨ੍ਹਾਂ ਦੇ ਅਭਿਆਸ ਲਈ ਕੁਲ ਅੱਠ ਹਜ਼ਾਰ ਮੀਲ ਵਿਆਸ ਦੀ ਦੁਨੀਆ ਬਹੁਤ ਭੀੜੀ ਹੋ ਜਾਏਗੀ। ਪਹਿਲੋਂ ਮਨੁੱਖ ਆਪਣੇ ਸੂਰਜੀ-ਬਾਨ੍ਹਣੂ ਦੇ ਸਾਰੇ ਸਿਆਰਿਆਂ ਨੂੰ ਜ਼ਿੰਦਗੀ ਵਿਚ ਸ਼ਾਮਲ

ਕਰੇਗਾ, ਫੇਰ ਹੋਰ ਬਾਨ੍ਹਣੂਆਂ ਦੇ ਸਿਆਰਿਆਂ ਨਾਲ ਰਿਸ਼ਤਾ ਜੋੜੇਗਾ।

ਕੋਈ ਗੱਲ ਮਨੁੱਖ ਲਈ ਅਨਹੋਣੀ ਨਹੀਂ। "ਲਖ ਅਕਾਸ਼ਾਂ ਅਕਾਸ਼ — ਲਖ ਪਤਾਲਾਂ ਪਤਾਲ" ਇਹਦੀ ਦਿਲਚਸਪੀ ਦੀ ਹੱਦ ਮੁਕਰਰ ਨਹੀਂ ਕਰ ਸਕਦੇ। ਜਿਹੜਾ ਅੱਜ ਕਿਆਸ ਹੈ, ਉਹ ਕਲ੍ਹ ਹੋਣੀ ਬਣੇਗਾ, ਤੇ ਕਲ੍ਹ ਦੀ ਹੋਣੀ ਪਰਸੋਂ ਦੇ ਕਿਆਸ ਚਿੱਤਰੇਗੀ।

## ਜ਼ਿੰਦਗੀ ਦੇ ਅਸਲੀ ਉਸਰੱਈਏ

ਜ਼ਿੰਦਗੀ ਦੇ ਅਸਲੀ ਉਸਰੱਈਏ ਉਹ ਕੌਮੀ ਆਗੂ ਨਹੀਂ, ਜਿਨ੍ਹਾਂ ਪਹਿਲੋਂ ਹਿੰਦੂਆਂ ਦੇ ਚਾਰ ਟੁੱਕੜੇ ਕੀਤੇ, ਫੇਰ ਸਿਖ, ਮੁਸਲਮਾਨ, ਈਸਾਈ ਧੜੇ ਖੜੇ ਕੀਤੇ, ਤੇ ਹਰ ਇਕ ਨੂੰ ਇਕ ਦੂਜੇ ਦੇ ਦੁਸ਼ਮਣ ਹੋਣ ਦਾ ਅਹਿਸਾਸ ਦਿੱਤਾ।

ਜਿਹੜਾ ਕਾਬੂ ਮਨੁੱਖ ਨੇ ਹੋਣੀ ਉਤੇ ਹਾਸਲ ਕੀਤਾ ਹੈ, ਉਹ ਕੌਮੀ ਆਗੂਆਂ ਦੀ ਤੁਫ਼ੈਲ ਨਹੀਂ, ਉਹਨਾਂ ਵਿਸ਼ਾਲ-ਦਿਲ ਸੁਚੱਜੇ ਮਨੁੱਖਾਂ ਕਰਕੇ ਹੈ, ਜਿਨ੍ਹਾਂ ਦਾ ਕੋਈ ਕੰਮ ਕਿਸੇ ਖ਼ਾਸ ਮੁਲਕ ਜਾਂ ਕੌਮ ਲਈ ਨਹੀਂ ਸੀ। ਡਾਰਵਿਨ, ਨੀਊਟਨ, ਐਡੀਸਨ, ਸਟੀਫਨਸਨ, ਕਾਰਲ ਮਾਰਕਸ ਤੇ ਹੋਰ ਸਿਆਣਿਆਂ ਦੀਆਂ ਅਕਲਾਂ ਦਾ ਨਿਸ਼ਾਨਾ ਨਾ ਆਪਣੀ ਕੌਮ ਤੇ ਨਾ ਆਪਣਾ ਮਜ਼੍ਹਬ ਸੀ। ਸਾਰੀ ਦੁਨੀਆ ਵਿਚ ਉਹਨਾਂ ਦੇ ਵਿਰੋਧੀ ਤੇ ਦੁਸ਼ਮਣ, ਉਹਨਾਂ ਦੀਆਂ ਅਕਲਾਂ ਦੇ ਸਿੱਟੇ ਦੇ ਵਾਰਸ ਹਨ।

ਜ਼ਿੰਦਗੀ ਆਪਣੀ ਵਕਾਲਤ ਲਈ ਉਹਨਾਂ ਆਗੂਆਂ ਦੀ ਮੁਥਾਜ ਨਹੀਂ, ਜਿਹੜੇ ਜ਼ਿੰਦਗੀ ਨੂੰ ਭਰਪੂਰ ਕਰਨ ਦੀ ਥਾਂ ਇਹਦੀ ਖ਼ਿਲਾ ਦੀਆਂ ਵੰਡੀਆਂ ਪਾਣ ਲਈ ਤਲਵਾਰਾਂ ਲਿਸ਼ਕਾ ਰਹੇ ਹਨ।

ਜ਼ਿੰਦਗੀ ਉਸ ਰੋਸ਼ਨ-ਦਿਮਾਗ ਤੇ ਸਾਗਰ-ਚਿੱਤ ਮਨੁੱਖ ਦਾ ਰਾਹ ਤੱਕ ਰਹੀ ਹੈ, ਜਿਹੜਾ ਯਕੀਨ ਕਰਾ ਦੇਵੇਗਾ ਕਿ ਸਾਰੀ ਲੋਕਾਈ ਇਕੋ ਨਿਸ਼ਾਨੇ ਵਲ ਤੁਰੀ ਜਾ ਰਹੀ ਹੈ — ਮਨੁੱਖੀ ਨਸਲ ਦੀ ਸੰਪੂਰਨਤਾ ਦਾ ਨਿਸ਼ਾਨਾ — ਤੇ ਚੰਗੀ ਜੀਵਨ-ਜਾਚ ਇਕ ਦੂਜੇ ਦੀਆਂ ਟੱਕਰਾਂ ਤੋਂ ਸੁਰਖਿਅਤ ਹੋਣ ਲਈ ਢਾਲਾਂ ਸੰਜੋਹਾਂ ਪਹਿਨਣ ਵਿਚ ਨਹੀਂ, ਸਗੋਂ ਇਕ ਦੂਜੇ ਦਾ ਰਾਹ ਛੱਡ ਕੇ ਤੁਰਨ ਦਾ ਢੰਗ ਸੋਚਣ ਵਿਚ ਹੈ।

ਹੰਭੀ ਹਾਰੀ ਜਨਤਾ ਉਸ ਮਨੁੱਖ ਦਾ ਰਾਹ ਤੱਕ ਰਹੀ ਹੈ, ਜਿਹੜਾ

ਯਕੀਨ ਕਰਾ ਦੇਵੇਗਾ, ਕਿ ਸਾਥੀ ਰਾਹੀਆਂ ਨੂੰ ਜੇ ਅਸਾਂ ਸਫ਼ਰ ਦੇ ਲਾਇਕ ਰਹਿਣ ਵਿਚ ਸਹਾਇਤਾ ਨਾ ਕੀਤੀ, ਤਾਂ ਕਦਮ ਕਦਮ ਉਤੇ ਥੱਕ ਕੇ ਬੈਠੇ, ਢੱਠੇ, ਮੋਏ ਸਾਥੀ ਸਾਡੀ ਰਫ਼ਤਾਰ ਹੌਲੀ ਕਰਨਗੇ।

ਕੌਮੀ ਆਗੂਆਂ ਨੇ ਜੀਵਨ-ਮਾਰਗ ਦੇ ਸੱਜੇ-ਖੱਬੇ, ਉਪਰ-ਥੱਲੇ ਬਿਲਕੁਲ ਨਹੀਂ ਵੇਖਿਆ। ਚੌਹੀਂ ਪਾਸੀਂ ਬੇਅੰਤ ਦੌਲਤ ਹੈ, ਜਿਹੜਾ ਚਾਹੇ ਆਪਣੇ ਥੈਲੇ ਭਰ ਲਏ। ਪਰ ਕੌਮੀ ਆਗੂ ਇਹੀ ਸਿਖਾਂਦੇ ਹਨ ਕਿ ਦੌਲਤ ਵਾਲੀਆਂ ਕੌਮਾਂ ਨਾਲ ਪਹਿਲੋਂ ਈਰਖਾ, ਫੇਰ ਦੁਸ਼ਮਣੀ ਕੀਤੀ ਜਾਏ, ਤੇ ਅੰਤ ਵਿਚ ਉਹਨਾਂ ਨੂੰ ਲੁੱਟ ਸਕਣ ਦੀ ਤਾਕਤ ਪੈਦਾ ਕੀਤੀ ਜਾਏ।

ਪਰਸਪਰ ਦੁਸ਼ਮਣੀਆਂ ਤੋਂ ਮਨ ਹਟਾ ਕੇ ਅਮੁੱਕ ਦੌਲਤ ਦੀ ਪੈਦਾਇਸ਼ ਵਿਚ ਤਨ ਮਨ ਲਾ ਦੇਣ ਦੀ ਢਿੱਲ ਹੈ, ਕਿ ਜ਼ਿੰਦਗੀ ਦਾ ਅਪਾਰ ਕ੍ਰਿਸ਼ਮਾ — ਪੁਰ-ਅਮਨ ਤੇ ਮਾਲਾ-ਮਾਲ ਦੁਨੀਆ — ਵਾਪਰੇਗਾ।

ਮੋਟਰ, ਰੇਡੀਓ, ਸਿਨੇਮਾ, ਵਾਇਰਲੈੱਸ, ਹਵਾਈ ਜਹਾਜ਼, ਟੈਲੀਵੀਯਨ, ਪਰਮਾਣੂ-ਸ਼ਕਤੀ ਪਿਛਲੇ ਪੰਜਾਹ ਵਰ੍ਹਿਆਂ ਦੇ ਕੋਈ ਛੋਟੇ ਕ੍ਰਿਸ਼ਮੇ ਨਹੀਂ, ਦਲੇਰ ਤੋਂ ਦਲੇਰ ਕਲਪਨਾ ਵੀ ਇਨ੍ਹਾਂ ਦੀ ਆਸ ਐਡੀ ਛੇਤੀ ਨਹੀਂ ਸੀ ਕਰ ਸਕਦੀ।

ਅਗਲੇ ਪੰਜਾਹ ਸਾਲ ਅਕਲਾਂ ਗੁੰਮ ਕਰਨ ਵਾਲੇ ਇਨਕਲਾਬ ਦਾ ਜ਼ਮਾਨਾ ਹੈ। ਇਸ ਜ਼ਮਾਨੇ ਵਿਚ ਨਾ ਅੱਜ ਵਰਗੀਆਂ ਕੀਮਤਾਂ, ਨਾ ਗਿਣਤੀਆਂ ਹੋਣਗੀਆਂ। ਜਿਨ੍ਹਾਂ ਨੂੰ ਅੱਜ ਸ਼ਰੋਮਣੀ ਸਮਝਿਆ ਜਾਂਦਾ ਤੇ ਜਿਨ੍ਹਾਂ ਦਾ ਸਭ ਤੋਂ ਬਹੁਤਾ ਮੁੱਲ ਪਾਇਆ ਜਾਂਦਾ ਹੈ — ਜੱਜ, ਵਕੀਲ ਤੇ ਮੰਤਰੀ — ਉਹਨਾਂ ਦੀ ਆਉਣ ਵਾਲੀ ਜ਼ਿੰਦਗੀ ਵਿਚ ਕੋਈ ਥਾਂ ਨਹੀਂ ਰਹੇਗੀ, ਤੇ ਜਿਨ੍ਹਾਂ ਨੂੰ ਅੱਜ ਚਿੱਠੀ-ਰਸਾਨਾਂ ਜਿੰਨੀ ਤਨਖ਼ਾਹ ਵੀ ਨਹੀਂ ਦਿੱਤੀ ਜਾਂਦੀ — ਮੁੱਢਲੇ ਸਕੂਲਾਂ ਦੇ ਅਧਿਆਪਕ — ਉਹਨਾਂ ਨੂੰ ਮਹਾਤਮਾਵਾਂ ਵਾਂਗ ਸਤਿਕਾਰਿਆ ਤੇ ਬਾਦਸ਼ਾਹਾਂ ਵਾਂਗ ਰਖਿਆ ਜਾਏਗਾ। ਕਿਉਂਕਿ ਜਿਹੋ ਜਿਹੇ ਇਹ ਹੋਣਗੇ, ਉਹੋ ਜਿਹਾ ਜ਼ਿੰਦਗੀ ਦਾ ਮੁੱਢ ਹੋਵੇਗਾ। ਚੰਗਾ ਮੁੱਢ ਹੀ ਚੰਗੇ ਅੰਤ ਦੀ ਜ਼ਾਮਨੀ ਹੈ।

## ਨਵਾਂ ਸਾਲ ਮੁਬਾਰਕ

ਤੁਹਾਡੀ 'ਪ੍ਰੀਤ-ਲੜੀ' ਦੇ ਚਾਨਣ-ਮੁਨਾਰੇ ਵਿਚੋਂ ਮੈਂ ਆਉਂਦਾ ਯੁਗ

ਤੁਹਾਡੇ ਨਾਲੋਂ ਪਹਿਲੋਂ ਵੇਖ ਰਿਹਾ ਹਾਂ ਤੇ ਨਵੇਂ ਨਾਲ ਦੀਆਂ ਸ਼ੁਭ-ਇੱਛਾਵਾਂ ਦੇ ਨਾਲ ਮੈਂ ਏਸ ਯੁਗ ਦੇ ਮੋਟੇ ਮੋਟੇ ਚਿੰਨ੍ਹ ਪੇਸ਼ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਕਈ ਨਵੇਂ ਸਾਲ ਤੁਹਾਡੇ ਮਾਰਗ ਉਤੇ ਲਿਸ਼ਕਣਗੇ; ਤੇ ਜੇ ਤੁਸੀਂ ਚਾਹੋ ਤਾਂ ਹਰੇਕ ਸਾਲ ਨਵੀਆਂ ਆਸਾਂ ਤੇ ਨਵੀਆਂ ਹੋਣੀਆਂ ਦਰਸਾਏਗਾ। ਅੱਜ ਭਵਿਖ ਦੇਵਤਿਆਂ ਦੀ ਗੋਦ ਵਿਚ ਨਹੀਂ, ਮਨੁੱਖ ਦੇ ਅਮਲਾਂ ਸਾਹਮਣੇ ਨਚ ਰਿਹਾ ਹੈ।

## ਨੌਜਵਾਨਾਂ ਦੀ ਸਿਫ਼ਾਰਸ਼

ਸਾਰੇ ਮੁਲਕਾਂ ਦੀ ਹੋਣੀਆਂ ਭਰੀ ਲੋਕਾਈ ਨੂੰ ਸੁਹਣੀਆਂ ਇੱਛਾਵਾਂ ਤੇ ਡੂੰਘੇ ਪਿਆਰਾਂ ਦੀ ਗਲਵਕੜੀ ਵਿਚ ਲੈ ਕੇ ਆਪਣੇ ਮੁਲਕ ਦੇ ਨੌਜਵਾਨਾਂ ਨੂੰ ਸਿਫ਼ਾਰਸ਼ ਕਰਨਾ ਚਾਹੁੰਦਾ ਹਾਂ ਕਿ ਉਹ ਆਪਣੇ ਮੁਲਕ ਤੇ ਦੁਨੀਆ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਪੜਚੋਲ ਕਰਨ, ਆਪਣੀ ਅਗਵਾਈ ਦੀ ਪੜਚੋਲ ਕਰਨ। ਨੋਆਖਲੀ, ਬਿਹਾਰ, ਕਲਕੱਤੇ, ਬੰਬਈ ਦੇ ਫ਼ਸਾਦਾਂ ਦੀ ਪੜਚੋਲ ਕਰਨ, ਉਹਦੇ ਬਿਆਨ ਦੀ ਪੜਤੋਲ ਕਰਨ ਜਿਹੜਾ ਨੋਆਖਲੀ ਦਾ ਜ਼ਿਕਰ ਤਕ ਨਹੀਂ ਕਰਦਾ, ਤੇ ਉਹਦੇ ਦੀ ਵੀ ਕਰਨ, ਜਿਸ ਦੇ ਤੋਂ ਬਿਹਾਰ ਵਿਚ ਕੁਝ ਹੋਇਆ ਹੀ ਨਹੀਂ ਜਾਪਦਾ। ਸ਼ਿਮਲੇ, ਦਿੱਲੀ, ਲੰਡਨ ਵਿਚ ਹੋਈਆਂ ਕਾਨਫ਼੍ਰੰਸਾਂ ਦੀ ਪੜਚੋਲ ਕਰਨ, ਦਿੱਲੀ ਵਿਚ ਵਿਧਾਨ-ਸਭਾ ਦੀ ਹੁੰਦੀ ਕਾਰਵਾਈ ਦੀ ਪੜਚੋਲ ਕਰਨ, ਸਾਮਰਾਜੀ ਫ਼ੌਜਾਂ ਦੀ ਲਟਕਦੀ ਤਲਵਾਰ ਥੱਲੇ ਆਜ਼ਾਦੀ ਦੇ ਮਤੇ ਦੀ ਪੜਚੋਲ ਕਰਨ, ਤੇ ਕੌਮਾਤ੍ਰੀ ਅਵਸਥਾ ਦਾ ਅਧਿਐਨ ਕਰਨ।

ਮੁਲਕ ਵਿਚ ਥਾਂ ਥਾਂ ਹੜਤਾਲਾਂ ਹੋ ਰਹੀਆਂ ਹਨ, ਇਹਨਾਂ ਦੀ ਤੇ ਇਹਨਾਂ ਨੂੰ ਸਾਮਵਾਦੀਆਂ ਦੀ ਸ਼ਰਾਰਤ ਆਖਣ ਵਾਲਿਆਂ ਦੀ ਨੀਯਤ ਦੀ ਪੜਚੋਲ ਕਰਨ; ਬਿਰਲਿਆਂ, ਡਾਲਮੀਆਂ ਦੇ ਮੁਲਕ ਦੀ ਹੋਣੀ ਉਤੇ ਵਧਦੇ ਕਾਬੂ ਦੀ ਪੜਚੋਲ ਕਰਨ।

ਤੇ ਇਸ ਪੜਚੋਲ ਦੇ ਸਿੱਟੇ ਦਾ ਅਗਲੇ ਪੰਜਾਹ ਵਰ੍ਹਿਆਂ ਦੀ ਜੰਤਰੀ ਨਾਲ਼ ਮੁਕਾਬਲਾ ਕਰਨ।

ਇਸ ਜੰਤਰੀ ਵਿਚ ਅਜੋਕੀ ਰਾਜਨੀਤੀ ਲਈ ਕੋਈ ਥਾਂ ਹੈ? ਕੌਮ, ਮੁਲਕ ਤੇ ਮਜ਼੍ਹਬ, ਝਟਕੇ-ਹਲਾਲ, ਗਊ-ਸੂਰ, ਦੇਸੀ-ਪਰਦੇਸੀ, ਕਿਸੇ ਦੀ ਕੋਈ ਲਕੀਰ ਦਿੱਸਦੀ ਹੈ?

ਅਗਲੇ ਪੰਜਾਹ ਵਰ੍ਹਿਆਂ ਵਿਚ ਇਨਸਾਨ ਨੂੰ ਰਾਜ-ਤਿਲਕ ਮਿਲਣ ਵਾਲਾ ਹੈ। ਇਨਸਾਨਾਂ ਦੇ ਰਾਜ ਵਿਚ ਸਿਰਫ਼ ਉਹੀ ਲੋਕ ਥਾਂ ਪਾ ਸਕਣਗੇ, ਜਿਹੜੇ ਸਾਰੇ ਮਨੁੱਖਾਂ ਨੂੰ ਦੁਨੀਆ ਦਾ ਸਾਂਝੀਵਾਲ ਵੇਖ ਸਕਦੇ ਹਨ, ਜਿਨ੍ਹਾਂ ਲਈ ਹਿੰਦੂ-ਮੁਸਲਮਾਨ ਵੰਡੀਆਂ ਮੁੱਕ ਗਈਆਂ ਹਨ, ਜਿਹੜੇ ਕੀ ਹਿੰਦੂ, ਕੀ ਮੁਸਲਮਾਨ, ਕੀ ਸਿਖ, ਕਿਸੇ ਵੀ ਕਾਰਖ਼ਾਨੇਦਾਰ ਜਾਂ ਜਾਗੀਰਦਾਰ ਦਾ ਲੋਕ-ਹੋਣੀ ਉਤੇ ਕੋਈ ਦਾਅਵਾ ਨਹੀਂ ਰਹਿਣ ਦੇਣਗੇ।

ਤੁਸੀਂ ਹੈਰਾਨ ਹੋ ਜਾਓ, ਜੇ ਕਦੇ ਭਵਿਖ ਦੇ ਪਰਦੇ ਪਿਛੋਂ ਦੱਸ ਸਾਲ ਬਾਅਦ ਦੀ ਝਾਤੀ ਵੇਖ ਸਕੋ। ਸਰਮਾਏਦਾਰੀ ਤੇ ਜਾਗੀਰਦਾਰੀ ਦੇ ਸਾਮਰਾਜ-ਸ਼ਾਹੀ ਕਿਲ੍ਹੇ ਦੀ ਇੱਟ ਇੱਟ ਭੁੰਜੇ ਖਿਲਰੀ ਹੋਵੇਗੀ, ਤੇ ਇਹਨਾਂ ਕਿਲ੍ਹਿਆਂ ਵਿਚੋਂ ਸੁਤੰਤ੍ਰ ਹੋਈ ਮਨੁੱਖਤਾ ਹੜ੍ਹ ਵਾਂਗ ਕੁਦਰਤ ਉਤੇ ਛਾ ਜਾਏਗੀ, ਤੇ ਏਸ ਲੂਲ੍ਹੀ-ਲੰਗੜੀ ਦੁਨੀਆ ਉਤੇ ਨਵੀਂ ਦੁਲ੍ਹਨ ਦਾ ਜੋਬਨ ਠਾਠਾਂ ਮਾਰਦਾ ਹੋਵੇਗਾ।

[ 1947

10385

U.
B
A. S.

# ਗੁਰਬਖ਼ਸ਼ ਸਿੰਘ ਦੀਆਂ ਹੋਰ ਰਚਨਾਵਾਂ

**ਕਹਾਣੀ-ਸੰਗ੍ਰਹਿ —**

ਸ਼ਬਨਮ
ਇਸ਼ਕ ਜਿਨ੍ਹਾਂ ਦੀਂ ਹੱਡੀਂ ਰਚਿਆ
ਭਾਬੀ ਮੈਨਾ
ਵੀਣਾ ਵਿਨੋਦ
ਅਨੋਖੇ ਤੇ ਇਕੱਲੇ
ਪ੍ਰੀਤਾਂ ਦੀ ਪਹਿਰੇਦਾਰ
ਜ਼ਿੰਦਗੀ ਵਾਰਸ ਹੈ
ਰੰਗ-ਸਹਿਕਦਾ ਦਿਲ
ਪ੍ਰੀਤ-ਕਹਾਣੀਆਂ
ਨਾਗ-ਪ੍ਰੀਤ ਦਾ ਜਾਦੂ
ਅਸਮਾਨੀ ਮਹਾਂਨਦੀ

**ਨਾਵਲ —**

ਅਣਵਿਆਹੀ ਮਾਂ
ਰੁੱਖਾਂ ਦੀ ਜੀਰਾਂਦ

**ਲੇਖ-ਸੰਗ੍ਰਹਿ —**

ਖੁੱਲ੍ਹਾ ਦਰ
ਜ਼ਿੰਦਗੀ ਦੀ ਰਾਸ
ਖ਼ੁਸ਼ਹਾਲ ਜੀਵਨ
ਜ਼ਿੰਦਗੀ ਦੀ ਕਵਿਤਾ
ਮਨੋਹਰ ਸ਼ਖ਼ਸੀਅਤ
ਪ੍ਰੀਤ-ਮਾਰਗ
ਸੁਖਾਵੀਂ ਸੁਧਰੀ ਜ਼ਿੰਦਗੀ
ਜ਼ਿੰਦਗੀ ਦੀ ਕਵਿਤਾ
ਨਵਾਂ ਸ਼ਿਵਾਲਾ
ਮੇਰੀਆਂ ਅਭੁੱਲ ਯਾਦਾਂ
ਚਿੱਠੀਆਂ ਜੀਤਾਂ ਦੇ ਨਾਂ
ਪ੍ਰਸੰਨ ਲੰਮੀ ਉਮਰ
ਬੰਦੀ-ਛੋੜ ਗੁਰੂ ਨਾਨਕ
ਨਵੀਂ ਤਕੜੀ ਦੁਨੀਆ
ਭਖਦੀ ਜੀਵਨ ਚੰਗਿਆੜੀ
ਚੰਗੇਰੀ ਦੁਨੀਆ
ਸਰਬ-ਪੱਖੀ ਨਾਇਕ
ਸਾਵੀਂ ਪੱਧਰੀ ਜ਼ਿੰਦਗੀ
ਪਰਮ ਮਨੁੱਖ
ਸ੍ਵੈ-ਪੂਰਨਤਾ ਦੀ ਲਗਨ
ਸਾਡੇ ਵਾਰਸ
ਨਵੀਆਂ ਤਕਦੀਰਾਂ ਦੀ ਫੁੱਲ ਕਿਆਰੀ
ਪ੍ਰਣ ਪੁਸਤਕ
ਗੁਰਬਖ਼ਸ਼ ਸਿੰਘ ਅਭਿਨੰਦਨ ਗ੍ਰੰਥ
ਦੁਨੀਆ ਇਕ ਮਹੱਲ
ਗੁਰਬਖ਼ਸ਼ ਸਿੰਘ ਦੇ ਮਹਾਨ ਵਿਚਾਰ

**ਨਾਟਕ —**

ਰਾਜਕੁਮਾਰੀ ਲਤਿਕਾ
ਪ੍ਰੀਤ-ਮੁਕਟ
ਕੋਧਰੇ ਦੀ ਰੋਟੀ

**ਸ੍ਵੈ-ਜੀਵਨੀ —**

ਮੇਰੀ ਜੀਵਨ-ਕਹਾਣੀ-1
ਮੰਜ਼ਲ ਦਿਸ ਪਈ-2
ਜੀਵਨ ਕਹਾਣੀ-3

**ਬਾਲ-ਸਾਹਿਤ —**

ਰੀਝਾਂ ਦੀ ਖੱਡੀ
ਪਰੀਆਂ ਦਾ ਮੋਚੀ
ਤਾਜ ਤੇ ਸਰੂ
ਬੰਮ ਬਹਾਦਰ
ਜੁਗਾਂ ਪੁਰਾਣੀ ਗੱਲ
ਗੁਲਾਬੋ
ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ



ਗੁਰਬਖ਼ਸ਼ ਸਿੰਘ